@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 21 February 2024

VISIT: www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਬੁੱਧਵਾਰ 21 ਫਰਵਰੀ 2024, 6 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ –42, ਅੰਕ 82, qpatrika@gmail.com ਫੋਨ : 9971359517 www.qaumipatrika.org

## ਚੰਡੀਗੜ੍ਹ ਮੇਅਰ ਚੋਣ ਵਿਵਾਦ : ਡੀ.ਵਾਈ ਚੰਦਰਚੂੜ ਨੇ 8 ਅਯੋਗ ਵੋਟਾਂ ਦੀ ਮੁੜ ਗਿਣਤੀ ਦੇ ਦਿੱਤੇ ਹੁਕਮ

**ਸਿਮੀ ਕੌਰ ਬੱਬਰ**

ਨਵੀਂ ਦਿੱਲੀ 20 ਫਰਵਰੀ। ਚੰਡੀਗੜ੍ਹ ਮੇਅਰ ਚੋਣ ਵਿਵਾਦ 'ਚ ਮੰਗਲਵਾਰ ਨੂੰ ਹੋਈ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਰਿਟਰਨਿੰਗ ਅਫਸਰ ਅਨਿਲ ਮਸੀਹ ਨੂੰ ਸਖਤ ਫਟਕਾਰ ਲਗਾਈ। ਚੀਫ ਜਸਟਿਸ ਡੀ.ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਨੇ ਭਾਜਪਾ ਅਤੇ 'ਆਪ' ਵਿਚਾਲੇ ਵਿਵਾਦ 'ਚ 8 ਰੱਦ ਕੀਤੀਆਂ ਗਈਆਂ ਵੋਟਾਂ ਦੀ ਜਾਂਚ ਕੀਤੀ। ਅਦਾਲਤ ਨੇ ਕਿਹਾ ਕਿ ਇਨ੍ਹਾਂ ਵੋਟਾਂ ਦੀ ਗਿਣਤੀ ਦੁਬਾਰਾਂ ਕਰਵਾਈ ਜਾਵੇਗੀ। ਦੱਸ ਦਈਏ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੁਆਰਾ ਨਿਯੁਕਤ ਇੱਕ ਨਿਆਂਇਕ ਅਧਿਕਾਰੀ ਨੇ ਬੈਲਟ ਪੇਪਰਾਂ ਸਮੇਤ ਰਿਕਾਰਡ ਸੁਪਰੀਮ ਕੋਰਟ ਵਿੱਚ ਪੇਸ਼ ਕੀਤਾ। ਸੀ.ਜੇ.ਆਈ. ਨੇ ਰਿਟਰਨਿੰਗ ਅਫਸਰ ਤੋਂ 8 ਬੈਲਟ ਪੇਪਰ ਮੰਗੇ ਅਤੇ ਕਿਹਾ ਕਿ ਉਹ 8 ਅਯੋਗ ਬੈਲਟ ਪੇਪਰ ਦੇਖਣਾ ਚਾਹੁੰਦੇ ਹਨ, ਜਿਸ ਤੋਂ ਬਾਅਦ ਬੈਲਟ ਪੇਪਰ ਅਦਾਲਤ ਨੂੰ ਦਿੱਤੇ ਗਏ। ਇਸ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ 'ਆਪ' ਦੇ ਕੁਲਦੀਪ ਕੁਮਾਰ ਨੂੰ 8 ਬੈਲਟ ਪੇਪਰਾਂ ਵਿੱਚ ਵੋਟਾਂ ਪਈਆਂ ਸਨ। ਅਦਾਲਤ ਨੇ ਸਾਰੀਆਂ ਧਿਰਾਂ ਨੂੰ ਬੈਲਟ ਪੇਪਰ ਦੇਖਣ ਦੀ ਇਜਾਜ਼ਤ



ਦਿੱਤੀ, ਜਿਸ ਤੋਂ ਬਾਅਦ ਮਸੀਹ ਅਤੇ ਉਨ੍ਹਾਂ ਦੇ ਵਕੀਲ ਮੁਕੁਲ ਰੋਹਤਗੀ ਨੇ ਵੀ ਉਨ੍ਹਾਂ ਨੂੰ ਦੇਖਿਆ। ਇਸ ਦੌਰਾਨ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਇਸ ਨੂੰ ਅਦਾਲਤ ਦਾ ਅਪਮਾਨ ਦੱਸਿਆ ਅਤੇ ਇਸ ਨੂੰ ਘਿਨੌਣਾ ਅਪਰਾਧ ਕਰਾਰ ਦਿੱਤਾ। ਇਸ ਦੇ ਨਾਲ ਹੀ ਚੀਫ ਜਸਟਿਸ ਨੇ ਸੁਝਾਅ ਦਿੱਤਾ ਕਿ 8 ਅਯੋਗ ਵੋਟਾਂ ਨੂੰ ਵੀ ਜਾਇਜ ਮੰਨਿਆ ਜਾਵੇ ਅਤੇ ਮੁੜ ਗਿਣਤੀ ਤੋਂ ਬਾਅਦ ਨਤੀਜਾ ਐਲਾਨਿਆ ਜਾਵੇ। ਦੱਸ ਦੇਈਏ ਕਿ ਚੰਡੀਗੜ੍ਹ ਮੇਅਰ ਦੀ ਚੋਣ ਭਾਜਪਾ ਦੇ ਮਨੋਜ ਸੋਨਕਰ ਨੇ 16 ਵੋਟਾਂ ਨਾਲ ਜਿੱਤੀ ਸੀ। ਉਨ੍ਹਾਂ ਨੇ ਆਮ ਆਦਮੀ ਪਾਰਟੀ-ਕਾਂਗਰਸ ਗਠਜੋੜ ਦੇ ਉਮੀਦਵਾਰ ਕੁਲਦੀਪ ਕੁਮਾਰ ਨੂੰ ਹਰਾਇਆ, ਜਿਨ੍ਹਾਂ ਨੂੰ 12 ਵੋਟਾਂ ਮਿਲੀਆਂ। ਇਸ ਮਾਮਲੇ ਵਿੱਚ ਉਦੋਂ ਵਿਵਾਦ ਖੜ੍ਹਾ ਹੋ ਗਿਆ ਜਦੋਂ ਰਿਟਰਨਿੰਗ ਅਫਸਰ ਅਨਿਲ ਮਸੀਹ ਨੇ ਗਠਜੋੜ ਦੇ ਭਾਈਵਾਲਾਂ ਦੀਆਂ ਅੱਠ ਵੋਟਾਂ ਨੂੰ ਅਯੋਗ ਕਰਾਰ ਦੇ ਦਿੱਤਾ। ਜਿਸ ਤੋਂ ਬਾਅਦ ਬੈਲਟ ਪੇਪਰ ਵਿੱਚ ਛੇੜਛਾੜ ਦੇ ਦੋਸ਼ ਲੱਗਣੇ ਸ਼ੁਰੂ ਹੋ ਗਏ। ਮੇਅਰ ਚੋਣਾਂ ਵਿੱਚ ਇਨ੍ਹਾਂ ਵੋਟਾਂ ਦੀ ਮੁੜ ਗਿਣਤੀ ਤੋਂ ਬਾਅਦ ਮੇਅਰ ਦੇ ਅਹੁਦੇ ਦੀ ਦੌੜ ਵਿੱਚ ਆਮ ਆਦਮੀ ਪਾਰਟੀ ਅਤੇ ਕਾਂਗਰਸ ਗਠਜੋੜ ਨੂੰ ਸਪੱਸ਼ਟ ਜਿੱਤ ਮਿਲੇਗੀ। ਇਹ ਸਾਰੀਆਂ ਵੋਟਾਂ ਬਿਨਾਂ ਕਿਸੇ ਠੋਸ ਕਾਰਨ ਦੇ ਰੱਦ ਕਰ ਦਿੱਤੀਆਂ ਗਈਆਂ ਸਨ।

## ਕਾਂਗਰਸ ਨਹੀਂ ਛੱਡਣਗੇ ਕਮਲਨਾਥ, ਉਹ ਨਹੀਂ ਆਉਣਗੇ ਈ.ਡੀ. ਜਾਂ ਸੀ.ਬੀ.ਆਈ ਦੇ ਦਬਾਅ 'ਚ : ਦਿਗਵਿਜੇ ਸਿੰਘ

ਭੋਪਾਲ, 20 ਫਰਵਰੀ। ਕਾਂਗਰਸ ਦੇ ਸੀਨੀਅਰ ਨੇਤਾ ਕਮਲਨਾਥ ਦੇ ਭਾਜਪਾ 'ਚ ਸ਼ਾਮਲ ਹੋਣ ਦੀਆਂ ਅਟਕਲਾਂ ਦੇ ਵਿਚਕਾਰ ਉਨ੍ਹਾਂ ਦੀ ਪਾਰਟੀ ਦੇ ਸਹਿਯੋਗੀ ਦਿਗਵਿਜੇ ਸਿੰਘ ਨੇ



ਐਤਵਾਰ ਨੂੰ ਕਿਹਾ ਕਿ ਕਮਲਨਾਥ ਨੇ ਆਪਣੀ ਸਿਆਸੀ ਯਾਤਰਾ ਸਭ ਤੋਂ ਪੁਰਾਣੀ ਪਾਰਟੀ ਤੋਂ ਸ਼ੁਰੂ ਕੀਤੀ ਸੀ ਅਤੇ ਉਹ ਇਸ ਨੂੰ ਨਹੀਂ ਛੱਡਣਗੇ। ਸਿੰਘ ਨੇ ਕਿਹਾ ਕਿ ਉਹ ਅਤੇ ਹੋਰ ਕਾਂਗਰਸੀ ਆਗੂ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਦੇ ਸੰਪਰਕ 'ਚ ਹਨ। ਰਾਜ ਸਭਾ ਮੈਂਬਰ ਨੇ ਇੱਥੇ ਪੱਤਰਕਾਰਾਂ ਨੂੰ ਕਿਹਾ, 'ਅਸੀਂ ਸਾਰੇ ਕਮਲਨਾਥ ਨੂੰ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਜੀ (ਸੰਜੇ ਗਾਂਧੀ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੋਂ ਬਾਅਦ) ਦਾ ਤੀਜਾ ਪੁੱਤਰ ਮੰਨਦੇ ਹਾਂ' ਸਿੰਘ ਨੇ ਕਿਹਾ, 'ਕਮਲਨਾਥ ਹਮੇਸ਼ਾ ਕਾਂਗਰਸ ਦੇ ਨਾਲ ਰਹੇ ਹਨ। ਉਹ ਇਕ ਸੱਚਾ ਕਾਂਗਰਸੀ ਆਗੂ ਹੈ। ਉਨ੍ਹਾਂ ਨੇ ਮੁੱਖ ਮੰਤਰੀ, ਕੇਂਦਰੀ ਮੰਤਰੀ, ਏ.ਆਈ.ਸੀ.ਸੀ. ਜਨਰਲ ਸਕੱਤਰ ਅਤੇ ਐੱਮ.ਪੀ. ਕਾਂਗਰਸ ਪ੍ਰਧਾਨ ਸਮੇਤ ਸਾਰੇ ਅਹੁਦੇ ਹਾਸਲ ਕੀਤੇ ਹਨ। ਉਨ੍ਹਾਂ ਕਿਹਾ, 'ਕਮਲਨਾਥ ਦਾ ਕਿਰਦਾਰ ਅਜਿਹਾ ਹੈ ਕਿ ਉਹ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.), ਇਨਕਮ ਟੈਕਸ ਵਿਭਾਗ (ਆਈ.ਟੀ.) ਜਾਂ ਸੀ.ਬੀ.ਆਈ. ਵਰਗੀਆਂ ਕੇਂਦਰੀ ਏਜੰਸੀਆਂ ਦੇ ਦਬਾਅ 'ਚ ਨਹੀਂ ਆਉਣਗੇ।

## ਕੋਚਿੰਗ ਕਲਾਸਾਂ ਗਿਆਨ ਦਾ ਮੰਦਰ ਨਹੀਂ : ਧਨਖੜ

ਨਵੀਂ ਦਿੱਲੀ, 20 ਫਰਵਰੀ। ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਵਿਦਿਆਰਥੀਆਂ ਨੂੰ ਚੌਕਸ ਕੀਤਾ ਹੈ ਕਿ ਕੋਚਿੰਗ ਕਲਾਸਾਂ ਅਸਲ ਬੌਧਿਕ ਪ੍ਰਦਰਸ਼ਨ ਦੀ ਬਜਾਏ 'ਜੜਤਾ' ਨੂੰ ਦਰਸਾਉਂਦੀਆਂ ਹਨ। ਇਹ ਗਿਆਨ ਦਾ ਮੰਦਰ ਨਹੀਂ ਹਨ। ਰਾਸ਼ਟਰੀ ਰਾਜਧਾਨੀ ਵਿੱਚ ਇੰਦਰਾ ਗਾਂਧੀ ਨੈਸ਼ਨਲ ਓਪਨ



ਯੂਨੀਵਰਸਿਟੀ (ਇਗਨੂ) ਦੇ ਕਨਵੋਕੇਸ਼ਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਧਨਖੜ ਨੇ ਨੌਜਵਾਨਾਂ ਨੂੰ ਸ਼ੱਕ ਅਤੇ ਅਸੁਰੱਖਿਆ ਦੀਆਂ ਭਾਵਨਾਵਾਂ ਨੂੰ ਦੂਰ ਕਰਨ ਅਤੇ ਮਹਾਨ ਵਿਚਾਰਾਂ ਨੂੰ ਸਟੋਰ ਕਰਨ ਲਈ ਆਪਣੇ ਦਿਮਾਗ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਯਾਦ ਦੁਆਇਆ ਕਿ ਵੱਖੋ-ਵੱਖ ਢੰਗ ਨਾਲ ਸੋਚਣ ਨਾਲ ਨਵੀਨਤਾ ਸੰਭਵ ਹੈ। ਉਪ ਰਾਸ਼ਟਰਪਤੀ ਨੇ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਰਾਹੀਂ ਸਰਕਾਰੀ ਅਹੁਦੇ ਹਾਸਲ ਕਰਨ ਤੋਂ ਇਲਾਵਾ ਹੋਰ ਮੌਕਿਆਂ ਦੀ ਖੋਜ ਕਰਨ ਬਾਰੇ ਵੀ ਸੋਚਣਾ ਚਾਹੀਦਾ ਹੈ।

## ਕਾਂਗਰਸ ਦੀ ਸਿਆਸਤ ਹਿੰਦੂਆਂ ਲਈ ਨਹੀਂ : ਸਰਮਾ

ਹੈਦਰਾਬਾਦ, 20 ਫਰਵਰੀ। ਆਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਕਾਂਗਰਸ ਦੀ ਆਲੋਚਨਾ ਕਰਦੇ ਹੋਏ ਦਾਅਵਾ ਕੀਤਾ ਹੈ ਕਿ ਉਸ ਦੀ ਸਿਆਸਤ ਹਿੰਦੂਆਂ ਲਈ ਨਹੀਂ ਹੈ। ਸਰਮਾ ਲੋਕ



ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਵਿਜੇ ਸੰਕਲਪ ਯਾਤਰਾ ਦੇ ਸ਼ੁਰੂ 'ਚ ਤੇਲੰਗਾਨਾ ਦੇ ਨਿਰਮਲ ਜ਼ਿਲ੍ਹੇ ਦੇ ਭੈਂਸਾ 'ਚ ਮੰਗਲਵਾਰ ਇੱਕ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਸਵਾਲ ਕੀਤਾ ਕਿ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ ਸਮੇਤ ਚੋਟੀ ਦੇ ਕਾਂਗਰਸੀ ਆਗੂ ਸੱਦਾ ਦਿੱਤੇ ਜਾਣ ਦੇ ਬਾਵਜੂਦ ਅਯੁੱਧਿਆ 'ਚ ਰਾਮ ਮੰਦਰ ਸਮਾਗਮ ਵਿੱਚ ਸ਼ਾਮਲ ਕਿਉਂ ਨਹੀਂ ਹੋਏ? ਉਨ੍ਹਾਂ ਦਾਅਵਾ ਕੀਤਾ ਕਿ ਇਹ ਸਮਾਗਮ ਸਿਆਸੀ ਨਹੀਂ ਸੀ।

## ਪ੍ਰਧਾਨ ਮੰਤਰੀ ਮੋਦੀ ਨੇ ਜੰਮੂ-ਕਸ਼ਮੀਰ ਨੂੰ ਦਿੱਤੀ ਵੱਡੀ ਸੌਗਾਤ

**ਨਵਦੀਪ ਸਿੰਘ ਸਾਹਨੀ**

ਜੰਮੂ 20 ਫਰਵਰੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ



ਯਾਨੀ ਕਿ ਅੱਜ ਜੰਮੂ-ਕਸ਼ਮੀਰ ਵਿਚ ਰੇਲਵੇ, ਹਵਾਬਾਜ਼ੀ, ਸਿੱਖਿਆ ਅਤੇ ਸੜਕ ਖੇਤਰਾਂ ਸਮੇਤ 32,000 ਕਰੋੜ ਰੁਪਏ ਤੋਂ ਵੱਧ ਦੇ ਕਈ ਵਿਕਾਸ ਪ੍ਰਾਜੈਕਟਾਂ ਦੀ ਸ਼ੁਰੂਆਤ ਕੀਤੀ। ਜੰਮੂ-ਕਸ਼ਮੀਰ 'ਚ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਅੱਜ ਜੰਮੂ-ਕਸ਼ਮੀਰ ਵਿਕਸਿਤ ਹੋਣ ਦੇ ਸੰਕਲਪ ਨਾਲ ਅੱਗੇ ਵਧ ਰਿਹਾ ਹੈ। ਜੰਮੂ-ਕਸ਼ਮੀਰ ਨੂੰ ਵਿਕਸਿਤ ਕਰਨ ਲਈ ਸਾਡੀ ਸਰਕਾਰ ਗਰੀਬ, ਕਿਸਾਨ, ਯੁਵਾ ਸ਼ਕਤੀ ਅਤੇ ਨਾਰੀ ਸ਼ਕਤੀ 'ਤੇ ਸਭ ਤੋਂ ਜ਼ਿਆਦਾ ਫੋਕਸ ਕਰ ਰਹੀ ਹੈ। ਕਸ਼ਮੀਰ ਦੀਆਂ ਵਾਦੀਆਂ ਵਿਚ ਲੋਕ ਸਵਿਟਜ਼ਰਲੈਂਡ ਜਾਣਾ ਭੁੱਲ ਜਾਣਗੇ। ਨਵਾਂ ਭਾਰਤ, ਆਪਣੀ ਮੌਜੂਦਾ ਪੀੜ੍ਹੀ ਨੂੰ ਆਧੁਨਿਕ ਸਿੱਖਿਆ ਦੇਣ ਲਈ ਜ਼ਿਆਦਾ ਤੋਂ ਜ਼ਿਆਦਾ ਖਰਚ ਕਰ ਰਿਹਾ ਹੈ। ਹੁਣ ਜੰਮੂ-ਕਸ਼ਮੀਰ ਇਕ ਸੰਤੁਲਿਤ ਵਿਕਾਸ ਵੱਲ ਵੱਧ ਰਿਹਾ ਹੈ। ਹੁਣ ਪ੍ਰਦੇਸ਼ ਦਾ ਕੋਈ ਵੀ ਇਲਾਕਾ ਪਿੱਛੇ ਨਹੀਂ ਰਹੇਗਾ, ਸਾਰੇ ਮਿਲ ਕੇ ਅੱਗੇ ਵੱਧਣਗੇ। ਭਾਰਤ ਦੇ ਸੰਵਿਧਾਨ 'ਚ ਜਿਸ ਸਮਾਜਿਕ ਨਿਆਂ ਦਾ ਭਰੋਸਾ ਦਿੱਤਾ ਗਿਆ ਹੈ, ਉਹ ਭਰੋਸਾ ਪਹਿਲੀ ਵਾਰ ਜੰਮੂ-ਕਸ਼ਮੀਰ ਦੇ ਆਮ ਜਨ ਨੂੰ ਵੀ ਮਿਲਿਆ ਹੈ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਜਦੋਂ ਦੇਸ਼ ਵਿਚ ਵੰਦੇ ਭਾਰਤ ਟਰੇਨ ਸ਼ੁਰੂ ਹੋਈ ਤਾਂ ਇਸ ਲਈ ਅਸੀਂ ਜੰਮੂ-ਕਸ਼ਮੀਰ ਨੂੰ ਵੀ ਚੁਣਿਆ। ਮਾਤਾ ਵੈਸ਼ਨੋ ਦੇਵੀ ਤੱਕ ਵੰਦੇ ਭਾਰਤ ਟਰੇਨ ਚਲਾਈ। ਵਿਕਸਿਤ ਹੁੰਦੇ ਜੰਮੂ-ਕਸ਼ਮੀਰ ਨੂੰ ਲੈ ਕੇ ਪੂਰੀ ਦੁਨੀਆ ਵਿਚ ਉਤਸ਼ਾਹ ਹੈ। ਪੂਰੀ ਦੁਨੀਆ ਜੰਮੂ-ਕਸ਼ਮੀਰ ਦੀ ਸੁੰਦਰਤਾ, ਪਰੰਪਰਾ ਅਤੇ ਇੱਥੋਂ ਦੇ ਸੱਭਿਆਚਾਰ ਤੋਂ ਬਹੁਤ ਪ੍ਰਭਾਵਿਤ ਹੈ। ਅੱਜ ਹਰ ਕੋਈ ਜੰਮੂ-ਕਸ਼ਮੀਰ ਆਉਣਾ ਚਾਹੁੰਦਾ ਹੈ। ਪਿਛਲੇ ਇਕ ਦਹਾਕੇ ਵਿਚ ਮਾਤਾ ਵੈਸ਼ਨੋ ਦੇਵੀ ਅਤੇ ਅਮਰਨਾਥ ਗੁਫਾ ਦੇ ਦਰਸ਼ਨਾਂ ਲਈ ਰਿਕਾਰਡ ਗਿਣਤੀ ਵਿਚ ਸੈਲਾਨੀ ਪਹੁੰਚੇ। ਅੱਜ ਭਾਰਤ ਗਰੀਬਾਂ ਨੂੰ ਮੁਫਤ ਰਾਸ਼ਨ, ਪੱਕੇ ਘਰ, ਗੈਸ, ਪਖਾਨੇ ਵਰਗੀਆਂ ਕਈ ਸਹੂਲਤਾਂ ਦੇ ਰਿਹਾ ਹੈ। ਸਾਨੂੰ ਆਉਣ ਵਾਲੇ 5 ਸਾਲਾਂ ਵਿਚ ਭਾਰਤ ਨੂੰ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣਾਉਣਾ ਹੈ।

## ਅਕਾਲੀ-ਭਾਜਪਾ ਗੱਠਜੋੜ 'ਤੇ ਕੈਪਟਨ ਅਮਰਿੰਦਰ ਸਿੰਘ ਦਾ ਵੱਡਾ ਬਿਆਨ

ਪਟਿਆਲਾ 20 ਫਰਵਰੀ। ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਆਖਿਆ ਹੈ ਕਿ ਉਹ ਗੱਠਜੋੜ ਦੇ ਹੱਕ ਵਿਚ ਹਨ। ਉਨ੍ਹਾਂ ਇਥੋਂ ਤੱਕ ਕਿਹਾ ਕਿ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੀ ਗੱਠਜੋੜ ਦੇ ਹੱਕ ਵਿਚ ਹਨ। ਇਸ ਬਾਰੇ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵੀ ਗੱਲਬਾਤ ਕਰਨਗੇ। ਉਨ੍ਹਾਂ ਆਖਿਆ ਕਿ ਅਸੀਂ ਖੁੱਲ੍ਹੇ ਹੱਥਾਂ ਨਾਲ ਗੱਠਜੋੜ ਲਈ ਤਿਆਰ ਹਾਂ। ਸੀਟਾਂ ਦੀ ਵੰਡ ਸਮੇਤ ਹੋਰ ਗੱਲਬਾਤ ਹਾਈਕਮਾਂਡ ਨੇ ਕਰਨੀ ਹੈ। ਉਨ੍ਹਾਂ ਨੂੰ ਪੂਰੀ ਆਸ ਹੈ ਕਿ ਇਹ ਸਭ ਹੋਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇਕਰ ਅਕਾਲੀ ਦਲ ਅਤੇ ਭਾਜਪਾ ਇਕੱਠੇ ਹੋ ਜਾਂਦੇ ਹਨ ਤਾਂ ਇਨ੍ਹਾਂ ਨੂੰ ਕੋਈ ਹਰਾ ਨਹੀਂ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀਆਂ ਨੂੰ ਹਰਾਉਣ ਹੈ ਤਾਂ ਅਕਾਲੀ-ਭਾਜਪਾ ਨੂੰ ਇਕੱਠਿਆਂ ਹੋਣਾ ਹੀ ਪਵੇਗਾ। ਗੱਠਜੋੜ ਨਾਲ ਹੀ ਬਾਕੀਆਂ ਨੂੰ ਹਰਾਇਆ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਸੀਟ ਸ਼ੇਅਰਿੰਗ 'ਤੇ ਅਕਾਲੀ ਦਲ ਨੂੰ ਨਾਲ ਸਹਿਯੋਗ ਕਰਨਾ ਚਾਹੀਦਾ ਹੈ। ਕੈਪਟਨ ਨੇ ਕਿਹਾ ਕਿ ਕੋਡ ਆਫ ਕੰਡਕਟ ਲੱਗੇ ਜਾਂ ਨਾ ਲੱਗੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਮੇਰੀ ਕੋਸ਼ਿਸ਼ ਇਹੋ ਰਹੇਗੀ ਕਿ ਚੋਣਾਂ ਦੇ ਐਲਾਨ ਤੋਂ ਪਹਿਲਾਂ ਗੱਠਜੋੜ ਹੋਵੇ। ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਬਾਰੇ ਆਪਣੇ ਪਹਿਲੇ ਸਟੈਂਟ 'ਤੇ ਅੱਜ ਵੀ ਕਾਇਮ ਹਨ। ਉਹ ਹੁਣ ਭਾਵੇਂ ਭਾਜਪਾ ਵਿਚ ਹਨ ਪਰ ਉਹ ਕਿਸਾਨਾਂ ਬਾਰੇ ਅੱਜ ਵੀ ਆਪਣੇ ਪਹਿਲੇ ਸਟੈਂਡ ਉਤੇ ਹਨ। ਉਨ੍ਹਾਂ ਆਖਿਆ ਕਿ ਕਿਸਾਨਾਂ ਨੂੰ ਪੂਰਾ ਹੱਕ ਹੈ ਕਿ ਉਹ ਦਿੱਲੀ ਵਿਚ ਜਾ ਕੇ ਸ਼ਾਂਤਮਈ ਤਰੀਕੇ ਨਾਲ ਆਪਣਾ ਪੱਖ ਰੱਖ ਸਕਣ। ਉਨ੍ਹਾਂ ਆਖਿਆ ਕਿ ਸਰਕਾਰ ਦੀ ਕਿਸਾਨਾਂ ਨਾਲ ਗੱਲ ਚੱਲ ਰਹੀ ਹੈ। ਮੀਟਿੰਗਾਂ ਦਾ ਦੌਰ ਜਾਰੀ ਹੈ ਅਤੇ ਮਸਲੇ ਦਾ ਹੱਲ ਕਰ ਲਿਆ ਜਾਵੇਗਾ। ਉਨ੍ਹਾਂ ਆਖਿਆ ਕਿ ਉਹ ਇਨ੍ਹਾਂ ਮਸਲਿਆਂ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਕੇ ਜਲਦ ਹੱਲ ਕਰਨ ਦੀ ਅਪੀਲ ਕਰਨਗੇ।

## ਭਲਕੇ ਸ਼ੁਰੂ ਹੋਵੇਗਾ ਹਰਿਆਣਾ ਵਿਧਾਨ ਸਭਾ ਦਾ ਬਜਟ ਸੈਸ਼ਨ

ਹਰਿਆਣਾ 20 ਫਰਵਰੀ। ਹਰਿਆਣਾ ਵਿਧਾਨ ਸਭਾ ਦਾ ਬਜਟ ਸੈਸ਼ਨ ਭਲਕੇ ਯਾਨੀ ਮੰਗਲਵਾਰ ਤੋਂ ਸ਼ੁਰੂ ਹੋਵੇਗਾ। ਰਾਜ 'ਚ ਸਾਲ ਦਾ ਪਹਿਲਾ ਵਿਧਾਨ ਸਭਾ ਸੈਸ਼ਨ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੋਵੇਗਾ। ਇਸ ਤੋਂ ਬਾਅਦ ਭਾਸ਼ਣ 'ਤੇ ਸਦਨ 'ਚ ਆਮ ਚਰਚਾ ਹੋਵੇਗੀ। ਅਸਥਾਈ ਪ੍ਰੋਗਰਾਮ ਅਨੁਸਾਰ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਸ਼ੁੱਕਰਵਾਰ (23 ਫਰਵਰੀ) ਨੂੰ ਰਾਜ ਦਾ ਬਜਟ ਪੇਸ਼ ਕਰਨਗੇ, ਜਿਨ੍ਹਾਂ ਕੋਲ ਵਿੱਤ ਮੰਤਰਾਲਾ ਵੀ ਹੈ। ਹਰਿਆਣਾ 'ਚ ਇਸ ਸਾਲ ਦੇ ਆਖੀਰ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਸ 'ਚ ਖੱਟੜ ਆਪਣੇ ਦੂਜੇ ਕਾਰਜਕਾਲ ਦਾ ਆਖਰੀ ਬਜਟ ਪੇਸ਼ ਕਰਨਗੇ। ਮੁੱਖ ਮੰਤਰੀ ਨੇ ਹਾਲ 'ਚ ਪੱਤਰਕਾਰਾਂ ਨੂੰ ਕਿਹਾ ਸੀ ਕਿ ਸਰਕਾਰ ਦਾ ਧਿਆਨ ਸਮਾਜ ਦੇ ਸਾਰੇ ਵਰਗਾਂ ਦੇ ਕਲਿਆਣ 'ਤੇ ਕੇਂਦਰਿਤ ਹੋਵੇਗਾ। ਉਨ੍ਹਾਂ ਕਿਹਾ ਸੀ ਕਿ ਸਿਹਤ ਦੇਖਭਾਲ, ਸਿੱਖਿਆ, ਗ੍ਰਾਮੀਣ ਵਿਕਾਸ ਅਤੇ ਵਾਤਾਵਰਣ ਵਰਗੇ ਖੇਤਰ ਦਾ ਵੱਧ ਧਿਆਨ ਰੱਖਿਆ ਜਾਵੇਗਾ। ਰਾਜ 'ਚ ਇਸ ਦਰਮਿਆਨ ਵਿਰੋਧੀ ਦਲ ਕਾਂਗਰਸ ਕਈ ਮੁੱਦਿਆਂ 'ਤੇ ਭਾਰਤੀ ਜਨਤਾ ਪਾਰਟੀ (ਭਾਜਪਾ)-ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਗਠਜੋੜ ਨੂੰ ਘੇਰਨ ਦੀ ਤਿਆਰੀ ਕਰ ਰਹੀ ਹੈ। ਪਾਰਟੀ ਵਲੋਂ ਕਿਸਾਨਾਂ ਦੇ ਵਿਰੋਧ ਦਾ ਮੁੱਦਾ ਚੁੱਕਣ ਦੀ ਸੰਭਾਵਨਾ ਹੈ, ਕਿਉਂਕਿ ਹਜਾਰਾਂ ਪ੍ਰਦਰਸ਼ਨਕਾਰੀ ਕਿਸਾਨ ਆਪਣੀਆਂ ਮੰਗਾਂ 'ਤੇ ਦਬਾਅ ਬਣਾਉਣ ਲਈ ਪੰਜਾਬ-ਹਰਿਆਣਾ ਸਰਹੱਦ ਦੇ ਸ਼ੰਭੂ ਅਤੇ ਖਨੌਰੀ ਬਿੰਦੂਆਂ 'ਤੇ ਡੇਰਾ ਲਾਏ ਹੋਏ ਹਨ। ਹਰਿਆਣਾ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ ਨੇ ਖੱਟੜ ਸਰਕਾਰ 'ਤੇ ਸਾਰੇ ਮੋਰਚਿਆਂ 'ਤੇ ਅਸਫਲ ਰਹਿਣ ਦਾ ਦੋਸ਼ ਲਗਾਉਂਦੇ ਹੋਏ ਹਾਲ 'ਚ ਕਿਹਾ ਸੀ ਕਿ ਕਾਂਗਰਸ ਸੈਸ਼ਨ ਦੌਰਾਨ ਬੇਭਰੋਸਗੀ ਪ੍ਰਸਤਾਵ ਲਿਆਏਗੀ।

## ਆਸਾਮ ਦੀ ਡਿਬਰੂਗੜ੍ਹ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਦੀ ਕਥਿਤ ਆਡੀਓ ਵਾਇਰਲ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 20 ਫਰਵਰੀ। ਆਸਾਮ ਦੇ ਡਿਬਰੂਗੜ੍ਹ ਦੀ ਜੇਲ੍ਹ 'ਚ ਬੰਦ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਇਕ ਕਥਿਤ ਆਡੀਓ ਵਾਇਰਲ ਹੋਈ ਹੈ ਜਿਸ ਵਿਚ ਉਸ ਵੱਲੋਂ ਵੱਡੇ ਇਲਜਾਮ ਲਗਾਏ ਜਾ ਰਹੇ ਹਨ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ ਇਕ ਸਾਲ ਤੋਂ ਸਾਡੇ ਨਾਲ ਧੱਕਾ ਕੀਤਾ ਜਾ ਰਿਹਾ ਹੈ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦੇ ਕਮਰੇ ਅਤੇ ਬਾਥਰੂਮ 'ਚ ਗੁਪਤ ਕੈਮਰੇ ਲਗਾਏ ਗਏ ਹਨ। ਇਹ ਕੈਮਰੇ ਬਲਬ ਹੋਲਡਰ 'ਚ ਲਗਾਏ ਗਏ ਹਨ। ਇਸ ਬਾਰੇ ਉਨ੍ਹਾਂ ਨੇ ਇਥੋਂ ਦੇ ਲੋਕਲ ਡੀ.ਐੱਮ. ਨੂੰ ਬੁਲਾ ਕੇ ਇਸ ਘਟਨਾ ਬਾਰੇ ਜਾਣੂ ਕਰਵਾਇਆ ਹੈ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਸਾਡੇ 'ਤੇ ਮੋਬਾਈਲ ਮਿਲਣ ਦਾ ਝੂਠਾ ਪਰਚਾ ਪਾਇਆ ਗਿਆ ਹੈ। ਇਸ ਦੇ ਨਾਲ ਹੀ ਉਸ ਨੇ ਕਿਹਾ ਕਿ ਸਾਨੂੰ ਖਾਣੇ 'ਚ ਵੀ ਕੁੱਝ ਮਿਲਾ ਕੇ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਸੀਂ ਕਦੇ ਵੀ ਮੌਤ ਤੋਂ ਨਹੀਂ ਡਰਦੇ। ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਪਿਛਲੇ 4 ਦਿਨਾਂ ਤੋਂ ਜੇਲ੍ਹ 'ਚ 4-5 ਸਿੰਘਾਂ ਨੇ ਅੰਨ-ਜਲ ਛੱਡਿਆ ਹੋਇਆ ਹੈ। ਜੇਕਰ ਕਿਸੇ ਸਿੰਘ ਦਾ ਕੋਈ ਜਾਨੀ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਦੇਹ ਨੂੰ ਪੰਜਾਬ ਲਿਆ ਕੇ ਉਸ ਦਾ ਸਸਕਾਰ ਕੀਤਾ ਜਾਵੇ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਪਿਛਲੇ ਦਿਨੀਂ ਉਨ੍ਹਾਂ ਦੇ ਸੈੱਲ ਵਿਚ ਇਲੈਕਟ੍ਰੀਸ਼ਨ ਦੇ ਰੂਪ ਵਿਚ ਬੰਦੇ ਭੇਜ ਕੇ ਬਲਬ ਵਿਚ ਗੁਪਤ ਕੈਮਰੇ ਲਗਾਏ ਗਏ। ਅੰਮ੍ਰਿਤਪਾਲ ਨੇ ਕਿਹਾ ਕਿ ਉਸ ਨੇ ਤੇ ਹੋਰ ਸਿੰਘਾਂ ਨੇ ਜੇਲ੍ਹ ਵਿਚ ਭੁੱਖ ਹੜਤਾਲ ਸ਼ੁਰੂ ਕਰ



ਦਿੱਤੀ ਹੈ। ਜੋ ਪਿਛਲੇ ਚਾਰ ਦਿਨਾਂ ਤੋਂ ਚੱਲ ਰਹੀ ਹੈ, ਉਸ ਨੇ ਕਿਹਾ ਕਿ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਜਾਂ ਤਾਂ ਹੁਣ ਉਸ ਨੂੰ ਤੇ ਹੋਰ ਸਿੰਘਾਂ ਨੂੰ ਹੁਣ ਪੰਜਾਬ ਲਿਗਾਇਆ ਜਾਵੇਗਾ ਜਾਂ ਫਿਰ ਸਾਡੀਆਂ ਲਾਸ਼ਾਂ ਹੀ ਹੁਣ ਪੰਜਾਬ ਜਾਣਗੀਆਂ। ਅੰਮ੍ਰਿਤਪਾਲ ਨੇ ਦੋਸ਼ ਲਗਾਇਆ ਕਿ ਉਸ ਦੇ ਜੇਲ੍ਹ ਵਿਚੋਂ ਕੋਈ ਇਤਰਾਜਯੋਗ ਸਮਾਨ ਬਰਾਮਦ ਨਹੀਂ ਹੋਇਆ ਹੈ, ਪੁਲਸ ਨੇ ਉਸ ਨੂੰ ਫਸਾਉਣ ਲਈ ਇਹ ਸਭ ਕੁੱਝ ਕੀਤਾ ਹੈ। ਇਸ ਤੋਂ ਪਹਿਲਾਂ ਆਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਤੋਂ ਸੁਰੱਖਿਆ ਦੀ ਵੱਡੀ ਉਲੰਘਣਾ ਹੋਣ ਦੀ ਸੂਚਨਾ ਮਿਲੀ ਸੀ । ਦਰਅਸਲ ਪੁਲਸ ਨੇ ਦਾਅਵਾ ਕੀਤਾ ਸੀ ਕਿ ਅੰਮ੍ਰਿਤਪਾਲ ਸਿੰਘ ਦੀ ਬੈਰਕ 'ਚੋਂ ਸ਼ਨੀਵਾਰ ਇਕ ਜਾਸੂਸੀ ਕੈਮਰਾ, ਇਕ ਸਮਾਰਟ ਫੋਨ, ਇਕ ਕੀ-ਪੈਡ ਫੋਨ, ਪੈੱਨ ਡਰਾਈਵ, ਬਲਿਊਟੁੱਥ ਹੈੱਡਫੋਨ, ਸਪੀਕਰ, ਇਕ ਸਮਾਰਟ-ਵਾਚ ਅਤੇ ਹੋਰ ਇਤਰਾਜਯੋਗ ਵਸਤਾਂ ਬਰਾਮਦ ਹੋਈਆਂ ਸਨ। ਇਸ ਸਬੰਧੀ 'ਐਕਸ' 'ਤੇ ਜਾਣਕਾਰੀ ਦਿੰਦੇ ਹੋਏ ਆਸਾਮ ਪੁਲਸ ਦੇ ਅਧਿਕਾਰੀ ਜੀ. ਪੀ. ਸਿੰਘ ਨੇ ਕਿਹਾ ਕਿ ਡਿਬਰੂਗੜ੍ਹ ਜੇਲ੍ਹ 'ਚ ਐੱਨ. ਐੱਸ. ਏ. ਅਧੀਨ ਨਜ਼ਰਬੰਦ ਕੈਦੀਆਂ ਦੇ ਸੈੱਲਾਂ 'ਚ ਹੋਣ ਵਾਲੀਆਂ ਗੈਰ- ਕਾਨੂੰਨੀ ਸਰਗਰਮੀਆਂ ਦੀ ਸੂਚਨਾ ਮਿਲਣ 'ਤੇ ਉੱਥੇ ਵਾਧੂ ਸੀ. ਸੀ. ਟੀ. ਵੀ. ਕੈਮਰੇ ਲਾਏ ਗਏ ਸਨ। ਗੈਰ-ਕਾਨੂੰਨੀ ਸਰਗਰਮੀਆਂ ਦੀ ਪੁਸ਼ਟੀ ਹੋਣ 'ਤੇ ਜੇਲ੍ਹ ਸਟਾਫ ਨੇ ਸ਼ਨੀਵਾਰ ਸਵੇਰੇ ਐੱਨ.ਐੱਸ.ਏ. ਸੈੱਲ ਦੇ ਕੰਪਲੈਕਸ ਦੀ ਤਲਾਸ਼ੀ ਲਈ ਸੀ । ਇਸ ਦੌਰਾਨ ਸਿਮ ਵਾਲਾ ਇਕ ਸਮਾਰਟ ਫੋਨ, ਇਕ ਕੀ-ਪੈਡ ਫੋਨ, ਕੀ-ਬੋਰਡ ਵਾਲਾ ਟੀ.ਵੀ. ਰਿਮੋਟ, ਜਾਸੂਸੀ-ਕੈਮ ਪੈੱਨ, ਪੈਨ ਡਰਾਈਵ, ਬਲਿਊਟੁੱਥ ਹੈੱਡਫੋਨ, ਸਪੀਕਰ ਅਤੇ ਇਕ ਸਮਾਰਟ ਘੜੀ ਨੂੰ ਜੇਲ੍ਹ ਸਟਾਫ ਨੇ ਜਬਤ ਕਰ ਲਿਆ ਸੀ। ਇਨ੍ਹਾਂ ਅਣਅਧਿਕਾਰਤ ਵਸਤੂਆਂ ਨੂੰ ਇੱਥੇ ਪਹੁੰਚਾਉਣ ਵਾਲੇ ਸੋਮਿਆਂ ਅਤੇ ਢੰਗ ਦਾ ਪਤਾ ਲਾਇਆ ਜਾ ਰਿਹਾ ਹੈ।



## ਪੁਰਾਣੇ ਝਗੜੇ ਕਾਰਨ ਟਰੱਕ ਡਰਾਈਵਰ ਨੂੰ ਰੋਕ ਕੇ ਕੀਤੀ ਕੁੱਟਮਾਰ

ਫਿਰੋਜ਼ਪੁਰ 20 ਫਰਵਰੀ। ਥਾਣਾ ਤਲਵੰਡੀ ਭਾਈ ਦੇ ਅਧੀਨ ਆਉਂਦੇ ਟੋਲ ਪਲਾਜਾ ਕੋਟ ਕਰੋੜ ਕਲਾਂ ਕੋਲ ਪੁਰਾਣੇ ਝਗੜੇ ਦੇ ਚੱਲਦਿਆਂ ਇਕ ਟਰੱਕ ਡਰਾਈਵਰ ਨੂੰ ਰੋਕ ਕੇ ਉਸ ਦੀ ਕੁੱਟਮਾਰ ਕਰਕੇ ਜ਼ਖਮੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧ ਵਿਚ ਪੁਲਸ ਨੇ 2 ਵਿਅਕਤੀਆਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਿਸ਼ਾਨ ਸਿੰਘ




ਪੁੱਤਰ ਸੁਰਿੰਦਰ ਸਿੰਘ ਵਾਸੀ ਪਿੰਡ ਢਿੱਡੇ ਨੇ ਦੱਸਿਆ ਕਿ ਉਹ ਟਰੱਕ ਡਰਾਈਵਰੀ ਦਾ ਕੰਮ ਕਰਦਾ ਹੈ। ਬੀਤੀ 19 ਜਨਵਰੀ ਨੂੰ ਦੋਸ਼ੀ ਗਗਨਦੀਪ ਸਿੰਘ ਪੁੱਤਰ ਆਗਿਆਕਾਰ ਸਿੰਘ ਵਾਸੀ ਕੋਟ ਕਰੋੜ ਕਲਾਂ, ਸੰਦੀਪ ਸਿੰਘ ਪੁੱਤਰ ਨਛੱਤਰ ਸਿੰਘ ਵਾਸੀ ਸ਼ੇਖਵਾਂ ਨੇ ਉਸ ਨੂੰ ਰੋਕ ਕੇ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ। ਵਜ੍ਹਾ ਰੰਜ਼ਿਸ਼ ਅਤੇ ਪੁਰਾਣਾ ਝਗੜਾ ਹੈ। ਨਿਸ਼ਾਨ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਸ਼ਾਹ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਉਕਤ ਦੋਸ਼ੀਆਂ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਪੰਜਾਬ ਵਿਚ ਇਸ ਦਿਨ ਨਹੀਂ ਮਿਲੇਗਾ ਪੈਟਰੋਲ-ਡੀਜਲ

ਲੁਧਿਆਣਾ 20 ਫਰਵਰੀ। ਪੰਜਾਬ ਭਰ ਦੇ ਪੈਟਰੋਲ ਪੰਪਾਂ ’ਤੇ ਜਨਤਾ ਨੂੰ 22 ਫਰਵਰੀ ਤੱਕ ਲਗਭਗ ਇਕ ਹਫਤੇ ਦੇ ਲੰਬੇ ਸਮੇਂ ਤਕ ਪੈਟਰੋਲ ਅਤੇ ਡੀਜਲ ਦੀ ਭਾਰੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਰਅਸਲ ਪੰਜਾਬ ਪੈਟਰੋਲੀਅਮ ਡੀਲਰ ਐਸੋਸੀਏਸ਼ਨ ਨੇ 20 ਫਰਵਰੀ ਨੂੰ ਪੈਟਰੋਲ ਪੰਪਾਂ ’ਤੇ ਤੇਲ ਕੰਪਨੀਆਂ ਤੋਂ ਪੈਟਰੋਲ ਅਤੇ ਡੀਜਲ ਨਾ ਖਰੀਦਣ ਸਮੇਤ 22 ਨੂੰ ਤੇਲ ਵਿਕਰੀ ਨਾ ਕਰਨ ਦਾ ਐਲਾਨ ਕੀਤਾ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਪੰਜਾਬ ਭਰ ਦੇ ਪੈਟਰੋਲ ਪੰਪ 22 ਫਰਵਰੀ ਨੂੰ ਬੰਦ ਰਹਿਣਗੇ। ਪੈਟਰੋਲੀਅਮ ਡੀਲਰਸ ਐਸੋਸੀਏਸ਼ਨ ਵਲੋਂ ਪਿਛਲੇ ਲਗਭਗ 7 ਸਾਲਾਂ ਤੋਂ ਪੈਟਰੋਲ ਅਤੇ ਡੀਜਲ ਦੀ ਕਮਿਸ਼ਨ ਰਾਸ਼ੀ ਵਿਚ ਕਿਸੇ ਤਰ੍ਹਾਂ ਦਾ ਵਾਧਾ ਨਾ ਹੋਣ ਦੇ ਚੱਲਦੇ ਕੇਂਦਰ ਦੀ ਮੋਦੀ ਸਰਕਾਰ ਖਿ਼ਲਾਫ ਇਹ ਅੰਦੋਲਨ ਛੇੜਿਆ ਹੈ। ਡੀਲਰ ਐਸੋਸੀਏਸ਼ਨ ਵਲੋਂ ਪੈਟਰੋਲੀਅਮ ਕੰਪਨੀਆਂ ਤੋਂ ਤੇਲ ਦੀ ਖਰੀਦ ਅਤੇ ਵਿਕਰੀ ਨਾ ਕਰਨ ਸੰਬੰਧੀ ਜਾਰੀ ਕੀਤੀ ਗਈ ਚਿਤਾਵਨੀ ਵਿਚ ਮੌਜੂਦਾ ਸਮੇਂ ਦੌਰਾਨ ਕਿਸਾਨਾਂ ਵਲੋਂ ਕੇਂਦਰ ਸਰਕਾਰ ਖਿ਼ਲਾਫ ਛੇੜਿਆ ਗਿਆ ਅੰਦੋਲਨ ਵੀ ਅੱਗ ਵਿਚ ਘਿਓ ਦਾ ਕੰਮ ਕਰੇਗਾ ਕਿਉਂਕਿ ਕਿਸਾਨੀ ਅੰਦੋਲਨ ਦੇ ਚੱਲਦੇ ਚੱਕਾ ਜਾਮ ਹੋਣ ਕਾਰਣ ਪੰਜਾਬ ਭਰ ਦੇ ਪੈਟਰੋਲ ਪੰਪਾਂ ’ਤੇ ਤੇਲ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਤ ਹੋਣ ਦਾ ਖਦਸ਼ਾ ਹੈ। ਮਾਮਲੇ ਸਬੰਧੀ ਗੱਲਬਾਤ ਕਰਦੇ ਹੋਏ ਲੁਧਿਆਣਆ ਪੈਟਰੋਲੀਅਮ ਡੀਲਰ ਐਸੋਸੀਏਸ਼ਨ ਦੇ ਚੇਅਰਮੈਨ ਅਸ਼ਕੋ ਕੁਮਾਰ ਸਚਦੇਵਾ ਨੇ ਦਾਅਵਾ ਕੀਤਾ ਕਿ ਪੈਟਰੋਲੀਅਮ ਕਾਰੋਬਾਰੀਆਂ ਵਲੋਂ ਮਜਬੂਰੀ ਵੱਸ 15




ਤੋਂ 22 ਫਰਵਰੀ ਨੂੰ ਪੈਟਰੋਲ ਡੀਜਲ ਦੀ ਖਰੀਦ ਅਤੇ ਵਿਕਰੀ ਨਾ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਪੈਟਰੋਲੀਅਮ ਡੀਲਰ ਕਦੇ ਨਹੀਂ ਚਾਹੁੰਦੇ ਹਨ ਕਿ ਆਮ ਜਨਤਾ ਦੀਆਂ ਰੋਜਾਨਾ ਦੀਆਂ ਲੋੜਾਂ ਦਾ ਅਹਿਮ ਹਿੱਸਾ ਬਣ ਚੁੱਕੇ ਪੈਟਰੋਲ ਅਤੇ ਡੀਜਲ ਦੀ ਕਿੱਲਤ ਦਾ ਸਾਹਮਣਾ ਕਰਨਾ ਪਵੇ ਪਰ ਕਾਰੋਬਾਰੀਆਂ ਦੀ ਵੀ ਮਜਬੂਰੀ ਹੈ ਕਿ ਪਿਛਲੇ 7 ਸਾਲਾਂ ਵਿਚ ਪੈਟਰੋਲੀਅਮ ਕੰਪਨੀਆਂ ਅਤੇ ਕੇਂਦਰ ਸਰਕਾਰ ਵਲੋਂ ਤੇਲ ਦੀ ਵਿਕਰੀ ’ਤੇ ਕਮਿਸ਼ਨ ਵਧਾਉਣ ਸੰਬੰਧੀ ਕੋਈ ਪਹਿਲ ਕਦਮੀਂ ਨਹੀਂ ਕੀਤੀ ਹੈ ਜਦਕਿ ਅੱਗ ਉਗਲਦੀ ਮਹਿੰਗਾਈ ਦੇ ਇਸ ਦੌਰ ਵਿਚ ਜ਼ਿਆਦਾਤਰ ਪੈਟਰੋਲ ਪੰਪਾਂ ਦੇ ਮਾਲਕ ਆਪਣੇ ਖਰਚੇ ’ਤੇ ਤਕ ਕੱਢਣ ਵਿਚ ਅਸੱਮਰਥ ਹੋ ਚੁੱਕੇ ਹਨ। ਚੇਅਰਮੈਨ ਸਚਦੇਵਾ ਨੇ ਕਿਹਾ ਕਿ ਡੀਲਰ ਐਸੋਸੀਏਸ਼ਨ ਵਲੋਂ ਆਪਣੀਆਂ ਸਮੱਸਿਆਵਾਂ ਨੂੰ ਲੈ ਕੇ ਕਈ ਵਾਰ ਕੇਂਦਰ ਸਰਕਾਰ ਨੂੰ ਮੰਗ ਪੱਤਰ ਦੇਣ ਸਮੇਤ ਧਰਨੇ ਪ੍ਰਦਰਸ਼ਨ ਅਤੇ ਪੈਟਰੋਲ ਪੰਪ ਬੰਦ ਕਰਕੇ ਹੜਤਾਲ ’ਤੇ ਜਾਣ ਸੰਬੰਧੀ ਦਿੱਤੀ ਗਈ ਚਿਤਾਵਨੀ ਦਾ ਸਰਕਾਰ ਦੀ ਸਿਹਤ ’ਤੇ ਕੋਈ ਅਸਰ ਨਾ ਹੁੰਦਾ ਦੇਖ ਹੁਣ ਡੀਲਰ ਐਸੋਸੀਏਸ਼ਨ ਆਰ-ਪਾਰ ਦੀ ਲੜਾਈ ਲੜਨ ਦਾ ਮਨ ਬਣਾ ਲਿਆ ਹੈ। ਜਿਸ ਦੇ ਚੱਲਦੇ 20 ਫਰਵਰੀ ਤੋਂ ਡੀਲਰਸ ਐਸੋਸੀਏਸ਼ਨ ਵੱਲੋਂ ਪੰਜਾਬ ਭਰ ਵਿਚ ਪੈਟਰੋਲ ਪੰਪਾਂ ’ਤੇ ਤੇਲ ਕੰਪਨੀਆਂ ਤੋਂ ਤੇਲ ਦੀ ਖਰੀਦ ਅਤੇ 22 ਫਰਵਰੀ ਨੂੰ ਵਿੱਕਰੀ ਪੂਰਨ ਤੌਰ ’ਤੇ ਬੰਦ ਕਰ ਦਿੱਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ 20 ਫਰਵਰੀ ਨੂੰ ਪੈਟਰੋਲ ਪੰਪਾਂ ’ਤੇ ਮੌਜੂਦ ਤੇਲ ਦੇ ਸਟਾਕ ਦੀ ਵਿੱਕਰੀ ਤਾਂ ਕੀਤੀ ਜਾਵੇਗੀ ਪਰ 20 ਫਰਵਰੀ ਨੂੰ ਪੈਟਰੋਲ ਪੰਪ ਪੂਰਨ ਤੌਰ ’ਤੇ ਬੰਦ ਰਹਿਣਗੇ।

## ਪੰਜਾਬ ਦੇ ਮੌਸਮ ਨੂੰ ਲੈ ਕੇ ਜਾਰੀ ਹੋਈ ਵੱਡੀ ਚਿਤਾਵਨੀ, ਹਨੇਰੀ-ਤੂਫਾਨ ਨਾਲ ਮੋਹਲੇਧਾਰ ਮੀਂਹ ਦਾ ਅਲਰਟ

ਚੰਡੀਗੜ੍ਹ/ਜਲੰਧਰ 20 ਫਰਵਰੀ। ਕਿਸਾਨਾਂ ਨੇ ਸੜਕਾਂ ’ਤੇ ਮੋਰਚਾ ਲਾਇਆ ਹੋਇਆ ਹੈ ਅਤੇ ਇਸ ਵਿਚਕਾਰ ਮੌਸਮ ਖਰਾਬ ਹੋਣ ਦੇ ਆਸਾਰ ਬਣ ਗਏ ਹਨ, ਜੋ ਕਿ ਕਿਤੇ ਨਾ ਕਿਤੇ ਪ੍ਰੇਸ਼ਾਨੀ ਖੜ੍ਹੀ ਕਰ ਸਕਦਾ ਹੈ। ਆਗੂਆਂ ਦਾ ਕਹਿਣਾ ਹੈ ਕਿ ਕਿਸਾਨ ਹਰ ਸਥਿਤੀ ਨਾਲ ਨਜਿੱਠਣ ਲਈ ਤਿਆਰੀ ਕਰ ਕੇ ਬਾਰਡਰ ’ਤੇ ਪਹੁੰਚੇ ਹਨ। ਮੌਸਮ ਵਿਗਿਆਨ ਕੇਂਦਰ ਦੇ ਚੰਡੀਗੜ੍ਹ ਸੈਂਟਰ ਵੱਲੋਂ ਪੰਜਾਬ, ਹਰਿਆਣਾ ਤੇ ਦਿੱਲੀ ਦੇ ਮੌਸਮ ਖਰਾਬ ਹੋਣ ਸਬੰਧੀ ਓਰੇਂਜ ਅਤੇ ਯੈਲੋ ਅਲਰਟ ਜਾਰੀ ਕੀਤਾ ਹੈ। ਖਰਾਬ ਮੌਸਮ ਸਬੰਧੀ ਜੋ ਸੰਭਾਵਨਾ ਪ੍ਰਗਟਾਈ ਗਈ ਹੈ, ਉਸਦੇ ਮੁਤਾਬਕ ਓਰੇਂਜ ਦੇ ਇਲਾਵਾ ਯੈਲੋ ਅਲਰਟ ਵੀ ਜਾਰੀ ਕੀਤਾ ਗਿਆ ਹੈ। ਵਿਭਾਗੀ ਸੂਚਨਾ ਮੁਤਾਬਕ ਇਕ ਤਾਜਾ ਪੱਛਮੀ ਗੜਬੜੀ ਪੱਛਮੀ ਹਿਮਾਚਲ ਇਲਾਕੇ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਸ ਦੇ ਮੁਤਾਬਕ ਹਨੇਰੀ ਅਤੇ ਤੂਫਾਨ ਨਾਲ ਮੋਹਲੇਧਾਰ ਮੀਂਹ ਪੈਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ। ਵਿਭਾਗੀ ਚਿਤਾਵਨੀ ਮੁਤਾਬਕ ਪੰਜਾਬ ਵਿਚ 20 ਫਰਵਰੀ ਤੋਂ ਖਰਾਬ ਮੌਸਮ ਦੀ ਸ਼ੁਰੂਆਤ ਹੋਣ ਸਬੰਧੀ ਦੱਸਿਆ ਗਿਆ ਹੈ। ਇਸੇ ਲੜੀ ਵਿਚ 19-20 ਫਰਵਰੀ ਨੂੰ ਓਰੇਂਜ ਅਲਰਟ ਰਹੇਗਾ, ਜਦੋਂ ਕਿ 21 ਫਰਵਰੀ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ ਰਾਜਧਾਨੀ ਦਿੱਲੀ ਤੇ ਹਰਿਆਣਾ ਵਿਚ 19-20 ਫਰਵਰੀ ਨੂੰ ਓਰੇਂਜ ਅਲਰਟ ਰਹੇਗਾ, ਜਦੋਂ ਕਿ 21 ਫਰਵਰੀ ਨੂੰ ਯੈਲੋ ਅਲਰਟ ਦਾ ਐਲਾਨ ਕੀਤਾ ਗਿਆ ਹੈ।

# ਜਨਵਰੀ ‘ਚ ਰਿਕਾਰਡ ਪੱਧਰ ‘ਤੇ ਰਹੀ ਯਾਤਰੀ ਵਾਹਨਾਂ ਦੀ ਵਿਕਰੀ

ਨਵੀਂ ਦਿੱਲੀ 20 ਫਰਵਰੀ। ਦੇਸ ‘ਚ ਸਪੋਰਟਸ ਯੂਟਿਲਿਟੀ ਵਾਹਨਾਂ ਦੀ ਮਜਬੂਤ ਮੰਗ ਦੇ ਕਾਰਨ ਜਨਵਰੀ ‘ਚ ਯਾਤਰੀ ਵਾਹਨਾਂ ਦੀ ਪ੍ਰਚੂਨ ਵਿਕਰੀ ਰਿਕਾਰਡ ਉੱਚ ਪੱਧਰ ‘ਤੇ ਪਹੁੰਚ ਗਈ। ਵਾਹਨ ਡੀਲਰਾਂ ਦੇ ਸੰਗਠਨ ਨੇ ਮੰਗਲਵਾਰ ਨੂੰ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਫੈਡਰੇਸਨ ਆਫ ਆਟੋਮੋਬਾਈਲ ਡੀਲਰਜ ਐਸੋਸੀਏਸਨ () ਦੇ ਅਨੁਸਾਰ ਯਾਤਰੀ ਵਾਹਨ () ਦੀ ਵਿਕਰੀ ਜਨਵਰੀ ਵਿੱਚ ਸਾਲ-ਦਰ-ਸਾਲ 13 ਫੀਸਦੀ ਵਧ ਕੇ 3,93,250 ਯੂਨਿਟ ਹੋ ਗਈ, ਜੋ ਜਨਵਰੀ 2023 ਵਿੱਚ 3,47,086 ਯੂਨਿਟਾਂ ਸੀ। ਦੇ ਪ੍ਰਧਾਨ ਮਨੀਸ ਰਾਜ ਸਿੰਘਾਨੀਆ ਨੇ ਬਿਆਨ ‘ਚ ਕਿਹਾ, “ਵਿਆਹ ਦੇ ਸੀਜਨ ਕਾਰਨ ਨਵੇਂ ਮਾਡਲਾਂ ਦੀ ਸੁਰੂਆਤ, ਵਧੀ ਹੋਈ ਉਪਲਬਧਤਾ, ਪ੍ਰਭਾਵਸਾਲੀ ਮਾਰਕੀਟਿੰਗ, ਖਪਤਕਾਰ ਯੋਜਨਾਵਾਂ ਅਤੇ ਦੀ ਉੱਚ ਮੰਗ ਕਾਰਨ ਵਿਕਰੀ ‘ਚ ਵਾਧਾ ਹੋਇਆ ਹੈ।“ ਸਿੰਘਾਨੀਆ ਨੇ ਇਹ ਵੀ ਕਿਹਾ, “ਅਸਲ ਬਾਜਾਰ ਦੀ ਮੰਗ ਨੂੰ ਬਿਹਤਰ ਢੰਗ ਨਾਲ ਮੇਲਣ ਅਤੇ ਭਵਿੱਖ ਵਿੱਚ ‘ਓਵਰਸਪਲਾਈ’ ਦੇ ਮੁੱਦਿਆਂ ਤੋਂ ਬਚਣ ਲਈ ਨਾਲ ਉਤਪਾਦਨ ‘ਤੇ ਮੁੜ ਗੱਲਬਾਤ ਕਰਨ ਦੀ ਲੋੜ ਹੈ।“ ਉਸਨੇ ਕਿਹਾ ਕਿ (ਅਸਲੀ ਉਪਕਰਣ ਨਿਰਮਾਤਾ) ਨੂੰ ਨਿਰੰਤਰ ਸਫਲਤਾ ਅਤੇ ਸਮੁੱਚੀ ਮਾਰਕੀਟ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਰਣਨੀਤਕ ਉਤਪਾਦਨ ਯੋਜਨਾ ਦੇ ਨਾਲ ਨਵੀਨਤਾ ਨੂੰ ਸੰਤੁਲਿਤ ਕਰਨਾ ਚਾਹੀਦਾ ਹੈ। ਦੇ ਮੁਤਾਬਕ ਜਨਵਰੀ ‘ਚ ਦੋਪਹੀਆ



ਵਾਹਨਾਂ ਦੀ ਵਿਕਰੀ ਸਾਲਾਨਾ ਆਧਾਰ ‘ਤੇ 15 ਫੀਸਦੀ ਵਧ ਕੇ 14,58,849 ਇਕਾਈ ਹੋ ਗਈ। ਪਿਛਲੇ ਮਹੀਨੇ ਵਪਾਰਕ ਵਾਹਨਾਂ ਦੀ ਵਿਕਰੀ 89,208 ਯੂਨਿਟਾਂ ‘ਤੇ ਸਥਿਰ ਰਹੀ। ਇਸ ਦੇ ਨਾਲ ਹੀ ਤਿੰਨ ਪਹੀਆ ਵਾਹਨਾਂ ਦੀ ਪ੍ਰਚੂਨ ਵਿਕਰੀ ਜਨਵਰੀ 2023 ਦੇ 71,325 ਯੂਨਿਟ ਤੋਂ ਪਿਛਲੇ ਮਹੀਨੇ 37 ਫੀਸਦੀ ਵਧ ਕੇ 97,675 ਯੂਨਿਟ ਹੋ ਗਈ। ਟਰੈਕਟਰਾਂ ਦੀ ਵਿਕਰੀ ਸਾਲ ਦਰ ਸਾਲ 21 ਫੀਸਦੀ ਵਧ ਕੇ 88,671 ਯੂਨਿਟ ਹੋ ਗਈ। ਕੁੱਲ ਪ੍ਰਚੂਨ ਵਿਕਰੀ ਜਨਵਰੀ ‘ਚ ਸਾਲ-ਦਰ-ਸਾਲ 15 ਫੀਸਦੀ ਵਧ ਕੇ 21,27,653 ਇਕਾਈ ਹੋ ਗਈ, ਜੋ ਜਨਵਰੀ 2023 ‘ਚ 18,49,691 ਇਕਾਈਆਂ ਸੀ।

## ਸ਼ਰਾਬੀ ਪਤੀ ਦਾ ਕਾਰਾ, ਪਹਿਲਾਂ ਕੀਤੀ ਪਤਨੀ ਦੀ ਕੁੱਟਮਾਰ, ਫਿਰ ਪਿੱਠ ‘ਤੇ ਗਰਮ ਪ੍ਰੈੱਸ ਲਗਾ ਕਰ ‘ਤਾ ਵੱਡਾ ਕਾਂਡ

ਲੁਧਿਆਣਾ 20 ਫਰਵਰੀ। ਥਾਣਾ ਸਲੇਮ ਟਾਬਰੀ ਅਧੀਨ ਆਉਂਦੇ ਪਿੰਡ ਭੱਟੀਆਂ ਬੇਟ ਦੇ ਅਜੀਤ ਨਗਰ ’ਚ ਬੀਤੀ ਰਾਤ ਇਕ ਸ਼ਰਾਬੀ ਪਤੀ ਨੇ ਪਹਿਲਾਂ ਤਾਂ ਆਪਣੀ ਪਤਨੀ ਨਾਲ ਕੁੱਟਮਾਰ ਕੀਤੀ, ਫਿਰ ਉਸ ਦੇ ਕੱਪੜਿਆਂ ਨੂੰ ਅੱਗ ਲਾਉਂਦੇ ਹੋਏ ਗਰਮ ਪ੍ਰੈੱਸ ਉਸ ਦੀ ਪਿੱਠ ’ਤੇ ਲਾਉਂਦੇ ਹੋਏ ਪ੍ਰੈੱਸ ਨਾਲ ਸਿਰ ’ਤੇ ਵਾਰ-ਵਾਰ ਹਮਲਾ ਕਰਕੇ ਉਸ ਨੂੰ ਗੰਭੀਰ ਰੂਪ ਨਾਲ ਜ਼ਖਮੀ ਕਰ ਦਿੱਤਾ ਗਿਆ। ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਥਾਣੇਦਾਰ ਰਾਜ ਕੁਮਾਰ ਨੇ ਦੱਸਿਆ ਕਿ ਪੁਲਸ ਨੂੰ ਸਿਵਲ ਹਸਪਤਾਲ ਤੋਂ ਸੂਚਨਾ ਮਿਲੀ ਕਿ ਇਕ ਗੰਭੀਰ ਰੂਪ ਨਾਲ ਜ਼ਖਮੀ ਅਤੇ ਝੁਲਸੀ ਹੋਈ ਔਰਤ ਹਸਪਤਾਲ ’ਚ ਭਰਤੀ ਹੋਈ ਹੈ। ਔਰਤ ਕਮਲਜੀਤ ਕੌਰ (39) ਨੇ ਦੱਸਿਆ ਕਿ ਉਹ ਇਕ ਪ੍ਰਾਈਵੇਟ ਸਕੂਲ ’ਚ ਸਫਾਈ ਦਾ ਕੰਮ ਕਰਦੀ ਹੈ ਜਦਕਿ ਉਸ ਦਾ ਪਤੀ ਕੁਲਦੀਪ ਸਿੰਘ ਕੋਈ ਵੀ ਕੰਮ ਨਹੀਂ ਕਰਦਾ। ਸਾਰਾ ਦਿਨ ਸ਼ਰਾਬ ਪੀਂਦਾ ਰਹਿੰਦਾ ਹੈ। ਬੀਤੀ ਰਾਤ ਉਸ ਦੇ ਪਤੀ ਨਾਲ ਤੂੰ-ਤੂੰ ਮੈਂ-ਮੈਂ ਹੋ ਗਈ ਅਤੇ ਸ਼ਰਾਬ ’ਚ ਧੁੱਤ ਹੋਏ ਉਸ ਦੇ ਪਤੀ ਨੇ ਪਹਿਲਾਂ ਉਸ ਦੀ ਕੁੱਟਮਾਰ ਕੀਤੀ। ਫਿਰ ਗਰਮ ਪ੍ਰੈੱਸ ਉਸ ਦੀ ਪਿੱਠ ’ਤੇ ਲਾ ਦਿੱਤੀ। ਇੰਨਾ ਹੀ ਨਹੀਂ ਪ੍ਰੈੱਸ ਨਾਲ ਸਿਰ ’ਤੇ ਵੀ ਹਮਲਾ ਕੀਤਾ ਅਤੇ ਬਾਅਦ ’ਚ ਉਸ ਦੇ ਕੱਪੜਿਆਂ ’ਚ ਅੱਗ ਲਾ ਦਿੱਤੀ ਗਈ, ਜਿਸ ਨਾਲ ਔਰਤ ਦਾ ਸਰੀਰ ਕਾਫੀ ਝੁਲਸ ਗਿਆ। ਜਾਂਚ ਅਧਿਕਾਰੀ ਨੇ ਦੱਸਿਆ ਕਿ ਜਿਸ ਤੋਂ ਬਾਅਦ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਔਰਤ ਦੀ ਹਾਲਤ ਨੂੰ ਵੇਖਦੇ ਹੋਏ ਉਸ ਨੂੰ ਫਰੀਦਕੋਟ ਦੇ ਸਰਕਾਰੀ ਹਸਪਤਾਲ ’ਚ ਰੈਫਰ ਕਰ ਦਿੱਤਾ।

# ਤਲਾਕ ਲਈ ਜਿੰਮੇਵਾਰ ਠਹਿਰਾਉਂਦੇ ਹੋਏ ਇੰਜੀਨੀਅਰ ਨੇ ਕੀਤਾ ਮਾਂ ਦਾ ਬੇਰਹਿਮੀ ਨਾਲ ਕਤਲ

ਪੁਣੇ 20 ਫਰਵਰੀ। ਪੁਣੇ ਦੇ ਇਕ ਇੰਜੀਨੀਅਰ ਨੇ ਆਪਣੇ ਹਾਲ ਹੀ ‘ਚ ਹੋਏ ਤਲਾਕ ਲਈ ਆਪਣੀ ਮਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਖੜਕੀ ਪੁਲਸ ਸਟੇਸ਼ਨ ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਇਹ ਘਟਨਾ 10 ਫਰਵਰੀ ਦੇਰ ਰਾਤ ਦੋਸ਼ੀ ਗਿਆਨੇਸ਼ਵਰ ਐੱਸ.ਪਵਾਰ (35) ਦੇ ਰੇਂਜ ਹਿਲਸ ਕੁਆਰਟਰ ‘ਚ ਹੋਈ, ਜੋ ਖੜਕੀ ਗੋਲਾ ਬਾਰੂਦ ਫੈਕਟਰੀ ਦੇ ਦੂਰਸੰਚਾਰ ਵਿਭਾਗ ‘ਚ ਇੰਜੀਨੀਅਰ ਵਜੋਂ ਤਾਇਨਾਤ ਹੈ। ਉਸ ਨੂੰ ਅਹਿਮਦਨਗਰ ਦੇ ਸ਼ਿਰਡੀ ਤੀਰਥ ਨਗਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਰਿਮਾਂਡ ਲਈ ਮੈਜਿਸਟਰੇਟ ਅਦਾਲਤ ‘ਚ ਪੇਸ਼ ਕੀਤਾ ਜਾਵੇਗਾ। ਅਧਿਕਾਰੀਆਂ ਨੇ ਕਿਹਾ ਕਿ ਸ਼ੁਰੂਆਤੀ ਜਾਂਚ ਅਨੁਸਾਰ, ਕੁਝ ਸਮੇਂ ਪਹਿਲੇ ਆਪਣੀ ਪਤਨੀ ਤੋਂ ਤਲਾਕ ਲੈਣ ਤੋਂ ਬਾਅਦ ਪਵਾਰ ਪਰੇਸ਼ਾਨ ਸੀ, ਇਸ ਲਈ ਖੜਕੀ ‘ਚ ਇਕੱਲੇ ਰਹਿ ਰਿਹਾ ਸੀ ਅਤੇ ਕੰਮ ਕਰ ਰਿਹਾ ਸੀ। ਪਿਛਲੇ ਹਫਤੇ ਉਸ ਨੇ ਫੋਨ ‘ਤੇ ਅਹਿਮਦਨਗਰ ਜ਼ਿਲ੍ਹੇ ਦੇ ਸ਼੍ਰੀਰਾਮਪੁਰ ‘ਚ ਰਹਿਣ ਵਾਲੀ 56 ਸਾਲਾ ਆਪਣੀ ਮਾਂ ਗੁਨਫਾਬਾਈ ਐੱਸ. ਪਵਾਰ ਨੂੰ ਮਿਲਣ ਅਤੇ ਉਨ੍ਹਾਂ ਨਾਲ ਕੁਝ ਸਮੇਂ ਬਿਤਾਉਣ ਦੀ ਅਪੀਲ ਕੀਤੀ ਅਤੇ ਉਹ ਤੁਰੰਤ ਸਹਿਮਤ ਹੋ ਗਈ ਪਰ ਅੱਧੀ ਰਾਤ




ਤੋਂ ਠੀਕ ਪਹਿਲੇ ਗਿਆਨੇਸ਼ਵਰ ਨੇ ਇਕ ਤੇਜਧਾਰ ਹਥਿਆਰ ਨਾਲ ਮਾਂ ਦਾ ਗਲਾ ਵੱਢ ਦਿੱਤਾ ਅਤੇ ਆਪਣਾ ਸਾਮਾਨ ਪੈਕ ਕਰ ਕੇ ਅਤੇ ਘਰ ਨੂੰ ਬੰਦ ਕਰ ਕੇ ਤੜਕੇ ਅਪਰਾਧ ਵਾਲੀ ਜਗ੍ਹਾ ਤੋਂ ਦੌੜ ਗਿਆ। ਏ.ਐੱਸ.ਆਈ. ਬੀ.ਆਰ. ਭਾਲੇਰਾਵ ਨੇ ਕਿਹਾ, 11 ਫਰਵਰੀ ਨੂੰ ਗੁਆਂਢੀਆਂ ਨੇ ਬੰਦ ਘਰ ਦੇਖਿਆ ਅਤੇ ਕੁਝ ਗੜਬੜ ਦੇਖਦੇ ਹੋਏ ਪੁਲਸ ਨੂੰ ਬੁਲਾਇਆ। ਜਦੋਂ ਪਵਾਰ ਪਰਿਵਾਰ ਦੇ ਘਰ ‘ਚ ਦਾਖਲ ਹੋਏ ਤਾਂ ਖੜਕੀ ਪੁਲਸ ਨੂੰ ਗੁਨਫਾਬਾਈ ਦੀ ਲਾਸ਼ ਖੂਨ ਨਾਲ ਲੱਥਪੱਥ ਪਈ ਹੋਈ ਮਿਲੀ। ਦੋਸ਼ੀ ਨੂੰ ਅਹਿਮਦਨਗਰ ਦੇ ਸ਼ਿਰਡੀ ਤੀਰਥ ਸ਼ਹਿਰ ਤੋਂ ਫੜ ਲਿਆ ਗਿਆ। ਦੋਸ਼ੀ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ ਅਤੇ ਸੰਕੇਤ ਦਿੱਤਾ ਹੈ ਕਿ ਉਹ ਉਸ ਦੇ ਪ੍ਰਤੀ ਗੁੱਸਾ ਰੱਖਦਾ ਸੀ, ਕਿਉਂਕਿ ਕੁਝ ਸਮੇਂ ਪਹਿਲਾਂ ਹੋਏ ਉਸ ਦੇ ਤਲਾਕ ਲਈ ਉਹ ਜ਼ਿੰਮੇਵਾਰ ਸੀ।

## ਸੜਕ ਸੁਰੱਖਿਆ ਫੋਰਸ ਨੇ ਈ-ਰਿਕਸ਼ਾ ਚਾਲਕ ਬਣ ਕੇ ਆਏ ਲੁਟੇਰੇ ਨੂੰ ਕੀਤਾ ਗ੍ਰਿਫਤਾਰ

ਟਾਂਡਾ ਉੜਮੁੜ 20 ਫਰਵਰੀ। ਜਲੰਧਰ-ਪਠਾਨਕੋਟ ਰੈਸਟਰੀ ਮਾਰਗ ‘ਤੇ ਇਕ ਈ-ਰਿਕਸਾ ਚਾਲਕ ਦੇ ਰੂਪ ਵਿੱਚ ਆਏ ਲੁਟੇਰੇ ਨੂੰ ਲੁੱਟਖੋਹ ਦੀ ਵਾਰਦਾਤ ਕਰਨ ਉਪਰੰਤ ਸੜਕ ਸੁਰੱਖਿਆ ਪੁਲਸ ਨੇ ਕੁਝ ਹੀ ਸਮੇਂ ਬਾਅਦ ਕਾਬੂ ਕਰ ਲਿਆ। ਇਸ ਸਬੰਧੀ ਸੜਕ ਸੁਰੱਖਿਆ ਫੋਰਸ ਦੇ ਏ. ਐੱਸ. ਆਈ. ਜਸਵਿੰਦਰ ਸਿੰਘ ਨੇ ਦੱਸਿਆ ਕਿ ਫੋਰਸ ਦੇ ਕਾਬੂ ਆਏ ਲੁਟੇਰੇ ਦੀ ਪਛਾਣ ਮਨਦੀਪ ਸਿੰਘ ਵਜੋਂ ਹੋਈ ਹੈ। ਉਕਤ ਈ-ਰਿਕਸਾ ਚਾਲਕ ਬਜੁਰਗ ਮਾਤਾ ਬੀਰਾ ਕੌਰ ਪਤਨੀ ਅਜੀਤ ਸਿੰਘ ਪੰਜਾਬ ਗ੍ਰਾਮੀਣ ਬੈਂਕ ਟਾਂਡਾ ਤੋਂ ਆਪਣੀ ਬੁਢਾਪਾ ਪੈਨਸਨ ਲੈ ਵਾਪਸ ਪਿੰਡ ਰਾਪੁਰ ਜਾਣ ਲਈ ਉਕਤ ਈ-ਰਿਕਸਾ ਚਾਲਕ ਨਾਲ ਗੱਲਬਾਤ ਕਰ ਰਹੀ ਸੀ। ਇਸ ਦੌਰਾਨ



ਈ-ਰਿਕਸਾ ਚਾਲਕ ਝਪਟ ਮਾਰੀ ਕਰਕੇ ਬਜੁਰਗ ਮਾਤਾ ਦੇ 1500 ਰੁਪਏ ਪੈਨਸਨ ਦੀ ਰਾਸੀ, ਬੈਂਕ ਕਾਪੀ ਅਤੇ ਹੋਰ ਸਾਮਾਨ ਝਪਟਮਾਰੀ ਕਰਨ ਉਪਰੰਤ ਈ-ਰਿਕਸਾ ਦੌੜਾ ਕੇ ਚੌਲਾਂਗ ਵੱਲ ਜਾ ਰਿਹਾ ਸੀ ਕਿ ਅਚਾਨਕ ਹੀ ਸੜਕ ‘ਤੇ ਜਾ ਰਹੇ ਇਕ ਟਿੱਪਰ ਵਿੱਚ ਪਿੰਡ ਰਾਪੁਰ ਨਜਦੀਕ ਟਕਰਾ ਗਿਆ। ਉਥੋਂ ਲੁਟੇਰਾ ਪੈਦਲ ਹੀ ਭੱਜਣ ਵਿੱਚ ਕਾਮਯਾਬ ਹੋ ਗਿਆ ਪਰ ਸੜਕ ਸੁਰੱਖਿਆ ਫੋਰਸ ਦੇ ਮੁਲਾਜਮਾਂ ਏ. ਐੱਸ. ਆਈ. ਜਸਵਿੰਦਰ ਸਿੰਘ ਰੂਟ ਨੰਬਰ 5207 ਨੇ ਸਥਾਨਕ ਲੋਕਾਂ ਦੀ ਮਦਦ ਨਾਲ ਪਿੱਛਾ ਕਰਦੇ ਹੋਏ ਉਕਤ ਲੁਟੇਰੇ ਨੂੰ ਪਿੰਡ ਖੋਖਰ ਸੈਦੂਪੁਰ ਨਜਦੀਕ ਕਾਬੂ ਕੀਤਾ। ਕਾਬੂ ਕਰਨ ਉਪਰੰਤ ਸੜਕ ਸੁਰੱਖਿਆ ਫੋਰਸ ਦੇ ਲੁਟੇਰੇ ਨੂੰ ਟਾਂਡਾ ਪੁਲਸ ਹਵਾਲੇ ਕਰ ਦਿੱਤਾ ਅਤੇ ਪੁਲਸ ਨੇ ਲੁਟੇਰੇ ਖਿ਼ਲਾਫ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਹਨੀ ਟ੍ਰੈਪ ਗਿਰੋਹ ਦਾ ਪਰਦਾਫਾਸ਼, ਹੋਟਲਾਂ ‘ਚ ਬੁਲਾ ਵੀਡੀਓਜ ਬਣਾ ਕੇ ਇੰਝ ਹੁੰਦਾ ਸੀ ਸ਼ਰਮਨਾਕ ਧੰਦਾ

ਜਲੰਧਰ 20 ਫਰਵਰੀ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਹਨੀ ਟਰੈਪ ਰਾਹੀਂ ਲੋਕਾਂ ਤੋਂ ਪੈਸੇ ਵਸੂਲਣ ਵਾਲੇ ਇਕ ਗਿਰੋਹ ਦਾ ਪਰਦਾਫਾਸ ਕੀਤਾ ਹੈ। ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਇਕ ਗਿਰੋਹ ਹਨੀ ਟਰੈਪ ਰਾਹੀਂ ਲੋਕਾਂ ਤੋਂ ਪੈਸੇ ਵਸੂਲਣ ਦਾ ਧੰਦਾ ਕਰਦਾ ਹੈ। ਉਨ੍ਹਾਂ ਦੱਸਿਆ ਕਿ ਇਹ ਗਿਰੋਹ ਲੋਕਾਂ ਨੂੰ ਹੋਟਲਾਂ ਦੇ ਕਮਰਿਆਂ ਵਿੱਚ ਬੁਲਾ ਕੇ ਰਿਕਾਰਡ ਕੀਤੀਆਂ ਵੀਡੀਓਜ ਬਣਾ ਕੇ ਬਲੈਕਮੇਲ ਕਰਦਾ ਸੀ। ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਜਲੰਧਰ ਦੇ ਨੰਗਲ ਸਾਮਾ ਚੌਂਕ ਨੇੜੇ ਇਕ ਜਾਲ ਵਿਛਾ ਕੇ 3 ਔਰਤਾਂ ਸਮੇਤ ਗਿਰੋਹ ਦੇ ਚਾਰ ਮੈਂਬਰਾਂ ਨੂੰ ਕਾਬੂ ਕੀਤਾ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਫੜੇ ਗਏ ਦੋਸੀਆਂ ਦੀ ਪਛਾਣ ਪ੍ਰੀਤ ਕੌਰ ਪੁੱਤਰੀ ਕਮਲਜੀਤ ਸਿੰਘ ਵਾਸੀ ਐੱਚ. ਐੱਨ. ਓ. ਐੱਲ. 51 ਅਮਰੀਕ ਨਗਰ ਜਲੰਧਰ, ਅਮਨ ਪਤਨੀ ਰਿਸਵ ਵਾਸੀ ਅਮਰੀਕ ਨਗਰ ਸਾਹਮਣੇ ਰਾਜੂ ਕਰਿਆਨਾ ਸਟੋਰ ਜਲੰਧਰ ਅਤੇ ਮੋਹਿਨੀ ਪਤਨੀ ਰਾਕੇਸ ਕੁਮਾਰ ਵਾਸੀ ਅਮਰੀਕ ਨਗਰ, ਸਾਹਮਣੇ ਰਾਜੂ ਕਰਿਆਨਾ ਸਟੋਰ ਜਲੰਧਰ ਵਜੋਂ ਹੋਈ ਹੈ. ਉਨ੍ਹਾਂ ਦੱਸਿਆ ਕਿ ਗਿਆ ਹੈ। ਸਵਪਨ ਸਰਮਾ ਨੇ




ਮੁਲਜਮਾਂ ਖਿ਼ਲਾਫ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 44 ਮਿਤੀ 09-02-2024 ਅ/ਧ 384/420/120ਬੀ/506 ਆਈ. ਪੀ. ਸੀ. ਦਰਜ ਕੀਤਾ ਦੱਸਿਆ ਕਿ ਫੜੇ ਗਏ ਮੁਲਜਮਾਂ ਦਾ ਅਜੇ ਤੱਕ ਕੋਈ ਵੀ ਅਪਰਾਧਿਕ ਪਿਛੋਕੜ ਨਹੀਂ ਲੱਭਿਆ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਜਾਂਚ ਦੇ ਆਧਾਰ ‘ਤੇ ਇਹ ਵੀ ਸਾਹਮਣੇ ਆਇਆ ਹੈ ਕਿ ਇਕ ਹੋਰ ਅਪਰਾਧੀ ਧਰਮਿੰਦਰ ਗਿੱਲ ਵਾਸੀ ਬਸਤੀ ਬਾਵਾ ਖੇਲ ਜਲੰਧਰ ਵੀ ਇਸ ਅਪਰਾਧ ਦਾ ਹਿੱਸਾ ਸੀ।


**NAME CHANGE**

I, NAGA LAKSHMI wife of No. 14656015H Rank HAV Name-DANDU RAMANA resident of H NO-2-39/5/10, SREE LAKSHMI COLONY, PHASE-3, LOTUS HOMES, VILL-AHMEDGUDA, PO-CHERIAL, SUB DISTT-KEESARA, DISTT-MEDCHAL-MALKAJGIRI, TELANGANA-501301 have changed my name from NAGA LAKSHMI to DANDU NAGALAKSHMI for all future purposes vide Affidavit Dated 19/02/2024 before Notary Public, Delhi.

**NAME CHANGE**

I, PUMMI D/O BHARAT BHUSHAN W/o MOHAMMAD WASEEM R/o 2992, Gali Nul Wali Shahganj Delhi-110006 inform that I have embraced MUSLIM and renounced HINDUISM Religion 21/07/2006 .and changed may name PUMMI to MAHAK

**NAME CHANGE**

I, R GEETHA wife of No. 15328530W Rank-HAV Name-RANJITH M presently residing at VIL-JALLIYUR, POST-PERIYAKASINAICKENPATTI, TEH - TIRUPATTUR, DIST-VELLORE, TAMIL NADU-635901 have changed my name from R GEETHA to GEETHA G for all future purposes vide Affidavit Dated 19/02/2024 before Notary Public, Delhi.

**NOTICE**

Public at large is hereby informed that my client SH. PRINCE MAAN S/O LATE VEER SINGH MAAN ALIAS VEER SINGH is the owner of Entire First floor without roof rights part of Freehold DDA Built-up Property no. 149 area measuring 60 sq mtrs situated in the layout plan of Rohini Residential Scheme, Pocket-11, Sector-24, Rohini, Delhi vide Relinquishment Deed dated 15.09.2023 executed by Smt. Dimple in favour of Sh. Prince Maan in respect of said Floor (Doc. No.4291, vol. no. 2468, page no. 13-16, SR-VID), That Perpetual Lease Deed dated 18.09.2000 executed by POI in favour of Sh. Suraj Kumar Sharma and Smt. Sudershan Sharma in respect of entire property as Doc. No. 10637. Who executed GPA in favour of Sh. Nanak Chand Taneja in respect of entire property. Who executed ATS dated 07.07.2001 in favour of Sh. Ashok Kumar in respect of entire property. Later, Conveyance Deed dated 27.06.2006 executed by DDA in favour of Sh. Ashok Kumar in respect of entire property as Doc. No. 14432, vol. no. 2111, page no. 78-80, SR-VII. Who executed Sale Deed dated 29.05.2007 in favour of Sh. Gaurav Pandya in respect of entire property as Doc. No. 8754, vol. no. 1508, page no. 117-121, SR-VI. Who executed Sale Deed dated 01.06.2007 in favour of Sh. Sanjeev Garg in respect of said floor as Doc. No. 8970, vol. no. 1517, page no. 1-8, SR-VI. Who executed Sale Deed dated 30.01.2008 in favour of Sh. Vinod Tiwari in respect of said floor as Doc. No. 1517, vol. no. 1998, page no. 97-104, SR-VI. Who executed Sale Deed dated 16.07.2022 in favour of Smt. Saroj in respect of said floor as Doc. No.9070, vol. no. 5422, page no. 71-79, SR-VI. Who died on 25.05.2019 and husband also died on 22.01.2020 leaving behind her legal heirs Smt. Dimple and Sh. Prince Maan. Finally, Relinquishment Deed dated 15.09.2023 executed in favour of my above stated client who intend to mortgage the said immovable property for their bonafide requirements to IDFC FIRST Bank Limited. Whosoever is having any objection to the said mortgage or anyone has claim or right or interest in the said property shall contact the undersigned with the objection within 07 days failing which it shall be presumed that there stands no objections or claims to this property.

NEW DELHI
DATE: 19/2/2024

PRAGYA BHUSHAN ADVOCATE
Enrl. No. D/721/02
Office: L-27,GF, Kailash Colony, New Delhi-48
Mob.: 9968006418

**NAME CHANGE**

I, AMANDEEP KAUR MOMI, W/o. SH. JASPREET SINGH, R/o. C-1032A, SECOND FLOOR, FLAT NO-4, PALAM EXTENSION, SECTOR-7, DWARKA, NEW DELHI-110077, have changed my name from AMANDEEP KAUR MOMI to AMANDEEP KAUR for all future purpose.

**PUBLIC NOTICE**

My Client Premlata W/O Umakant Tiwari R/O H.N. Khasra No. 372, Kabul Nagar, Behta Hajipur, P.S. Loni Border, Tehsil Loni,Distt. Ghaziabad, U.P.-201102, has severed all relations and disowned her son Praveen Kumar Tiwari, from all his movable/ immovable properties, because of his misbehavior.My client shall not be responsible for his acts/deeds in future.

VENEETA VERMA Advocate
CH.NO.522, SAKET COURT
NEW DELHI

**NAME CHANGE**

I, Asees Arora W/o Jagjyot Harvinder Singh R/o H.No-A1/303, AKL CHS, Tarun Bharat, J.B.Nagar, Andheri East, Mumbai, Maharashtra-400059, I Have Changed My Name To Asees Singh For All Purpose

**NAME CHANGE**

I, SAMPANGI mother of NO-15328530W Rank- HAV Name- RANJITH M, permanent residing at VIL-JALLIYUR, POST- PERIYAKASINAICKENPATTI, TEH-TIRUPATTUR, DIST-VELLORE, TAMIL NADU-635901 have changed my name from SAMPANGI to SAMBANGI MAHENDRAN for all future purposes and in my son's service records my date of birth wrongly mentioned as 01/07/1956 instead of my correct date of birth as 15/05/1965 Vide Affidavit dated 19/02/2024 before Notary Public Delhi.

**NAME CHANGE**

I, Gulshan S/o Ompal R/o H.No-554, Patti Chopra, Near Holy Chowk, Opp-Shiv Mandir, Jharsa, Gurgaon, Haryana-122001 I Have Changed My Name To Gulshan Mehlawat For All Purpose.


# ਕਮਿਸਨਰੇਟ ਪੁਲਸ ਨੇ 14 ਸਰਾਬ ਦੀਆਂ ਪੇਟੀਆਂ ਸਮੇਤ ਦੋ ਨੂੰ ਕੀਤਾ ਗ੍ਰਿਫਤਾਰ

ਜਲੰਧਰ 20 ਫਰਵਰੀ। ਪੁਲਸ ਕਮਿਸਨਰ ਸ੍ਰੀ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਸਰਾਬ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ




ਦਾ ਪਰਦਾਫਾਸ ਕਰਦਿਆਂ ਦੋ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 14 ਪੇਟੀਆਂ ਸਰਾਬ ਬਰਾਮਦ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਸੀ ਕਿ ਸਹਿਰ ਵਿੱਚ ਸਰਾਬ ਦੀ ਤਸਕਰੀ ਕਰਨ ਵਾਲਾ ਗਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ ‘ਤੇ ਪੁਲਿਸ ਪਾਰਟੀ ਨੇ ਬਸੀਰਪੁਰਾ ਦੇ ਮੇਨ ਬਜਾਰ ਕੋਲ ਇੱਕ ਹੁੰਡਈ ਸੈਂਟਰੋ ਨੂੰ ਰਜਿਸਟ੍ਰੇਸਨ ਨੰਬਰ ਪੀ.ਬੀ.08 ਏ.ਯੂ.4295 ਰੋਕ ਕੇ ਚੈੱਕ ਕੀਤਾ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਨੇ ਕਾਰ ਦੀ ਤਲਾਸੀ ਦੌਰਾਨ ਕਾਰ ਵਿੱਚੋ 14 ਪੇਟੀਆਂ ਪੰਜਾਬ ਦੀ ਸਰਾਬ ਦੀਆਂ ਬਰਾਮਦ ਕੀਤੀਆਂ। ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਤੁਰੰਤ ਕਾਰ ਵਿਚ ਸਵਾਰ ਵਰਿੰਦਰ ਕੁਮਾਰ ਪੁੱਤਰ ਕਾਂਤਾ ਪਰਸਾਦ ਵਾਸੀ ਮਕਾਨ ਨੰ: 128 ਕਮਲ ਵਿਹਾਰ ਬਸੀਰਪੁਰਾ ਜਲੰਧਰ ਅਤੇ ਨਰੇਸ ਕੁਮਾਰ ਪੁੱਤਰ ਰਾਮ ਅਵਤਾਰ ਵਾਸੀ ਗੁਰੂ ਨਾਨਕ ਪੁਰਾ ਜਲੰਧਰ ਨੂੰ ਕਾਬੂ ਕਰ ਲਿਆ। ਉਨ੍ਹਾਂ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਸ ਵਾਰਦਾਤ ਵਿੱਚ ਇੱਕ ਹੋਰ ਮੁਲਜਮ ਬਲਦੇਵ ਸਿੰਘ ਪੁੱਤਰ ਰਤਨ ਲਾਲ ਵਾਸੀ ਕਮਲ ਵਿਹਾਰ ਜਲੰਧਰ ਵੀ ਸਾਮਲ ਸੀ। ਸ੍ਰੀ ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਖਿ਼ਲਾਫ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 41 ਮਿਤੀ 08-02-2024 ਅਧੀਨ 61-1-14, 78(2) ਆਬਕਾਰੀ ਐਕਟ ਦਰਜ ਕੀਤਾ ਗਿਆ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਦੋ ਮੁਲਜਮਾਂ ਨੂੰ ਸੈਂਟਰੋ ਕਾਰ ਪੀ.ਬੀ.08-ਏ.ਯੂ.-4295 ਸਮੇਤ 14 ਪੇਟੀਆਂ ਪੰਜਾਬ ਸਰਾਬ ਸਮੇਤ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਵਰਿੰਦਰ ਖਿਲਾਫ ਪਹਿਲਾਂ ਹੀ ਐਕਸਾਈਜ ਐਕਟ ਤਹਿਤ 24 ਮੁਕੱਦਮੇ ਦਰਜ ਹਨ ਜਦਕਿ ਨਰੇਸ ਕੁਮਾਰ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਮਿਲਿਆ ਹੈ। ਸ੍ਰੀ ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ


**NOTICE**

General Public is hereby informed that Jagat Singh is recorded owner of Khasra no.651, 652,653,654 Min, gram Hoshiarpur pargana /Tehsil dadri distt. Gautambudh nagar U.P-201301 (area measuring 300 sq.yrds) as per revenue record who intends to mortgage said property for his bonafide requirements with Fedbank Financial Services Ltd. Whosoever is having any objection to the said mortgage or acquisition or anyone has claim or right or interest in the property shall contact the undersigned with the objection within 07 days failing which it shall be presumed that there stands no objections.

NEW DELHI
DATE: 19/2/2024

PRAGYA BHUSHAN ADVOCATE
Enrl. No. D/721/02
Office: L-27,GF, Kailash Colony, New Delhi-48
Mob.: 9968006418

**NOTICE**

Public at large is hereby informed that Mr. Rishipal is owner of Land area measuring 2 Kanal, Khewat No. 167, Mu. No. 16, Kila No. 16/2/2/1/1 (2-0), Waka Mauja Babola, Tehsil Wazirabad, Distt. Gurugram vide Sale Deed dated 24/02/2022 executed by Mrs. Suman in favour of Mr. Rishipal in respect of Agricultural Land area measuring 2 Kanal, Khewat No. 167, Mu. No. 16, Kila No. 16/2/2/1/1 (2-0). (Doc. No. 17848, SR-Wazirabad) initially, Initially, Sale Deed dated 10/08/2009 executed by Mr. Satish in favour of Mr. Ranjeet in respect of said property. (Doc. No. 2128), who executed Sale Deed dated 21/05/2010 in favour of Mrs. Prakasho in respect of said property. (Doc. No. 833) who executed Sale Deed dated 01/08/2018 in favour of Mrs. Suman in respect of said property. (Doc. No. 833), who executed Sale Deed dated 24/02/2022 in favour of our abovementioned client who shall further mortgage the said property with ICICI Home Finance Co. Ltd. Whosoever, is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.

NEW DELHI
DATE: 19/2/2024

PRAGYA BHUSHAN ADVOCATE
Enrl. No. D/721/02
Office: L-27,GF, Kailash Colony, New Delhi-48
Mob.: 9968006418

ਦਿੱਲੀ ਵਿਧੁਤ ਵਿਨਿਯਾਮਕ ਆਯੋਗ
ਵਿਨਿਯਾਮਕ ਭਵਨ, ਸੀ-ਬਲੱਾਕ, ਸ਼ਿਵਾਲਿਕ, ਮਾਲਵੀਯ ਨਗਰ, ਨਵੀਂ ਦਿੱਲੀ-1100017
ਵੇਬਸਾਈਟ: www.derc.gov.in
ਟੇਲੀਫੈਕਸ :+91-11-26673608, +91-11-41080417

ਦਿ ਵਿ ਵਿ ਆ
DERC

**ਜਨਤੱਕ ਸੂਚਨਾ**

ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਨਵੀਨੀਕਰਨ ਉਰਜਾ ਦੇ ਲਈ ਗਰੁੱਪ ਨੇਟ ਮੀਟਰਿੰਗ ਅਤੇ ਵਰਚੁਅਲ ਨੇਟ ਮੀਟਰਿੰਗ)
(ਪੰਜਵਾਂ ਸੰਸ਼ੋਧਨ) ਦਿਸ਼ਾਨਿਰਦੇਸ਼, 2024

ਇਸ ਵਲੋਂ ਦਿੱਲੀ ਵਿਧੁਤ ਵਿਨਿਯਾਮਕ ਆਯੋਗ (ਡੀਈਆਰਸੀ) ਨੇ ਵਿਧੁਤ ਅਧਿਨਿਯਮ, 2003 (2003 ਦਾ ਅਧਿਨਿਯਮ 36) ਦੇ ਵਿਨਿਯਮ ਦੀ ਧਾਰਾ 61 (ਐਚ) ਅਤੇ ਧਾਰਾ 86 (1) (ਈ) ਦੇ ਨਾਲ ਪਠਿਤ ਧਾਰਾ 181, ਡੀਈਆਰਸੀ (ਨਵੀਕਰਣੀਯ ਉਰਜਾ ਦੇ ਲਈ ਨੇਟ ਮੀਟਰਿੰਗ) ਵਿਨਿਯਮ, 2014 ਦਾ ਵਿਨਿਯਮ 14, ਡੀਈਆਰਸੀ (ਨਵੀਕਰਣੀਯ ਉਰਜਾ ਦੇ ਲਈ ਸਮੂਹ ਨੇਟ ਮੀਟਰਿੰਗ ਅਤੇ ਵਰਚੁਅਲ ਨੇਟ ਮੀਟਰਿੰਗ) ਦਿਸ਼ਾਨਿਰਦੇਸ਼, 2019 ਦੇ ਦਿਸ਼ਾਨਿਰਦੇਸ਼ 17 ਦੇ ਅੰਤਰਗਤ ਪ੍ਰਦਤ ਸ਼ਕਤੀ ਅਤੇ ਇਸ ਸੰਬੰਧ ’ਚ ਹੋਰ ਸਾਰੇ ਸਕਸ਼ਮ ਸ਼ਕਤੀਆਂ ਦਾ ਪ੍ਰਯੋਗ ਕਰਦੇ ਹੋਏ ਡੀਈਆਰਸੀ ਨੇ ਡ੍ਰਾਫਟ ਨੇ ਡ੍ਰਾਫਟ ਡੀਈਆਰਸੀ (ਗਰੁੱਪ ਨੇਟ ਮੀਟਰਿੰਗ ਅਤੇ ਵਰਚੁਅਲ ਨੇਟ ਮੀਟਰਿੰਗ (ਪੰਜਵਾਂ ਸੰਸ਼ੋਧਨ) ਦਿਸ਼ਾਨਿਰਦੇਸ਼, 2024 ਤਿਆਰ ਕੀਤਾ ਹੈ।

2. ਉਕਤ ਡ੍ਰਾਫਟ ਦਿਸ਼ਾਨਿਰਦੇਸ਼ ਆਯੋਗ ਦੀ ਵੇਬਸਾਈਟ www.derc.gov.in ’ਤੇ ਉਪਲਬਧ ਹੈ।

3. ਹਿਤਧਾਰਕਾਂ ਤੋਂ ਅਨੁਰੋਧ ਹੈ ਕਿ ਉਕਤ ਡ੍ਰਾਫਟ ਦਿਸ਼ਾਨਿਰਦੇਸ਼ਾਂ ਅਤੇ ਆਪਣੇ ਸੁਝਾਵ/ਟਿਪਣੀਆਂ ਨੂੰ ਮਿਤੀ 06/03/202 ਨੂੰ ਸ਼ਾਮ 05:00 ਵਜੇ ਤਕ ਅਗ੍ਰੇਸ਼ਿਤ ਕਰੋ। ਸੁਝਾਵ ਅਤੇ ਟਿਪਣੀਆਂ ਨੂੰ ਸਚਿਵ, ਡੀਈਆਰਸੀ ਨੂੰ ਡਾਕ ਜਾਂ ਈਮੇਲ secyderc@nic.in ਵਲੋਂ ਪ੍ਰੇਸ਼ਿਤ ਕੀਤਾ ਜਾ ਸਕਦਾ ਹੈ।

ਰਾਜੇਸ਼ ਦਾਂਗੀ, ਸਚਿਵ

ਮਿਤੀ : 15/02/2024

DIP/Shabdarth/Classified/0347/23-24



ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma



**PUBLIC NOTICE**

Information is given to general public at large that our clients Mr. Praveen Kumar S/o Mr. Hariom is the owner of Freehold Residential Plot area measuring 75 Sq. Yards, Out of Khewat/Khata No. 44/46, Mu. No. 33, Killa No. 12/2(6-0), Situated at Waka Mauja Fazalpur (Kailash Nagar), Tehsil & District Palwal, Haryana. by Virtue of Sale Deed Dated 13.06.2018 as Doc No. 2720, SRO- Palwal. till date and has lost/Misplace his Original Sale Deed Dated 21.07.2006, as Doc No. 4683, SRO- Palwal. It was executed in favour Mrs. Savtari W/o Mr. Khazan Chand, now our client is declaring that that any other Person does not have any right over the said property, and same property sold too be Mrs. Deepika Devi and same has been financed by Ujjivan Small Finance Bank Ltd. Branch: Pul Pehladpur, Delhi: If any person(s) has any objection(s) or claim(s) with respect to the` right, title or interest in the Said Property then contact us within 14 days from the date of Publication of this notice and or the same to the undersigned if found by anyone. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਰੰਗਲਾ ਪੰਜਾਬ ਮੇਲਾ

## ਜੀ ਆਇਆਂ ਨੂੰ

**23 ਤੋਂ 29 ਫ਼ਰਵਰੀ, 2024, ਅੰਮ੍ਰਿਤਸਰ**





**ਭਗਵੰਤ ਸਿੰਘ ਮਾਨ**
**ਮੁੱਖ ਮੰਤਰੀ, ਪੰਜਾਬ**

| ਮਿਤੀ | ਸਮਾਂ | ਈਵੈਂਟ | ਸਥਾਨ |
|---|---|---|---|
| 23 ਫ਼ਰਵਰੀ | ਸ਼ਾਮ 6:30 ਵਜੇ ਤੋਂ | ਉਦਘਾਟਨੀ ਸਮਾਰੋਹ | ਖ਼ਾਲਸਾ ਕਾਲਜ |
| 24-25 ਫ਼ਰਵਰੀ | ਸਵੇਰੇ 10:30 ਵਜੇ ਤੋਂ ਦੁਪਹਿਰ 12:30 ਵਜੇ ਤੱਕ | ਸਾਹਿਤ ਮੇਲਾ | ਪਾਰਟੀਸ਼ਨ ਮਿਊਜ਼ੀਅਮ |
| 24-25 ਫ਼ਰਵਰੀ | ਸ਼ਾਮ 4:00 ਵਜੇ ਤੋਂ 6:00 ਤੱਕ | ਕਾਰਨੀਵਲ ਪਰੇਡ | ਪਹਿਲਾ ਦਿਨ: ਰੈੱਡ ਕਰਾਸ-ਰਣਜੀਤ ਐਵੇਨਿਊ ਗਰਾਊਂਡ<br>ਦੂਜਾ ਦਿਨ: ਟ੍ਰਿਲੀਅਮ ਮਾਲ-ਰਣਜੀਤ ਐਵੇਨਿਊ ਗਰਾਊਂਡ |
| 24-29 ਫ਼ਰਵਰੀ | ਸਵੇਰੇ 11:00 ਵਜੇ ਤੋਂ ਸ਼ਾਮ 5:00 ਵਜੇ ਤੱਕ | ਸੇਵਾ ਸਟਰੀਟ | ਟਾਊਨ ਹਾਲ ਹੈਰੀਟੇਜ ਸਟਰੀਟ |
| 24-29 ਫ਼ਰਵਰੀ | ਸਵੇਰੇ 11:00 ਵਜੇ ਤੋਂ ਰਾਤ 10:00 ਵਜੇ ਤੱਕ | ਫ਼ੂਡੀਸਤਾਨ ਅਤੇ ਸ਼ਾਪਿੰਗ ਮੇਲਾ | ਰਣਜੀਤ ਐਵੇਨਿਊ ਗਰਾਊਂਡ |
| 24-29 ਫ਼ਰਵਰੀ | ਸ਼ਾਮ 7:00 ਵਜੇ ਤੋਂ ਰਾਤ 8:30 ਵਜੇ ਤੱਕ | ਡਿਜੀਟਲ ਮੇਲਾ | ਸਮਰ ਪੈਲੇਸ |
| 24-25 ਅਤੇ 27-29 ਫ਼ਰਵਰੀ | ਸ਼ਾਮ 7:00 ਵਜੇ ਤੋਂ | ਤਾਲ ਚੌਕ | ਰਣਜੀਤ ਐਵੇਨਿਊ ਗਰਾਊਂਡ |
| 25 ਫ਼ਰਵਰੀ | ਸਵੇਰੇ 7:00 ਵਜੇ ਤੋਂ 9:00 ਵਜੇ ਤੱਕ | ਗ੍ਰੀਨਾਥਾਨ | ਅਨੰਦ ਅੰਮ੍ਰਿਤ ਪਾਰਕ-ਸਾਡਾ ਪਿੰਡ |
| 26 ਫ਼ਰਵਰੀ | ਸ਼ਾਮ 7:00 ਵਜੇ ਤੋਂ | ਪੰਜਾਬੀ ਲੋਕ ਸੰਗੀਤ ਨਾਈਟ | ਕਿਲ੍ਹਾ ਗੋਬਿੰਦਗੜ੍ਹ |
| 29 ਫ਼ਰਵਰੀ | ਸ਼ਾਮ 6:30 ਵਜੇ ਤੋਂ | ਸਮਾਪਤੀ ਸਮਾਰੋਹ | ਰਣਜੀਤ ਐਵੇਨਿਊ ਗਰਾਊਂਡ |

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ**

# ਮੋਦੀ ਦੇ ਤੀਜੇ ਕਾਰਜਕਾਲ ਵਿੱਚ ਦੇਸ਼ ਵਿੱਚੋਂ ਅੱਤਵਾਦ ਦਾ ਖਾਤਮਾ ਹੋ ਜਾਵੇਗਾ : ਅਮਿਤ ਸ਼ਾਹ



**ਨਵੀਂ ਦਿੱਲੀ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਵਿੱਚ ਚੱਲ ਰਹੇ ਭਾਜਪਾ ਦੇ ਰਾਸ਼ਟਰੀ ਸੰਮੇਲਨ 2024 ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਕਿਹਾ, ਅੱਜ ਦੇਸ਼ ਵਿੱਚ ਕੱਟੜਵਾਦ, ਅੱਤਵਾਦ ਅਤੇ ਨਕਸਲਵਾਦ ਆਪਣੇ ਆਖਰੀ ਸਾਹ ਲੈ ਰਹੇ ਹਨ। ਮੋਦੀ ਦੇ ਤੀਜੇ ਕਾਰਜਕਾਲ ਵਿੱਚ ਦੇਸ਼ ਵਿੱਚੋਂ ਅੱਤਵਾਦ ਦਾ ਖਾਤਮਾ ਹੋ ਜਾਵੇਗਾ। ਸਰਕਾਰ, ਵੱਖਵਾਦ ਅਤੇ ਨਕਸਲਵਾਦ ਪੂਰੀ ਤਰ੍ਹਾਂ ਮੁਕਤ ਹੋਵੇਗਾ। ਦੇਸ਼ ਨੇ ਫੈਸਲਾ ਕਰ ਲਿਆ ਹੈ ਕਿ 2024 ਵਿੱਚ ਮੋਦੀ ਜੀ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਬਣਨਗੇ। ਚੋਣਾਂ ਤੋਂ ਪਹਿਲਾਂ ਹੋਣ ਵਾਲੇ ਇਸ ਰਾਸ਼ਟਰੀ ਸੰਮੇਲਨ ਦਾ ਉਦੇਸ਼ ਪ੍ਰਧਾਨ ਮੰਤਰੀ ਮੋਦੀ ਦਾ 2047 ਦੇ ਵਿਕਸਤ ਭਾਰਤ ਦਾ ਸੰਕਲਪ ਹੈ। ਸਾਡੀ ਪਾਰਟੀ ਇਹ ਸੰਦੇਸ਼ ਲੈ ਕੇ ਦੇਸ਼ ਦੇ ਹਰ ਹਿੱਸੇ ਵਿੱਚ ਜਾਵੇਗੀ। ਪੂਰੇ ਦੇਸ਼ ਵਿੱਚ ਕੋਈ ਸ਼ੱਕ ਨਹੀਂ ਹੈ। ਤੀਜੀ ਵਾਰ ਜਿੱਤ ਕੇ ਭਾਜਪਾ ਭਾਰਤ ਨੂੰ ਦੁਨੀਆ ਦੀ ਤੀਜੀ -ਕੌਮੀ ਪੱਤ੍ਰਿਕਾ ਬਿਊਰੋ-ਸਭ ਤੋਂ ਵੱਡੀ ਅਰਥਵਿਵਸਥਾ ਬਣਾ ਦੇਵੇਗੀ। ਧਿਆਨ ਯੋਗ ਹੈ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਨੂੰ ਲੈ ਕੇ ਵਿਰੋਧੀ ਧਿਰਾਂ ਨੇ ਕਿੰਨਾ ਰੌਲਾ ਪਾਇਆ ਸੀ। ਹਾਲਾਂਕਿ, ਅੱਜ ਉਹੀ ਜੰਮੂ-ਕਸ਼ਮੀਰ ਧਾਰਾ 370 ਹਟਾਏ ਜਾਣ ਤੋਂ ਬਾਅਦ ਨਵੇਂ ਬਦਲਾਅ ਨਾਲ ਅੱਗੇ ਵਧ ਰਿਹਾ ਹੈ।

ਉਨ੍ਹਾਂ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮੁੱਚੇ ਵਿਕਾਸ ਨੂੰ ਅੱਗੇ ਵਧਾ ਕੇ ਅਰਥਚਾਰੇ ਨੂੰ 11ਵੇਂ ਨੰਬਰ ਤੋਂ 5ਵੇਂ ਨੰਬਰ 'ਤੇ ਲਿਆਉਣ ਦਾ ਕੰਮ ਕੀਤਾ ਹੈ। ਜਿਸ ਤਰ੍ਹਾਂ ਦਾ ਵਿਕਾਸ ਇਨ੍ਹਾਂ 10 ਸਾਲਾਂ ਵਿੱਚ ਹੋਇਆ ਹੈ। 20 ਫਰਵਰੀ20 ਫਰਵਰੀ

# ਸੰਯੁਕਤ ਕਿਸਾਨ ਮੋਰਚਾ ਨੇ ਖਾਰਜ ਕੀਤਾ ਸਰਕਾਰ ਦਾ ਪ੍ਰਸਤਾਵ, MSP ਗਾਰੰਟੀ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ

**ਨਵੀਂ ਦਿੱਲੀ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਦੇ ਐੱਮ.ਐੱਸ.ਪੀ. ਦੇ ਪ੍ਰਸਤਾਵ ਨੂੰ ਖਾਰਜ ਕਰ ਦਿੱਤਾ ਹੈ। ਕੇਂਦਰ ਸਰਕਾਰ ਵਲੋਂ ਐੱਮ.ਐੱਸ.ਪੀ. 'ਤੇ 5 ਸਾਲ ਦੇ ਠੇਕੇ ਦਾ ਪ੍ਰਸਤਾਵ ਦਿੱਤਾ ਗਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਮੀਡੀਆ ਰਿਪੋਰਟ ਦੇ ਆਧਾਰ 'ਤੇ ਉਨ੍ਹਾਂ ਪਤਾ ਲੱਗਾ ਹੈ ਕਿ ਕੇਂਦਰ ਸਰਕਾਰ AB+FL+50% ਦੇ ਆਧਾਰ 'ਤੇ ਐੱਮ.ਐੱਸ.ਪੀ. 'ਤੇ ਆਰਡੀਨੈਂਸ ਲਿਆਉਣ ਦੀ ਯੋਜਨਾ ਬਣਾ ਰਹੀ ਹੈ। ਕਿਸਾਨਾਂ ਦੇ ਸੰਗਠਨ ਸੰਯੁਕਤ ਕਿਸਾਨਾ ਮੋਰਚਾ ਨੇ ਕਿਹਾ ਕਿ 32+50% ਤੋਂ ਹੇਠਾਂ ਕੁਝ ਵੀ ਸਵੀਕਾਰ ਨਹੀਂ ਕੀਤਾ ਜਾਵੇਗਾ। ਬਿਆਨ ਅਨੁਸਾਰ ਕਿਸਾਨਾਂ ਦੇ ਸਾਹਮਣੇ ਮੱਕਾ, ਕਪਾਹ, ਅਰਹਰ/ਤੂਰ, ਮਸੂਰ ਅਤੇ ਉੜਦ ਸਮੇਤ 5 ਫ਼ਸਲਾਂ ਦੀ ਖਰੀਦ ਨੂੰ ਲੈ ਕੇ 5 ਸਾਲ ਦੇ ਠੇਕੇ ਦਾ ਪ੍ਰਸਤਾਵ ਰੱਖਿਆ ਗਿਆ ਹੈ। ਹਾਲਾਂਕਿ ਕਿਸਾਨ ਮੋਰਚਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਸੀ2+50% ਦੇ ਫਾਰਮੂਲੇ ਦੇ ਆਧਾਰ 'ਤੇ ਹੀ ਐੱਮ.ਐੱਸ.ਪੀ. ਦੀ ਗਾਰੰਟੀ ਚਾਹੁੰਦੇ ਹਨ। ਕਿਸਾਨ ਮੋਰਚਾ ਨੇ ਇਕ ਬਿਆਨ 'ਚ ਕਿਹਾ ਕਿ ਭਾਜਪਾ ਨੇ ਖੁਦ 2014 ਦੀਆਂ ਚੋਣਾਂ 'ਚ ਆਪਣੇ ਮੈਨੀਫੈਸਟੋ 'ਚ ਇਸ ਦਾ ਵਾਅਦਾ ਕੀਤਾ ਸੀ। ਕਿਸਾਨ ਮੋਰਚਾ ਨੇ ਕੇਂਦਰੀਆਂ ਮੰਤਰੀਆਂ ਨੂੰ ਇਹ ਸਪੱਸ਼ਟ ਕਰਨ ਦੀ ਮੰਗ ਕੀਤੀ ਹੈ ਕਿ ਮੋਦੀ ਸਰਕਾਰ ਕਰਜ਼ ਮੁਆਫ਼ੀ, ਬਿਜਲੀ ਦਾ ਨਿੱਜੀਕਰਨ ਨਹੀਂ ਕਰਨ, ਵਿਆਪਕ ਜਨਤਕ ਖੇਤਰ ਦੀ ਫ਼ਸਲ ਬੀਮਾ ਯੋਜਨਾ, 60 ਸਾਲ ਤੋਂ ਵੱਧ ਉਮਰ ਦੇ ਕਿਸਾਨਾਂ ਨੂੰ 10 ਹਜ਼ਾਰ ਰੁਪਏ ਪੈਨਸ਼ਨ, ਲਖੀਮਪੁਰ ਹਿੰਸਾ ਦੇ ਦੋਸ਼ੀ ਅਜੇ ਮਿਸ਼ਰਾ ਨੂੰ ਬਰਖ਼ਾਸਤ ਕਰਨ ਅਤੇ ਮੁਕੱਦਮਾ ਚਲਾਉਣ ਦੀਆਂ ਮੰਗਾਂ 'ਤੇ ਚੁੱਪ ਕਿਉਂ ਹੈ।

ਕਿਸਾਨ ਮੋਰਚਾ ਨੇ ਕਿਹਾ ਕਿ ਸਵਾਮੀਨਾਥਨ ਕਮਿਸ਼ਨ ਨੇ 2006 'ਚ ਆਪਣੀ ਰਿਪੋਰਟ 'ਚ ਕੇਂਦਰ ਸਰਕਾਰ ਨੂੰ 32+50% ਦੇ ਆਧਾਰ 'ਤੇ ਐੱਮ.ਐੱਸ.ਪੀ. ਦੇਣ ਦਾ ਸੁਝਾਅ ਦਿੱਤਾ ਸੀ। ਬਿਆਨ 'ਚ ਕਿਹਾ ਗਿਆ ਹੈ ਕਿ



ਇਸੇ ਆਧਾਰ 'ਤੇ ਕਈ ਫ਼ਸਲਾਂ 'ਤੇ ਉਹ ਐੱਮ.ਐੱਸ.ਪੀ. ਦੀ ਗਾਰੰਟੀ ਚਾਹੁੰਦੇ ਹਨ। ਇਸ ਰਾਹੀਂ ਕਿਸਾਨ ਆਪਣੀ ਫ਼ਸਲ ਇਕ ਫਿਕਸਡ ਕੀਮਤ 'ਤੇ ਵੇਚ ਸਕਣਗੇ ਅਤੇ ਉਨ੍ਹਾਂ ਨੂੰ ਨੁਕਸਾਨ ਨਹੀਂ ਚੁੱਕਣਾ ਪਵੇਗਾ। ਮੋਰਚਾ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਭਾਜਪਾ ਦੇ ਵਾਅਦੇ ਨੂੰ ਲਾਗੂ ਨਹੀਂ ਕਰ ਪਾ ਰਹੀ ਹੈ ਤਾਂ ਪ੍ਰਧਾਨ ਮੰਤਰੀ ਈਮਾਨਦਾਰੀ ਨਾਲ ਜਨਤਾ ਨੂੰ ਦੱਸਣ। ਸੰਯੁਕਤ ਕਿਸਾਨ ਮੋਰਚਾ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਇਹ ਸਪੱਸ਼ਟ ਨੂੰ ਤਿਆਰ ਨਹੀਂ ਹੈ ਕਿ ਉਨ੍ਹਾਂ ਵਲੋਂ ਪ੍ਰਸਤਾਵਿਤ ਐੱਮ.ਐੱਸ.ਪੀ. 12+6*+50% 'ਤੇ ਆਧਾਰਤ ਹੈ ਜਾਂ 32+50% 'ਤੇ। ਚਰਚਾ 'ਚ ਕੋਈ ਪਾਰਦਰਸ਼ਤਾ ਨਹੀਂ ਹੈ, ਜਦੋਂ ਕਿ ਚਾਰ ਵਾਰ ਚਰਚਾ ਹੋ ਚੁੱਕੀ ਹੈ।

# BSF ਨੇ ਭਾਰਤ-ਬੰਗਲਾਦੇਸ਼ ਸਰਹੱਦ 'ਤੇ 6 ਕਰੋੜ ਦਾ ਸੋਨਾ ਕੀਤਾ ਜ਼ਬਤ, ਇਕ ਗ੍ਰਿਫ਼ਤਾਰ

**ਕੋਲਕਾਤਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਹੱਦੀ ਸੁਰੱਖਿਆ ਫੋਰਸ (ਬੀ.ਐੱਸ.ਐੱਫ.) ਨੇ ਪੱਛਮੀ ਬੰਗਾਲ 'ਚ ਭਾਰਤ-ਬੰਗਲਾਦੇਸ਼ ਅੰਤਰਰਾਸ਼ਟਰੀ ਸਰਹੱਦ 'ਤੇ ਇਕ ਵਿਅਕਤੀ ਨੂੰ ਫੜਿਆ ਅਤੇ ਉਸ ਕੋਲੋਂ 6 ਕਰੋੜ ਤੋਂ ਵੱਧ ਦਾ ਸੋਨਾ ਜ਼ਬਤ ਕੀਤਾ। ਸੂਤਰਾਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਘਟਨਾ ਐਤਵਾਰ ਨੂੰ ਨਦੀਆ ਜ਼ਿਲ੍ਹੇ ਦੇ ਹੋਰੰਡੀਪੁਰ ਸਰਹੱਦੀ ਇਲਾਕੇ 'ਚ ਹੋਈ। ਇਸ ਖੇਤਰ ਦੀ ਸੁਰੱਖਿਆ ਬੀ.ਐੱਸ.ਐੱਫ. ਦੀ 32ਵੀਂ ਬਟਾਲੀਅਨ ਵਲੋਂ ਕੀਤੀ ਜਾਂਦੀ ਹੈ। ਬੀ.ਐੱਸ.ਐੱਫ. ਦੇ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਨਾਦੀਆ ਦੇ ਇਕ ਸਥਾਨਕ ਵਾਸੀ ਨੂੰ ਸੋਨੇ ਦੀਆਂ 16 ਛੜਾਂ ਅਤੇ 10 ਕਿਲੋਗ੍ਰਾਮ ਤੋਂ ਵੱਧ ਭਾਰ ਵਾਲੇ ਸੋਨੇ ਦੇ ਚਾਰ ਬਿਸਕੁਟਾਂ ਨਾਲ ਫੜਿਆ ਗਿਆ।

ਫੜੇ ਗਏ ਵਿਅਕਤੀ ਨੇ ਬੀ.ਐੱਸ.ਐੱਫ. ਨੂੰ ਦੱਸਿਆ ਕਿ ਉਸ ਨੇ



ਇਕ ਹੋਰ ਭਾਰਤੀ ਸਾਥੀ ਨਾਲ ਸਰਹੱਦ ਪਾਰ ਤੋਂ ਇਕ ਬੰਗਲਾਦੇਸ਼ੀ ਵਿਅਕਤੀ ਤੋਂ ਸੋਨਾ ਲਿਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਬੀ.ਐੱਸ.ਐੱਫ. ਜਵਾਨਾਂ ਨੇ ਉਨ੍ਹਾਂ ਨੂੰ ਆਤਮਸਮਰਪਣ ਕਰਨ ਲਈ ਕਿਹਾ ਤਾਂ ਦੂਜਾ ਭਾਰਤੀ ਵਿਅਕਤੀ ਦੌੜ ਗਿਆ। ਅਧਿਕਾਰੀ ਨੇ ਕਿਹਾ ਕਿ ਜ਼ਬਤ ਕੀਤੇ ਗਏ ਲਗਭਗ 6.70 ਕਰੋੜ ਰੁਪਏ ਦੇ ਸੋਨੇ ਨੂੰ ਜਾਂਚ ਲਈ ਫੜੇ ਗਏ ਵਿਅਕਤੀ ਨੇ ਮਾਲੀਆ ਖੁਫੀਆ ਡਾਇਰੈਕਟੋਰੇਟ (ਡੀ.ਆਰ.ਆਈ.) ਦੇ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ।

# ਜਦੋਂ ਤੱਕ ਕਾਂਗਰਸ ਨਾਲ ਸੀਟਾਂ ਦੀ ਵੰਡ ਦੀ ਗੱਲ ਸਿਰੇ ਨਹੀਂ ਚੜ੍ਹਦੀ, ਭਾਰਤ ਜੋੜੋ ਨਿਆਏ ਯਾਤਰਾ ਦਾ ਹਿੱਸਾ ਨਹੀਂ ਬਣੇਗੀ ਸਪਾ

**ਲਖਨਊ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਵਾਦੀ ਪਾਰਟੀ ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਨਾਲ ਸੀਟਾਂ ਦੀ ਵੰਡ ਨੂੰ ਅੰਤਿਮ ਰੂਪ ਦਿੱਤੇ ਜਾਣ ਤੱਕ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਭਾਰਤ ਜੋੜੋ ਨਿਆ ਯਾਤਰਾ ਵਿੱਚ ਹਿੱਸਾ ਨਹੀਂ ਲਵੇਗੀ। ਸ੍ਰੀ ਗਾਂਧੀ ਦੀ ਅਗਵਾਈ ਵਾਲੀ ਯਾਤਰਾ ਅੱਜ ਅਮੇਠੀ ਤੋਂ ਗੁਜ਼ਰੇਗੀ। ਇਹ ਫਿਰ ਰਾਏਬਰੇਲੀ ਵਿੱਚ ਦਾਖਲ ਹੋਵੇਗੀ, ਜਿੱਥੇ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਪਹਿਲਾਂ ਕਿਹਾ ਸੀ ਕਿ ਉਹ ਸ਼ਾਮਲ ਹੋਣਗੇ। ਸਮਾਜਵਾਦੀ ਪਾਰਟੀ ਨੇ ਕਾਂਗਰਸ ਨੂੰ 11 ਸੀਟਾਂ ਦੀ ਪੇਸ਼ਕਸ਼ ਕੀਤੀ ਹੈ ਜਦਕਿ ਕਾਂਗਰਸ ਦੀ ਸੂਬਾ



ਇਕਾਈ ਨੇ ਵੱਧ ਸੀਟਾਂ ਦੀ ਮੰਗ ਕੀਤੀ ਹੈ। ਕਾਂਗਰਸ ਦੀ ਉੱਤਰ ਪ੍ਰਦੇਸ਼ ਇਕਾਈ ਦੇ ਮੁਖੀ ਅਜੇ ਰਾਏ ਨੇ ਪਹਿਲਾਂ ਕਿਹਾ ਸੀ ਕਿ ਪਾਰਟੀ ਨੂੰ 2009 ਦੀਆਂ ਆਮ ਚੋਣਾਂ ਵਿੱਚ ਜਿੱਤੀਆਂ ਦੋ ਦਰਜਨ ਸੀਟਾਂ ਮਿਲਣੀਆਂ ਚਾਹੀਦੀਆਂ ਹਨ। ਸਮਾਜਵਾਦੀ ਪਾਰਟੀ ਅਤੇ ਕਾਂਗਰਸ ਵਿਰੋਧੀ ਭਾਰਤ ਬਲਾਕ ਵਿੱਚ ਭਾਈਵਾਲ ਹਨ।

# ਸਿਬਿਨ ਸੀ. ਵੱਲੋਂ ਵੀਡੀਓ ਕਾਨਫ਼ਰੰਸ ਰਾਹੀਂ ਸਵੀਪ ਤੇ ਸੋਸ਼ਲ ਮੀਡੀਆ ਦੇ ਨੋਡਲ ਅਫ਼ਸਰਾਂ ਨਾਲ ਕੀਤੀ ਸਮੀਖਿਆ ਮੀਟਿੰਗ

**ਪਠਾਨਕੋਟ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਸਿਬਿਨ ਸੀ. ਨੇ ਲੋਕ ਸਭਾ ਚੋਣਾਂ-2024 ਦੀਆਂ ਤਿਆਰੀਆਂ ਬਾਬਤ ਅੱਜ ਸੂਬੇ ਦੇ ਸਾਰੇ ਜ਼ਿਲ੍ਹਾ ਸਵੀਪ ਨੋਡਲ ਅਫ਼ਸਰਾਂ ਅਤੇ ਜ਼ਿਲ੍ਹਾ ਸੋਸ਼ਲ ਮੀਡੀਆ ਨੋਡਲ ਅਫ਼ਸਰਾਂ ਨਾਲ ਇਕ ਅਹਿਮ ਮੀਟਿੰਗ ਕਰਕੇ 'ਇਸ ਵਾਰ 70 ਪਾਰ' ਵੋਟ ਪ੍ਰਤੀਸ਼ਤ ਦਾ ਟੀਚਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ।

ਸ੍ਰੀ ਸਿਬਿਨ ਸੀ. ਨੇ ਕਿਹਾ ਕਿ ਚੋਣ ਅਮਲ ਵਿੱਚ ਸ਼ਾਮਿਲ ਸਾਰੇ



ਅਧਿਕਾਰੀ 70 ਫ਼ੀਸਦੀ ਤੋਂ ਜ਼ਿਆਦਾ ਵੋਟਾਂ ਪਵਾਉਣ ਲਈ ਕੋਸ਼ਿਸ਼ਾਂ ਤੇਜ਼ ਕਰਨ। ਉਨ੍ਹਾਂ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਜਿਨ੍ਹਾਂ ਇਲਾਕਿਆਂ ਵਿਚ ਵੋਟ ਪ੍ਰਤੀਸ਼ਤ ਘੱਟ ਰਹੀ ਸੀ, ਉਨ੍ਹਾਂ ਖੇਤਰਾਂ ਦੀ ਨਿਸ਼ਾਨਦੇਹੀ ਕਰਕੇ ਉੱਥੇ ਵੋਟ ਪ੍ਰਤੀਸ਼ਤ ਵਧਾਉਣ ਲਈ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਟੀਚਾ ਪ੍ਰਾਪਤ ਕਰਨ ਲਈ ਚੋਣ ਕਮਿਸ਼ਨ ਵੱਲੋਂ ਭੇਜੀਆਂ ਪਬਲਿਸਿਟੀ ਮੋਬਾਈਲ ਵੈਨਾਂ, ਜਾਗਰੂਕ ਮੁਹਿੰਮਾਂ ਅਤੇ ਹੋਰ ਸਾਧਨਾਂ ਦੀ ਮਦਦ ਲਈ ਜਾਵੇ। ਉਨ੍ਹਾਂ ਨਿਰਦੇਸ਼ ਦਿੱਤੇ ਕਿ ਵੋਟ ਪ੍ਰਤੀਸ਼ਤਤਾ ਵਧਾਉਣ ਲਈ ਗਤੀਵਿਧੀਆਂ ਹੋਰ ਤੇਜ਼ ਕੀਤੀਆਂ ਜਾਣ। ਲੋਕਾਂ ਨੂੰ ਵੱਧ ਤੋਂ ਵੱਧ ਵੋਟ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇ।ਮੁੱਖ ਚੋਣ ਅਫ਼ਸਰ ਸ੍ਰੀ ਸਿਬਿਨ ਸੀ. ਨੇ ਕਿਹਾ ਕਿ ਵੋਟਰ ਜਾਗਰੂਕਤਾ ਲਈ ਮੀਡੀਆ ਦੇ ਵੱਖ-ਵੱਖ ਮਾਧਿਅਮ ਤੋਂ ਇਲਾਵਾ ਸੋਸ਼ਲ ਮੀਡੀਆ ਪਲੇਟਫ਼ਾਰਮ ਦਾ ਵੀ ਵੱਧ ਤੋਂ ਵੱਧ ਇਸਤੇਮਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਸਮੇਤ ਹਰ ਉਮਰ ਵਰਗ ਅਤੇ ਲਿੰਗ ਦੇ ਵੋਟਰਾਂ ਨੂੰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਆ ਜਾਵੇ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੇ ਟਾਰਗੈਟ 'ਇਸ ਵਾਰ 70 ਪਾਰ' ਨੂੰ ਹਰ ਹੀਲੇ ਪੂਰਾ ਕਰਨ ਲਈ ਯਤਨ ਕੀਤੇ ਜਾਣ।

ਇਸ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਸਵੀਪ ਤੇ ਸੋਸ਼ਲ ਮੀਡੀਆ ਦੇ ਨੋਡਲ ਅਫ਼ਸਰਾਂ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਦੀ ਸਮੀਖਿਆ ਵੀ ਕੀਤੀ।

# ਪਾਪੂਆ ਨਿਊ ਗਿਨੀ 'ਚ ਭੜਕੀ ਹਿੰਸਾ, ਹੁਣ ਤੱਕ 64 ਲੋਕਾਂ ਦੀ ਮੌਤ

**ਮੈਲਬੌਰਨ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਪੂਆ ਨਿਊ ਗਿਨੀ 'ਚ ਵੱਡੇ ਪੱਧਰ 'ਤੇ ਕਬਾਇਲੀ ਹਿੰਸਾ 'ਚ ਘੱਟ ਤੋਂ ਘੱਟ 64 ਲੋਕਾਂ ਦੀ ਮੌਤ ਹੋ ਗਈ। ਇਹ ਜਾਣਕਾਰੀ ਸੋਮਵਾਰ ਨੂੰ ਆਸਟ੍ਰੇਲੀਆਈ ਮੀਡੀਆ ਰਿਪੋਰਟਾਂ 'ਚ ਸਾਹਮਣੇ ਆਈ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਾਪੂਆ ਨਿਊ ਗਿਨੀ ਦੀ ਮਦਦ ਕਰਨ ਲਈ ਤਿਆਰ ਹੈ। ਪਾਪੂਆ ਨਿਊ ਗਿਨੀ ਆਸਟ੍ਰੇਲੀਆ ਦਾ ਸਭ ਤੋਂ ਨਜ਼ਦੀਕੀ ਗੁਆਂਢੀ ਹੈ ਅਤੇ ਆਸਟ੍ਰੇਲੀਆਈ ਵਿਦੇਸ਼ੀ ਸਹਾਇਤਾ ਦਾ ਸਭ ਤੋਂ ਵੱਡਾ ਪ੍ਰਾਪਤਕਰਤਾ ਹੈ। ਅਲਬਾਨੀਜ਼ ਨੇ ਕਿਹਾ, ਪਾਪੂਆ ਨਿਊ ਗਿਨੀ ਤੋਂ ਜੋ ਖ਼ਬਰ ਆਈ ਹੈ, ਉਹ ਬਹੁਤ ਪਰੇਸ਼ਾਨ ਕਰਨ ਵਾਲੀ ਹੈ।

ਰਾਇਲ ਪਾਪੂਆ ਨਿਊ ਗਿਨੀ ਕਾਂਸਟੇਬੁਲਰੀ ਦੇ ਕਾਰਜਕਾਰੀ ਸੁਪਰਡੈਂਟ ਜਾਰਜ ਕਾਕਸ ਨੇ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਏ.ਬੀ.ਸੀ.)



ਨੂੰ ਦੱਸਿਆ ਕਿ ਦੱਖਣੀ ਪ੍ਰਸ਼ਾਂਤ ਦੇਸ਼ ਦੇ ਦੂਰ-ਦੁਰਾਡੇ ਇੰਗਾ ਸੂਬੇ 'ਚ ਐਤਵਾਰ ਨੂੰ ਇਕ ਕਬੀਲੇ ਦੇ ਮੈਂਬਰ, ਉਨ੍ਹਾਂ ਦੇ ਸਹਿਯੋਗੀ ਅਤੇ ਕਿਰਾਏਦਾਰ ਇਕ ਗੁਆਂਢੀ ਕਬਾਇਲੀ ਭਾਈਚਾਰੇ 'ਤੇ ਹਮਲਾ ਕਰਨ ਜਾ ਰਹੇ ਸਨ ਕਿ ਉਸੇ ਸਮੇਂ ਉਨ੍ਹਾਂ ਤੇ ਘਾਤ ਲਗਾ ਕੇ ਹਮਲਾ ਕੀਤਾ ਗਿਆ। ਕਾਕਸ ਨੇ ਏ.ਬੀ.ਸੀ ਨੂੰ ਦੱਸਿਆ ਕਿ ਪੁਲਸ ਨੂੰ ਹੋਰ ਲਾਸ਼ਾਂ ਮਿਲਣ ਦੀ ਸੰਭਾਵਨਾ ਹੈ ਕਿਉਂਕਿ ਬਹੁਤ ਸਾਰੇ ਜ਼ਖਮੀ ਛੁਪਣ ਲਈ ਝਾੜੀਆਂ ਵਿੱਚ ਭੱਜ ਗਏ ਸਨ।

ਉਨ੍ਹਾਂ ਕਿਹਾ, "ਇਹ ਆਦਿਵਾਸੀਆਂ ਨੂੰ ਪੂਰੇ ਪੇਂਡੂ ਖੇਤਰ 'ਚ ਮਾਰਿਆ ਗਿਆ ਹੈ, ਇਹ ਪੂਰਾ ਇਲਾਕਾ ਝਾੜੀਆਂ ਨਾਲ ਭਰਿਆ ਹੋਇਆ ਹੈ।"

# ਨਵੀਂ ਦਿੱਲੀ ਦੇ ਬਾਹਰੀ ਇਲਾਕੇ 'ਚ ਅੱਗ ਕਾਰਨ 130 ਝੁੱਗੀਆਂ ਸੁਆਹ

**ਨਵੀਂ ਦਿੱਲੀ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਹਰੀ ਦਿੱਲੀ ਵਿਚ ਸ਼ਾਹਬਾਦ ਡੇਅਰੀ ਨੇੜੇ ਝੁੱਗੀ ਬਸਤੀ ਵਿਚ ਲੱਗੀ ਭਿਆਨਕ ਅੱਗ ਕਾਰਨ 130 ਝੁੱਗੀਆਂ ਸੁਆਹ ਹੋ ਗਈਆਂ। ਦਿੱਲੀ ਫਾਇਰ ਸਰਵਿਸ ਦੇ ਅਧਿਕਾਰੀ ਨੇ ਦੱਸਿਆ ਕਿ ਐਤਵਾਰ ਰਾਤ ਨੂੰ ਲੱਗੀ ਅੱਗ 'ਚ ਕਿਸੇ ਜਾਨੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਹੈ। ਵਿਭਾਗ ਨੂੰ ਐਤਵਾਰ ਰਾਤ 10.17 ਵਜੇ ਅੱਗ ਲੱਗਣ ਦੀ ਸੂਚਨਾ ਮਿਲੀ। 15 ਫਾਇਰ ਟੈਂਡਰ ਨੂੰ ਕੰਮ 'ਚ ਲਗਾਇਆ ਗਿਆ ਅਤੇ ਅੱਗ 'ਤੇ ਪੂਰੀ



ਤਰ੍ਹਾਂ ਕਾਬੂ ਪਾ ਲਿਆ ਗਿਆ। ਘਟਨਾ 'ਚ ਕੋਈ ਜ਼ਖਮੀ ਨਹੀਂ ਹੋਇਆ। ਕਰੀਬ 130 ਝੁੱਗੀਆਂ ਸੜ ਗਈਆਂ ਹਨ।

# ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ ਨੇ ਪੰਜ ਰੋਜ਼ਾ ਰਾਸ਼ਟਰੀ ਸਿਖਲਾਈ ਪ੍ਰੋਗਰਾਮ ਦਾ ਕੀਤਾ ਆਯੋਜਨ



**ਜਲੰਧਰ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ (ਐੱਸਐੱਸਐੱਸ-ਐਨਆਈਬੀਈ), ਕਪੂਰਥਲਾ ਵੱਲੋਂ 19 ਤੋਂ 23 ਫ਼ਰਵਰੀ ਤੱਕ 'ਬਾਇਓਗੈਸ ਤਕਨਾਲੋਜੀ ਅਤੇ ਇਸ ਦੇ ਅਮਲ' ਵਿਸ਼ੇ 'ਤੇ ਪੰਜ ਰੋਜ਼ਾ ਰਾਸ਼ਟਰੀ ਸਿਖਲਾਈ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਸਿਖਲਾਈ ਪ੍ਰੋਗਰਾਮ ਦੇ ਉਦਘਾਟਨੀ ਸਮਾਗਮ ਵਿੱਚ ਜਿੱਥੇ ਇੰਡੀਅਨ ਬਾਇਓ ਗੈਸ ਐਸੋਸੀਏਸ਼ਨ, ਗੁਰੂਗ੍ਰਾਮ ਦੇ ਪ੍ਰਧਾਨ ਡਾ. ਏ ਆਰ ਸ਼ੁਕਲਾ ਵਰਚੂਅਲ ਤੌਰ 'ਤੇ ਹਾਜ਼ਰ ਰਹੇ, ਉੱਥੇ ਐਸੋਸੀਏਸ਼ਨ ਦੇ ਚੇਅਰਮੈਨ ਸ੍ਰੀ ਗੌਰਵ ਕੇਡੀਆ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਸਰਦਾਰ ਸਵਰਨ ਸਿੰਘ ਨੈਸ਼ਨਲ ਇੰਸਟੀਚਿਊਟ ਆਫ਼ ਬਾਇਓ-ਐਨਰਜੀ ਦੇ ਡਾਇਰੈਕਟਰ ਜਨਰਲ ਡਾ. ਜੀ ਸ਼੍ਰੀਧਰ ਨੇ ਪਹੁੰਚੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਸਿਖਲਾਈ ਪ੍ਰੋਗਰਾਮ ਇੰਡੀਅਨ ਬਾਇਓ ਗੈਸ ਐਸੋਸੀਏਸ਼ਨ ਨਾਲ ਮਿਲ ਕੇ ਕੀਤਾ ਜਾ ਰਿਹਾ ਹੈ, ਜਿਸ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਬਾਇਓਗੈਸ ਤਕਨਾਲੋਜੀ ਸਬੰਧੀ ਸਾਰੇ ਪੱਖਾਂ ਬਾਰੇ ਮਾਹਿਰਾਂ ਵੱਲੋਂ ਲੈਕਚਰ ਦਿੱਤੇ ਜਾਣਗੇ ਅਤੇ ਫੀਲਡ ਦਾ ਦੌਰਾ ਵੀ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਪ੍ਰੋਗਰਾਮ ਦਾ ਦੇਸ਼ ਨੂੰ ਬਹੁਤ ਫਾਇਦਾ ਹੋਵੇਗਾ ਅਤੇ ਅਸੀਂ ਆਤਮ-ਨਿਰਭਰ ਭਾਰਤ ਦੀ ਦਿਸ਼ਾ ਵੱਲ ਹੋਰ ਅੱਗੇ ਵਧਾਂਗੇ।

ਇਸ ਮੌਕੇ ਵਰਚੂਅਲ ਤੌਰ 'ਤੇ ਮੁਖ਼ਾਤਿਬ ਹੁੰਦੇ ਹੋਏ ਡਾ. ਏ ਆਰ ਸ਼ੁਕਲਾ ਨੇ ਭਾਰਤੀ ਲੋਕਾਂ ਦੀ ਊਰਜਾ ਦੀ ਮੰਗ ਨੂੰ ਪੂਰਾ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਰਣਨੀਤੀ ਨੂੰ ਬੁਨਿਆਦੀ ਸੱਤ ਟੀਚਿਆਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ, ਜੋ ਕਿ ਲਾਗਤ ਨੂੰ ਘਟਾਉਣ, ਕੁਸ਼ਲਤਾ ਨੂੰ ਵੱਧ ਤੋਂ ਵੱਧ ਕਰਨ, ਰੋਜ਼ਗਾਰ ਸਿਰਜਣਾ, ਪ੍ਰਣਾਲੀ ਦੀ ਭਰੋਸੇਯੋਗਤਾ, ਪੈਟਰੋਲੀਅਮ ਉਤਪਾਦਾਂ ਨੂੰ ਘਟਾਉਣਾ, ਸਥਾਨਕ ਸਰੋਤਾਂ ਦੀ ਵੱਧ ਤੋਂ ਵੱਧ ਵਰਤੋਂ ਅਤੇ ਨਿਕਾਸ ਨੂੰ ਘੱਟੋ ਘੱਟ ਕਰਨਾ ਹੈ। ਪ੍ਰੋਗਰਾਮ ਕੋਆਰਡੀਨੇਟਰ ਡਾ. ਸਚਿਨ ਕੁਮਾਰ, ਡਿਪਟੀ ਡਾਇਰੈਕਟਰ, ਐੱਸਐੱਸਐੱਸ-ਐਨਆਈਬੀਈ ਨੇ ਸਮਾਗਮ ਦੀ ਰੂਪ-ਰੇਖਾ ਬਾਰੇ ਦੱਸਿਆ ਅਤੇ ਡਾ. ਸੰਜੀਵ ਮਿਸ਼ਰਾ, ਵਿਗਿਆਨੀ-ਡੀ, ਐੱਸਐੱਸਐੱਸ-ਐਨਆਈਬੀਈ ਨੇ ਸਭ ਦਾ ਧੰਨਵਾਦ ਕੀਤਾ।

# ਇਸ ਵਾਰ 70 ਪਾਰ ਦਾ ਟੀਚਾ ਪ੍ਰਾਪਤ ਕਰਨ ਲਈ ਸ਼ੁਭਮਨ ਗਿੱਲ ਨੂੰ ਲੋਕ ਸਭਾ ਚੋਣਾਂ 2024 ਲਈ 'ਸਟੇਟ ਆਈਕੋਨ' ਬਣਾਇਆ : ਸਿਬਿਨ ਸੀ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਚੋਣ ਅਫਸਰ ਦੇ ਦਫਤਰ ਵੱਲੋਂ ਭਾਰਤੀ ਕ੍ਰਿਕਟਰ ਸ਼ੁਭਮਨ ਗਿੱਲ ਨੂੰ 'ਸਟੇਟ ਆਈਕੋਨ' ਬਣਾਇਆ ਗਿਆ ਹੈ।

ਇਸ ਬਾਬਤ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਪੰਜਾਬ ਵਾਸੀ ਸ਼ੁਭਮਨ ਗਿੱਲ ਕ੍ਰਿਕਟ ਪ੍ਰੇਮੀਆਂ ਖ਼ਾਸਕਰ ਨੌਜਵਾਨਾਂ ਵਿਚ ਕਾਫੀ ਮਕਬੂਲ ਹੈ ਅਤੇ ਆਗਾਮੀ ਲੋਕ ਸਭਾ ਚੋਣਾਂ 2024 ਦੌਰਾਨ 70 ਫੀਸਦੀ ਤੋਂ ਜ਼ਿਆਦਾ ਵੋਟਾਂ ਪਵਾਉਣ ਦਾ ਟੀਚਾ ਪ੍ਰਾਪਤ ਕਰਨ ਵਿਚ ਮਦਦਗਾਰ ਹੋਵੇਗਾ।

ਉਨ੍ਹਾਂ ਕਿਹਾ ਕਿ ਸ਼ੁਭਮਨ ਗਿੱਲ ਰਾਹੀਂ ਵੋਟਰ ਜਾਗਰੂਕਤਾ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਣਗੀਆਂ ਤਾਂ ਜੋ ਇਸ ਵਾਰ 70 ਪਾਰ ਦਾ ਟੀਚਾ



ਪ੍ਰਾਪਤ ਕੀਤਾ ਜਾ ਸਕੇ। ਇਸ ਤੋਂ ਪਹਿਲਾਂ ਹਰਮਨਪਿਆਰੇ ਪੰਜਾਬੀ ਗਾਇਕ ਤਰਸੇਮ ਜੱਸੜ ਨੂੰ ਵੀ 'ਸਟੇਟ ਆਈਕੋਨ' ਨਿਯੁਕਤ ਕੀਤਾ ਜਾ ਚੁੱਕਾ ਹੈ। ਸਿਬਿਨ ਸੀ ਨੇ ਦੱਸਿਆ ਕਿ ਬੀਤੇ ਸ਼ੁੱਕਰਵਾਰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨਾਲ ਕੀਤੀ ਮੀਟਿੰਗ ਵਿਚ ਉਨ੍ਹਾਂ ਨੂੰ ਅਜਿਹੇ ਇਲਾਕਿਆਂ ਦੀ ਨਿਸ਼ਾਨਦੇਹੀ ਕਰਨ ਲਈ ਕਿਹਾ ਗਿਆ ਸੀ, ਜਿੱਥੇ ਪਿਛਲੀਆਂ ਚੋਣਾਂ ਦੌਰਾਨ ਵੋਟ ਪ੍ਰਤੀਸ਼ਤ ਘੱਟ ਰਹੀ ਸੀ। ਉਨ੍ਹਾਂ ਕਿਹਾ ਕਿ ਅਜਿਹੇ ਖੇਤਰਾਂ ਵਿਚ ਜਾਗਰੂਕ ਮੁਹਿੰਮਾਂ ਅਤੇ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਰਾਹੀਂ ਅਪੀਲ ਕਰਵਾ ਕੇ ਵੋਟਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਵਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਮੁੱਖ ਚੋਣ ਅਧਿਕਾਰੀ ਨੇ ਉਮੀਦ ਜਤਾਈ ਕਿ ਪਹਿਲੀ ਵਾਰ ਵੋਟ ਪਾਉਣ ਵਾਲੇ ਮੁੰਡੇ-ਕੁੜੀਆਂ ਸ਼ੁਭਮਨ ਗਿੱਲ ਤੇ ਤਰਸੇਮ ਜੱਸੜ ਤੋਂ ਪ੍ਰਭਾਵਿਤ ਹੋ ਕੇ ਜਿੱਥੇ ਆਪਣੀ ਵੋਟ ਦੀ ਵਰਤੋਂ ਕਰਨਗੇ ਉੱਥੇ ਹੀ ਬਾਕੀ ਉਮਰ ਵਰਗ ਦੇ ਲੋਕਾਂ ਨੂੰ ਵੀ ਉਨ੍ਹਾਂ ਨੇ ਵੱਧ ਚੜ੍ਹ ਕੇ ਵੋਟ ਪਾਉਣ ਦੀ ਅਪੀਲ ਕੀਤੀ ਹੈ।

# ਪਟਿਆਲਾ 'ਚ ਕੈਪਟਨ ਦੀ ਰਿਹਾਇਸ਼ ਬਾਹਰ ਧਰਨਾ ਦੇ ਰਹੇ ਕਿਸਾਨ ਦੀ ਮੌਤ

**ਪਟਿਆਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਘਰ ਦੇ ਬਾਹਰ ਧਰਨਾ ਦੇ ਰਹੇ ਕਿਸਾਨ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ 43 ਸਾਲਾ ਨਰਿੰਦਰਪਾਲ ਸਿੰਘ ਪਟਿਆਲਾ ਜ਼ਿਲ੍ਹੇ ਨਾਲ ਸਬੰਧਤ ਸੀ। ਨਰਿੰਦਰਪਾਲ 17 ਫਰਵਰੀ ਨੂੰ ਆਪਣੇ ਸਾਥੀਆਂ ਨਾਲ ਪਟਿਆਲਾ ਧਰਨੇ 'ਤੇ ਪੁੱਜਾ ਸੀ ਕਿ ਐਤਵਾਰ ਰਾਤ ਨੂੰ ਅਚਾਨਕ ਉਸ ਦੀ ਤਬੀਅਤ ਖਰਾਬ ਹੋਣ ਲੱਗੀ ਤਾਂ ਉਸ ਨੇ ਆਪਣੇ ਸਾਥੀ ਕਿਸਾਨਾਂ ਨੂੰ ਉਸ ਨੂੰ ਵਾਪਸ ਪਿੰਡ ਲੈ ਜਾਣ ਲਈ ਕਿਹਾ। ਪਿੰਡ ਨੂੰ ਜਾਂਦੇ ਸਮੇਂ ਉਸ ਦੀ ਹਾਲਤ ਵਿਗੜ ਗਈ। ਨਰਿੰਦਰਪਾਲ ਨੂੰ ਤੁਰੰਤ ਸਰਕਾਰੀ ਰਾਜਿੰਦਰਾ ਹਸਪਤਾਲ ਲਿਜਾਇਆ



ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪਟਿਆਲਾ ਦੇ ਪਿੰਡ ਬਠੋਈ ਕਲਾਂ ਦੇ ਵਸਨੀਕ ਮ੍ਰਿਤਕ ਕਿਸਾਨ ਦੀਆਂ ਦੋ ਧੀਆਂ ਅਤੇ ਇੱਕ ਪੁੱਤਰ ਹੈ।

# ਮੋਹਾਲੀ 'ਚ ਅੱਧੀ ਰਾਤ ਨੂੰ ਵਾਪਰਿਆ ਵੱਡਾ ਹਾਦਸਾ; ਵਿਦਿਆਰਥੀ ਸਣੇ ਦੋ ਦੀ ਮੌਤ

**ਮੁਹਾਲੀ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਦੇਰ ਰਾਤ ਸੈਕਟਰ 78-79 ਦੇ ਲਾਈਟ ਪੁਆਇੰਟ ਤੋਂ 2 ਐਕਸ.ਯੂ.ਵੀ. ਗੱਡੀਆਂ ਵਿਚਕਾਰ ਜ਼ਬਰਦਸਤ ਟੱਕਰ ਹੋ ਗਈ। ਇਸ ਹਾਦਸੇ 'ਚ ਇਨੋਵਾ ਚਾਲਕ ਮੁਹੰਮਦ ਅਸਲਮ ਮੀਰ (40) ਕਾਰ ਡੀਲਰ ਵਾਸੀ ਜੰਮੂ ਕਸ਼ਮੀਰ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਸਕਾਰਪੀਓ 'ਚ ਸਵਾਰ ਵਿਅਕਤੀ ਚੰਡੀਗੜ੍ਹ ਸੈਕਟਰ-10 ਸਥਿਤ ਡੀ.ਏ.ਵੀ. ਕਾਲਜ ਦਾ ਵਿਦਿਆਰਥੀ ਆਰੀਆ ਸ਼ਰਮਾ (21) ਦੀ ਹਸਪਤਾਲ ਵਿਚ ਇਲਾਜ ਦੌਰਾਨ ਮੌਤ ਹੋ ਗਈ। ਇਸ ਹਾਦਸੇ ਵਿਚ ਸਕਾਰਪੀਓ ਚਾਲਕ ਅਰਜੁਨ ਅਤੇ ਉਸ ਦੇ ਦੋ ਹੋਰ ਸਾਥੀ ਵੀ ਜ਼ਖ਼ਮੀ ਹੋ ਗਏ। ਥਾਣਾ ਸੋਹਾਣਾ ਪੁਲਸ ਨੇ ਜਾਂਚ ਦੇ ਆਧਾਰ 'ਤੇ ਸਕਾਰਪੀਓ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਐਤਵਾਰ ਨੂੰ ਲਾਸ਼ਾਂ ਦਾ ਪੋਸਟਮਾਰਟਮ ਕਰਵਾ ਕੇ ਵਾਰਸਾਂ ਨੂੰ ਸੌਂਪ ਦਿੱਤੀਆਂ।



**ਢਾਬੇ 'ਤੇ ਖਾਣਾ ਖਾ ਕੇ ਚੰਡੀਗੜ੍ਹ ਵਾਪਸ ਘਰ ਪਰਤ ਰਹੇ ਸਨ ਵਿਦਿਆਰਥੀ**

ਇਸ ਮਾਮਲੇ ਦੇ ਜਾਂਚ ਅਧਿਕਾਰੀ ਰਾਜ ਕੁਮਾਰ ਅਨੁਸਾਰ ਚੰਡੀਗੜ੍ਹ ਦੇ ਰਹਿਣ ਵਾਲੇ ਅਰਜੁਨ ਅਤੇ ਆਰੀਆ ਸ਼ਰਮਾ ਜੋ ਚੰਡੀਗੜ੍ਹ ਸੈਕਟਰ-10 ਸਥਿਤ ਡੀ. ਏ. ਵੀ. ਕਾਲਜ ਤੋਂ ਗ੍ਰੈਜੂਏਸ਼ਨ ਕਰ ਰਹੇ ਹਨ। ਹਾਦਸੇ ਸਮੇਂ ਉਹ ਲਾਂਡਰਾਂ ਦੇ ਇਕ ਢਾਬੇ 'ਤੇ ਰਾਤ ਦਾ ਖਾਣਾ ਖਾ ਕੇ ਘਰ ਪਰਤ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਦੀ ਰਫ਼ਤਾਰ ਥੋੜ੍ਹੀ ਤੇਜ਼ ਸੀ। ਇਸੇ ਦੌਰਾਨ ਲਾਈਟ ਪੁਆਇੰਟ 'ਤੇ ਦੂਜੇ ਪਾਸੇ ਤੋਂ ਜੰਮੂ-ਕਸ਼ਮੀਰ ਤੋਂ ਇਕ ਇਨੋਵਾ ਕਾਰ ਚਾਲਕ ਆ ਰਿਹਾ ਸੀ। ਜਿਵੇਂ ਹੀ ਦੋਵੇਂ ਸੈਕਟਰ 78-79 ਦੇ ਲਾਈਟ ਪੁਆਇੰਟ 'ਤੇ ਪੁੱਜੇ ਤਾਂ ਦੋਵਾਂ ਵਾਹਨਾਂ ਦੀ ਆਪਸ ਵਿਚ ਟੱਕਰ ਹੋ ਗਈ। ਹਾਦਸੇ ਵਿਚ ਦੋਵੇਂ ਵਾਹਨ ਬੁਰੀ ਤਰ੍ਹਾਂ ਨੁਕਸਾਨੇ ਗਏ। ਹਾਦਸੇ 'ਚ ਜ਼ਖਮੀ ਹੋਏ ਤਿੰਨਾਂ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ। ਉਥੇ ਪਹੁੰਚ ਕੇ ਡਾਕਟਰ ਨੇ ਇਨੋਵਾ ਚਾਲਕ ਨੂੰ ਮ੍ਰਿਤਕ ਐਲਾਨ ਦਿੱਤਾ ਜਦਕਿ ਸਕਾਰਪੀਓ 'ਚ ਬੈਠੇ ਆਰੀਆ ਸ਼ਰਮਾ ਦੀ ਵੀ ਇਲਾਜ ਦੌਰਾਨ ਮੌਤ ਹੋ ਗਈ। ਹਾਦਸੇ ਵਿਚ ਸਕਾਰਪੀਓ ਚਾਲਕ ਅਰਜੁਨ ਦੇ ਵੀ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਹਾਦਸੇ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਸੋਹਾਣਾ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਕਰਨ 'ਤੇ ਪਤਾ ਲੱਗਾ ਕਿ ਅਰਜੁਨ ਦੀ ਕਾਰ ਤੇਜ਼ ਰਫਤਾਰ ਸੀ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਪੁਲਸ ਨੇ ਅਰਜੁਨ ਖ਼ਿਲਾਫ਼ ਸਬੰਧਤ ਅਪਰਾਧਿਕ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।

# ਮੋਦੀ ਸਰਕਾਰ ਨੇ ਪਿਆਜ਼ ਦੇ ਨਿਰਯਾਤ ਤੋਂ ਹਟਾਈ ਪਾਬੰਦੀ

**ਨਵੀਂ ਦਿੱਲੀ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਆਜ਼ ਦੇ ਕਿਸਾਨਾਂ ਅਤੇ ਵਪਾਰੀਆਂ ਲਈ ਖ਼ੁਸ਼ਖ਼ਬਰੀ ਵਾਲੀ ਖ਼ਬਰ ਸਾਹਮਣੇ ਆਈ ਹੈ। ਕੇਂਦਰ ਸਰਕਾਰ ਨੇ ਪਿਆਜ਼ ਦੀ ਬਰਾਮਦ 'ਤੇ ਲੱਗੀ ਪਾਬੰਦੀ ਨੂੰ ਹਟਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ ਵਾਲੀ ਮੰਤਰੀਆਂ ਦੀ ਕਮੇਟੀ ਨੇ ਪਿਆਜ਼ ਦੀ ਬਰਾਮਦ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸ਼ੁਰੂਆਤੀ ਤੌਰ 'ਤੇ 3 ਲੱਖ ਮੀਟ੍ਰਿਕ ਟਨ ਪਿਆਜ਼ ਦਾ ਨਿਰਯਾਤ ਕੀਤਾ ਜਾਵੇਗਾ।

ਗੁਜਰਾਤ ਅਤੇ ਮਹਾਰਾਸ਼ਟਰ 'ਚ ਪਿਆਜ਼ ਦੇ ਕਾਫੀ ਸਟਾਕ ਨੂੰ ਦੇਖਦੇ ਹੋਏ ਸਰਕਾਰ ਨੇ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਹਟਾ ਦਿੱਤੀ ਹੈ। ਇਸ ਮਾਮਲੇ



ਦੀ ਜਾਣਕਾਰੀ ਰੱਖਣ ਵਾਲੇ ਸੂਤਰਾਂ ਦਾ ਕਹਿਣਾ ਹੈ ਕਿ ਕੇਂਦਰੀ ਮੰਤਰੀ ਮਨਸੁਖ ਮੰਡਾਵੀਆ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪਿਆਜ਼ ਕਿਸਾਨਾਂ ਦੀ ਸਥਿਤੀ ਤੋਂ ਜਾਣੂ ਕਰਵਾਇਆ ਸੀ। ਪਿਆਜ਼ ਉਤਪਾਦਕ ਖੇਤਰਾਂ ਵਿੱਚ ਪਿਆਜ਼ ਅਤੇ ਹੋਰ ਸਬਜ਼ੀਆਂ ਦੀਆਂ ਕੀਮਤਾਂ ਵਿੱਚ ਗਿਰਾਵਟ ਅਤੇ ਦੇਸ਼ ਵਿੱਚ ਪਿਆਜ਼ ਦੇ ਢੁਕਵੇਂ ਸਟਾਕ ਕਾਰਨ ਸਰਕਾਰ ਨੇ ਨਿਰਯਾਤ ਪਾਬੰਦੀ ਨੂੰ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ।

ਪਿਆਜ਼ ਦਾ ਪੈਦਾਵਾਰ ਘੱਟਣ ਅਤੇ ਅਸਮਾਨ ਛੂੰਹਦੀਆਂ ਕੀਮਤਾਂ ਕਾਰਨ ਕੇਂਦਰ ਸਰਕਾਰ ਨੇ 8 ਦਸੰਬਰ ਨੂੰ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ। ਇਹ ਪਾਬੰਦੀ 31 ਮਾਰਚ 2024 ਤੱਕ ਲਗਾਈ ਗਈ ਹੈ। ਪਿਛਲੇ ਸਾਲ ਦਸੰਬਰ ਦੇ ਮਹੀਨੇ ਪਿਆਜ਼ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਦੇਖਿਆ ਗਿਆ ਸੀ, ਜਦੋਂ ਪਿਆਜ਼ ਦੀ ਕੀਮਤ 100 ਰੁਪਏ ਪ੍ਰਤੀ ਕਿਲੋ ਤੱਕ ਪਹੁੰਚ ਗਈ ਸੀ। ਇਸ ਤੋਂ ਬਾਅਦ ਸਰਕਾਰ ਸਰਗਰਮ ਹੋ ਗਈ, ਜਿਸ ਨੇ ਕੀਮਤਾਂ 'ਤੇ ਲਗਾਮ ਲੱਗ ਗਈ।

ਪਿਆਜ਼ ਦੇ ਨਿਰਯਾਤ 'ਤੇ ਪਾਬੰਦੀ ਨਾਲ ਸਰਕਾਰ ਨੇ ਲੋਕਾਂ ਨੂੰ ਸਸਤੇ ਪਿਆਜ਼ ਵੇਚਣ ਲਈ ਵੀ ਕਦਮ ਚੁੱਕੇ ਹਨ ਅਤੇ ਬਫਰ ਸਟਾਕ ਤੋਂ ਪਿਆਜ਼ 25 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵੇਚਿਆ ਗਿਆ। ਨਿਰਯਾਤ ਪਾਬੰਦੀ ਤੋਂ ਬਾਅਦ ਸਭ ਤੋਂ ਵੱਡਾ ਪਿਆਜ਼ ਉਤਪਾਦਕ ਰਾਜ ਮਹਾਰਾਸ਼ਟਰ ਵਿੱਚ ਪਿਆਜ਼ ਦੀ ਕੀਮਤ ਵਿੱਚ ਗਿਰਾਵਟ ਆਈ ਹੈ। ਇਸ ਕਾਰਨ ਪਿਆਜ਼ ਦੀ ਮੰਗ ਅਤੇ ਖਪਤ ਅਨੁਸਾਰ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਸਪਲਾਈ ਹੋਣ ਲੱਗੀ। ਥੋਕ ਮੰਡੀਆਂ ਵਿੱਚ ਪਿਆਜ਼ ਦੀ ਚੰਗੀ ਆਮਦ ਕਾਰਨ ਪਿਆਜ਼ ਦੀਆਂ ਕੀਮਤਾਂ ਵਿੱਚ ਨਰਮੀ ਆਈ ਹੈ।

# ਘਰ ਪਹੁੰਚ ਬਣਾ ਕੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲਾ ਲੈਣ ਲਈ ਕੀਤਾ ਜਾਵੇ ਪ੍ਰੇਰਿਤ : ਹਰਭਗਵੰਤ ਸਿੰਘ

**ਪਠਾਨਕੋਟ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਲਈ ਵਿਸ਼ੇਸ਼ ਮੁਹਿੰਮ ਜਾਰੀ ਹੈ। ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਠਾਨਕੋਟ ਵਿੱਚ ਇਸ ਮੁਹਿੰਮ ਨੂੰ ਹੋਰ ਰਫ਼ਤਾਰ ਦੇਣ ਲਈ ਅੱਜ ਬੀਪੀਈਓ ਦਫ਼ਤਰ ਪਠਾਨਕੋਟ -3 ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਸਮੂਹ ਬੀਪੀਈਓ ਅਤੇ ਸੈਂਟਰ ਸਕੂਲ ਮੁਖੀਆਂ ਨਾਲ ਨਵੇਂ ਦਾਖਲੇ ਅਤੇ ਨਵੇਂ ਵਿੱਦਿਅਕ ਸੈਸ਼ਨ ਨੂੰ ਲੈਕੇ ਮੀਟਿੰਗ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ. ਸਿੱ.) ਸ੍ਰੀ ਡੀਜੀ ਸਿੰਘ ਨੇ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਵਿਸਤਾਰ ਨਾਲ ਦਾਖ਼ਲਾ ਮੁਹਿੰਮ ਦੇ ਹਰ ਪੱਖ ਦਾ ਰਿਵਿਊ ਕੀਤਾ ਅਤੇ ਸਕੂਲ ਮੁਖੀਆਂ ਨੂੰ ਸਕੂਲ ਨੂੰ ਸਾਫ਼ ਸੁਥਰਾ ਰੱਖਣ, ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਉਣ ਅਤੇ ਸਮੁੱਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਨੇ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਫਿਲਹਾਲ ਇਸ ਸਾਲ ਦਾਖਲੇ ਵਿੱਚ ਵਾਧੇ ਦਾ 10 ਫੀਸਦੀ ਟੀਚਾ ਰੱਖਿਆ ਗਿਆ ਹੈ ਜਿਸ ਨੂੰ ਹਰ ਹਾਲਤ ਵਿੱਚ ਹਾਸਿਲ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਵੱਡੀ ਯੋਜਨਾ ਉਲੀਕੀ ਗਈ ਹੈ। ਇਸ ਯੋਜਨਾ ਤਹਿਤ ਸਾਰੇ ਬਲਾਕਾਂ ਵਿੱਚ ਪੜਾਅਵਾਰ ਪ੍ਰੇਰਣਾਦਾਇਕ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਇਸ ਮੁਹਿੰਮ ਦੌਰਾਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਵਿਚ ਰੁਚੀ ਲੈ ਰਹੇ ਹਨ। ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮ ਜ਼ਿਲ੍ਹਾ ਨੋਡਲ ਅਫ਼ਸਰ ਦਾਖ਼ਲਾ ਕਮੇਟੀ ਸ੍ਰੀ ਡੀਜੀ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ। ਇਸ ਦਾਖ਼ਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਗਲੀ ਕਲਾਸ ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਮੁੜ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੇ ਨਾਲ-ਨਾਲ ਸਕੂਲਾਂ ਤੋਂ ਵਾਂਝੇ ਵਿਦਿਆਰਥੀਆਂ ਨੂੰ ਵੀ ਸਕੂਲਾਂ ਵਿਚ ਦਾਖਲ ਕੀਤਾ ਜਾ ਰਿਹਾ ਹੈ।

## ਸੰਪਾਦਕੀ

# ‘ਇੰਡੀਆ’ ਅਤੇ ਭਾਜਪਾ ਦੀ ਚੋਣ ਰਣਨੀਤੀ

ਲੋਕ ਸਭਾ ਦੀਆਂ ਚੋਣਾਂ ਦੇ ਪਾਸੇ ਦੀਆਂ ਨਰਦਾਂ ਜਿਵੇਂ ਜਿਵੇਂ ਟਿਕ ਰਹੀਆਂ ਹਨ, ਘਟਨਾਵਾਂ ਤਰਕ ਅਤੇ ਉਪਯੋਗਤਾ ਦੇ ਤਕਾਜ਼ੇ ਪਲਟ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ‘ਇੰਡੀਆ’ ਗੱਠਜੋੜ ਅਤੇ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਨਾਲ ਮੁਕਾਬਲਾ ਹੋ ਰਿਹਾ ਹੈ। ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਾਰਲੀਮੈਂਟ ਵਿਚ ਬਿਆਨ ਦਿੱਤਾ ਕਿ ਭਗਵੀ ਪਾਰਟੀ ਨੇ ਲੋਕ ਸਭਾ ਦੀਆਂ 370 ਸੀਟਾਂ ਜਿੱਤਣ ਦਾ ਟੀਚਾ ਮਿੱਥ ਲਿਆ ਹੈ। ‘ਇੰਡੀਆ’ ਗੱਠਜੋੜ ਨੂੰ ਆਪਣਾ ਕਿਲ੍ਹਾ ਮਜ਼ਬੂਤ ਕਰਨ ਲਈ ਵੱਧ ਤੋਂ ਵੱਧ ਸਹਿਯੋਗੀ ਦਲਾਂ ਦੀ ਲੋੜ ਹੈ ਪਰ ਸੱਤਾਧਾਰੀ ਪਾਰਟੀ ਵਿਰੋਧੀ ਧਿਰ ਦੇ ਖੇਮੇ ਵਿਚ ਲਗਾਤਾਰ ਸੰਨ੍ਹ ਲਾ ਰਹੀ ਹੈ। ‘ਕੇਂਦਰ ਬਨਾਮ ਰਾਜ’ ਬਹਿਸ ਮਘਾਉਣ ਲਈ ਐੱਨਡੀਏ ਸਰਕਾਰ ਖਿਲਾਫ਼ ਕੀਤੀਆਂ ਜਾਂਦੀਆਂ ਕੁਝ ਸ਼ਿਕਾਇਤਾਂ ਵਿਚ ਕੁਦਰਤੀ ਆਫ਼ਤਾਂ (ਮਿਸਾਲ ਦੇ ਤੌਰ ’ਤੇ ਤਾਮਿਲ ਨਾਡੂ ਦੇ ਹੜ੍ਹ) ਮੌਕੇ ਕੇਂਦਰ ਤੋਂ ਨਾਕਾਫ਼ੀ ਵਿੱਤੀ ਇਮਦਾਦ ਮਿਲਣ ਅਤੇ ਵਿਰੋਧੀ ਪਾਰਟੀਆਂ ਦੇ ਮੰਤਰੀਆਂ ਦੀ ਗਿਣ ਮਿੱਥ ਕੇ ਫੜੋ-ਫੜਾਈ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਦੂਜੇ ਪਾਸੇ ਭਾਜਪਾ ਵੱਡ ਆਕਾਰੀ ਸੰਗਠਨ ਦੇ ਰੂਪ ਵਿਚ ਖੜ੍ਹੀ ਹੈ ਜਿਸ ਕੋਲ ਸ਼ਕਤੀਸ਼ਾਲੀ ਲੀਡਰਸ਼ਿਪ, ਕ੍ਰਿਸ਼ਮਈ ਪ੍ਰਧਾਨ ਮੰਤਰੀ ਜਿਨ੍ਹਾਂ ਦੀ ਦੁਨੀਆ ਦੇ ਕਿਸੇ ਵੀ ਨੇਤਾ ਦੇ ਮੁਕਾਬਲੇ ਦਰਜੇਬੰਦੀ ਕਾਫ਼ੀ ਬਿਹਤਰ ਹੈ, ਜਿਨ੍ਹਾਂ ਦਾ ਵਿਧਾਨਕ ਸੰਸਥਾਵਾਂ ਉਪਰ ਸ਼ਿਕੰਜਾ ਕੱਸਿਆ ਹੋਇਆ ਹੈ ਅਤੇ ਪਾਰਟੀ ਦੀ ਜ਼ਬਰਦਸਤ ਮਸ਼ੀਨਰੀ ਹੈ। ਇਸ ਵੇਲੇ ਢਿੱਲੀ ਅਤੇ ਡਾਵਾਂਡੋਲ ਵਿਰੋਧੀ ਧਿਰ ਦੇ ਮੁਕਾਬਲੇ ਭਾਜਪਾ ਕੋਲ ਜ਼ਰੂਰਤ ਤੋਂ ਵੱਧ ਸਾਮਾਨ ਮੌਜੂਦ ਹੈ। ਭਾਜਪਾ ਜਿਸ ਤਰ੍ਹਾਂ ਖੇਤਰੀ ਦਲਾਂ ਜਿਨ੍ਹਾਂ ਦੀਆਂ ਜੜ੍ਹਾਂ ਵੰਸ਼ਵਾਦੀ ਜਾਂ ਪਛਾਣ ਦੀ ਸਿਆਸਤ ਵਿਚ ਲੱਗੀਆਂ ਹੋਈਆਂ ਹਨ, ਨੂੰ ਐੱਨਡੀਏ ਨਾਲ ਜੋੜ ਰਹੀ ਹੈ, ਉਹ ਆਪਣੇ ਆਪ ਵਿਚ ਵੱਡੀ ਤ੍ਰਾਸਦੀ ਹੈ। ਪਿਛਲੇ ਪੰਜ ਸਾਲਾਂ ਦੌਰਾਨ ਭਾਜਪਾ ਨੇ ਸੰਯੁਕਤ ਸ਼ਿਵ ਸੈਨਾ, ਜਨਤਾ ਦਲ (ਯੂ) ਅਤੇ ਸ਼੍ਰੋਮਣੀ ਅਕਾਲੀ ਦਲ ਜਿਹੇ ਪੁਰਾਣੇ ਸਹਿਯੋਗੀ ਗੁਆ ਲਏ ਸਨ। ਹੁਣ ਕੁਝ ਛੋਟੀਆਂ ਪਾਰਟੀਆਂ ਸ਼ਾਮਲ ਹੋਣ ਨਾਲ ਐੱਨਡੀਏ ਦਾ ਦਾਇਰਾ ਕਾਫ਼ੀ ਵਧ ਗਿਆ ਹੈ, ਭਾਵੇਂ ਇਹ ਕੰਮ ਭਾਜਪਾ ਦੀ ਜੋੜ ਤੋੜ ਦੀ ਕਲਾ ਕਰ ਕੇ ਸਿਰੇ ਚਡਿ ?ਆ ਹੈ। ਮਹਾਰਾਸ਼ਟਰ ਵਿਚ ਸ਼ਿਵ ਸੈਨਾ ਵਿਚ ਪਈ ਫੁੱਟ ਕਰ ਕੇ ਵੱਡਾ ਧੜਾ ਪਾਰਟੀ ਦੇ ਆਗੂ ਊਧਵ ਠਾਕਰੇ ਤੋਂ ਵੱਖ ਹੋ ਗਿਆ; ਇਸੇ ਤਰ੍ਹਾਂ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਵਿਚ ਫੁੱਟ ਪੈ ਗਈ ਅਤੇ ਅਜੀਤ ਪਵਾਰ ਦੀ ਅਗਵਾਈ ਵਾਲਾ ਧੜਾ ਐੱਨਡੀਏ ਦਾ ਹਿੱਸਾ ਬਣ ਗਿਆ ਹੈ। ਅਜੀਤ ਪਵਾਰ ਅਤੇ ਏਕਨਾਥ ਸ਼ਿੰਦੇ ਜਿਹੇ ਆਗੂਆਂ ਖਿਲਾਫ਼ ਇਕ ਸਮੇਂ ਭਾਜਪਾ ਸੰਗੀਨ ਦੋਸ਼ ਲਾਉਂਦੀ ਰਹੀ ਹੈ। ਭਾਜਪਾ ਨੇ ਜਨਤਾ ਦਲ (ਯੂ) ਨੂੰ ਵੀ ਆਪਣੇ ਪਾਲ਼ੇ ਵਿਚ ਲੈ ਆਂਦਾ ਹੈ ਅਤੇ ਇਸ ਨਾਟਕੀ ਘਟਨਾਕ੍ਰਮ ਨਾਲ ਬਿਹਾਰ ਵਿਚ ਮਹਾਗਠਬੰਧਨ ਸਰਕਾਰ ਦਾ ਪਤਨ ਹੋ ਗਿਆ ਪਰ ਨਿਤੀਸ਼ ਕੁਮਾਰ ਅਜੇ ਵੀ ਮੁੱਖ ਮੰਤਰੀ ਬਣੇ ਹੋਏ ਹਨ ਜਿਨ੍ਹਾਂ ਦੀ ਸਾਖ਼ ਲਗਾਤਾਰ ਡਿੱਗ ਰਹੀ ਹੈ। ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਵੀ ਗੱਲਬਾਤ ਮੁੜ ਸ਼ੁਰੂ ਕਰ ਲਈ ਹੈ ਤਾਂ ਕਿ ਪੰਜਾਬ ਵਿਚ ਆਮ ਆਦਮੀ ਪਾਰਟੀ ਦਾ ਮੁਕਾਬਲਾ ਕੀਤਾ ਜਾ ਸਕੇ। ਭਾਜਪਾ ਦੀ ਇਸ ਮੁਹਿੰਮ ਦਾ ਸਭ ਤੋਂ ਰਹੱਸਮਈ ਪੱਖ ਉੱਤਰ ਪ੍ਰਦੇਸ਼ ਵਿਚ ਰਾਸ਼ਟਰੀ ਲੋਕ ਦਲ ਨੂੰ ਪਤਿਆਉਣ ਨਾਲ ਜੁੜਿ ?ਆ ਹੋਇਆ ਹੈ ਤਾਂ ਕਿ ਪੱਛਮੀ ਉੱਤਰ ਪ੍ਰਦੇਸ਼ ਵਿਚ ਆਪਣੀ ਸਥਿਤੀ ਮਜ਼ਬੂਤ ਕੀਤੀ ਜਾ ਸਕੇ ਜਿੱਥੇ ਪਾਰਟੀ ਦੀ ਕਾਰਗੁਜ਼ਾਰੀ ਹਮੇਸ਼ਾ ਵਧੀਆ ਰਹੀ ਹੈ। ਇਸ ਪਿੱਛੇ ਇਹ ਵਿਚਾਰ ਕੰਮ ਕਰ ਰਿਹਾ ਹੈ ਕਿ ਵਿਰੋਧੀ ਧਿਰ ਨੂੰ ਖੋਖਲਾ ਕਰ ਦਿੱਤਾ ਜਾਵੇ ਜਿਸ ਨੇ ਪਿਛਲੇ ਸਾਲ ਜੂਨ ਮਹੀਨੇ ਭਾਜਪਾ ਨੂੰ ਤਕੜੀ ਟੱਕਰ ਦਿੱਤੀ ਸੀ ਹਾਲਾਂਕਿ ਸੂਬੇ ਅੰਦਰ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਵਲੋਂ ‘ਇੰਡੀਆ’ ਗੱਠਜੋੜ ਦੀ ਅਗਵਾਈ ਬਾਰੇ ਭੰਬਲਭੂਸਾ ਬਣਿਆ ਰਿਹਾ ਸੀ। ਪਿਛਲੇ ਸਾਲ ਦਸੰਬਰ ਵਿਚ ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਵਿਚ ‘ਇੰਡੀਆ’ ਗੱਠਜੋੜ ਦੀ ਅਗਵਾਈ ਦਾ ਖੱਪਾ ਕਾਫ਼ੀ ਉਭਰ ਕੇ ਸਾਹਮਣੇ ਆਇਆ ਸੀ ਜਦੋਂ ਭਾਜਪਾ ਨੇ ਇਸ ਹਿੰਦੀ ਭਾਸ਼ੀ ਖੇਤਰ ਵਿਚ ਆਪਣਾ ਦਬਦਬਾ ਮੁੜ ਸਥਾਪਤ ਕਰ ਲਿਆ। ਇੱਥੋਂ ਮਾਤ ਖਾਣ ਬਾਅਦ ਕਾਂਗਰਸ ਨੇ ਦੱਖਣ ਵੱਲ ਰੁਖ਼ ਕੀਤਾ ਜਿੱਥੇ ਤਾਮਿਲ ਨਾਡੂ ਅਤੇ ਕੇਰਲ ਵਿਚ ਇਸ ਦੇ ਮਜ਼ਬੂਤ ਸਹਿਯੋਗੀ ਰਹੇ ਹਨ। ਦੱਖਣੀ ਸੂਬਿਆਂ ਵਿਚ ਭਾਜਪਾ ਦੀ ਹੋਂਦ ਨਾਮਾਤਰ ਹੈ ਪਰ ਪਾਰਟੀ ਨੇ ਕਰਨਾਟਕ ਵਿਚ ਵਿਧਾਨ ਸਭਾ ਚੋਣਾਂ ਵਿਚ ਸ਼ਿਕਸਤ ਖਾਣ ਪਿੱਛੋਂ ਹੁਣ ਜਨਤਾ ਦਲ (ਸੈਕੁਲਰ) ਨਾਲ ਨਾਤਾ ਗੰਢ ਲਿਆ ਹੈ ਜੋ ਦੇਵਗੌੜਾ ਦੇ ਪਰਿਵਾਰ ਦੀ ਨਿੱਜੀ ਪਾਰਟੀ ਬਣ ਕੇ ਰਹਿ ਗਈ ਹੈ। ਆਂਧਰਾ ਪ੍ਰਦੇਸ਼ ਵਿਚ ਤੈਲਗੂ ਦੇਸਮ ਪਾਰਟੀ ਅਤੇ ਇਸ ਦੀ ਮੁਖ਼ਾਲਫ਼ ਸੱਤਾਧਾਰੀ ਵਾਈਐੱਸਆਰ ਕਾਂਗਰਸ, ਦੋਵੇਂ ਐੱਨਡੀਏ ਨਾਲ ਹੱਥ ਮਿਲਾਉਣ ਲਈ ਤਿਆਰ ਜਾਪਦੀਆਂ ਹਨ; ਤਿਲੰਗਾਨਾ ਵਿਚ ਪਾਰਟੀ ਲੀਡਰਸ਼ਿਪ ਕੇ ਚੰਦਰਸ਼ੇਖਰ ਰਾਓ ਦੀ ਭਾਰਤ ਰਾਸ਼ਟਰ ਸਮਿਤੀ ਨਾਲ ਹੱਥ ਮਿਲਾਉਣ ਬਾਰੇ ਅਜੇ ਤੱਕ ਕੋਈ ਫ਼ੈਸਲਾ ਨਹੀਂ ਕਰ ਸਕੀ। ਸਿਆਸੀ ਧਰਾਤਲ ਮੁਤਾਬਕ ਭਾਜਪਾ ਦੀ ਦਿੱਕਤ ਇਹ ਹੈ ਕਿ ਬਿਹਾਰ ਅਤੇ ਯੂਪੀ ਤੋਂ ਹੋਰ ਪਾਰਟੀਆਂ ਆਉਣ ਨਾਲ ਇਸ ਕੋਲ ਸਹਿਯੋਗੀਆਂ ਦੀ ਬਹੁਤਾਤ ਹੋ ਗਈ ਹੈ; ਜਨਤਾ ਦਲ (ਯੂ) ਅਤੇ ਅਸ਼ੋਕ ਚਵਾਨ ਜਿਹੇ ਕੁਝ ਕਾਂਗਰਸ ਆਗੂਆਂ ਦੇ ਪਾਲ਼ਾ ਬਦਲਣ ਨਾਲ ‘ਇੰਡੀਆ’ ਗੱਠਜੋੜ ਨੂੰ ਸੋਕੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨਾਲ ਐੱਨਡੀਏ ਅੰਦਰ ਸੀਟਾਂ ਦੀ ਵੰਡ ਬਾਰੇ ਕਸ਼ਮਕਸ਼ ਪੈਦਾ ਹੋ ਸਕਦੀ ਹੈ ਪਰ ਭਾਜਪਾ ਅਜਿਹੀਆਂ ਦਿੱਕਤਾਂ ’ਤੇ ਪਾਰ ਪਾਉਣ ਲਈ ਕਾਰਗਰ ਰਣਨੀਤੀ ਘੜਨ ਲਈ ਜਾਣੀ ਜਾਂਦੀ ਹੈ। ‘ਇੰਡੀਆ’ ਗੱਠਜੋੜ ਦੇ ਇਹ ਹਾਲਾਤ ਕਿਉਂ ਬਣੇ ਹਨ ? ਇਸ ਗੱਠਜੋੜ ਵਿਚ ਸ਼ੁਰੂ ਤੋਂ ਹੀ ਅਸਮੰਜਸ ਦਾ ਮਾਹੌਲ ਸੀ ਕਿਉਂਕਿ ਨਾ ਕਾਂਗਰਸ ਅਤੇ ਨਾ ਹੀ ਇਸ ਦੇ ਖੇਤਰੀ ਭਿਆਲ ਆਪਣੇ ਸਮੀਕਰਨ ਪਰਿਭਾਸ਼ਤ ਕਰ ਸਕੇ। ਤ੍ਰਿਣਮੂਲ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਆਪਣੇ ਆਪ ਨੂੰ ਕਾਂਗਰਸ ਦੇ ਬਰਾਬਰ ਭਿਆਲ ਮੰਨਦੇ ਹਨ ਪਰ ਕਾਂਗਰਸ ਬਹੁਤਾ ਕੁਝ ਕਹੇ ਬਗ਼ੈਰ ਹੀ ਕਮਾਂਡ ਆਪਣੇ ਹੱਥ ਰੱਖਣ ਦੀ ਚਾਹਵਾਨ ਹੈ। ਦੂਜੇ ਬੰਨੇ, ਸੂਬਾਈ ਪਾਰਟੀਆਂ ਇਕਜੁੱਟ ਕਮਾਂਡ ਬਾਰੇ ਸਹਿਮਤ ਨਹੀਂ। ਨਿਤੀਸ਼ ਕੁਮਾਰ ਨੂੰ ‘ਇੰਡੀਆ’ ਗੱਠਜੋੜ ਦਾ ਕਨਵੀਨਰ ਨਿਯੁਕਤ ਕਰਨ ਦਾ ਤ੍ਰਿਣਮੂਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਵਿਰੋਧ ਕੀਤਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਸ ਅਹੁਦੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਾਂਝੇ ਉਮੀਦਵਾਰ ਵਜੋਂ ਉਭਾਰਨ ਲਈ ਵਰਤਿਆ ਜਾ ਸਕਦਾ ਹੈ। ਰਾਹੁਲ ਗਾਂਧੀ ਨੇ ਆਪਣੇ ਤੌਰ ’ਤੇ ਕਈ ਵਾਰ ਇਹ ਗੱਲ ਸਪਸ਼ਟ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਕੋਈ ਜ਼ੋਰ ਅਜ਼ਮਾਈ ਨਹੀਂ ਕਰਨਗੇ। ਕਾਂਗਰਸ ਦੀ ਜੇ ਅਜਿਹੀ ਕੋਈ ਖਾਹਸ਼ ਹੋਵੇ ਤਾਂ ਵੀ ਇਸ ਦੀ ਜ਼ਮੀਨੀ ਤਾਕਤ ਇਸ ਨਾਲ ਮੇਲ ਨਹੀਂ ਖਾਂਦੀ। ਪਿਛਲੇ ਦਸੰਬਰ ਵਿਚ ਤਿੰਨ ਸੂਬਿਆਂ ਦੀਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਇਸ ਦੀ ਹੋਣੀ ਲਿਖ ਦਿੱਤੀ ਸੀ। ਜੇ ਤਿੰਨਾਂ ਵਿਚੋਂ ਦੋ ਸੂਬਿਆਂ ਵਿਚ ਵੀ ਕਾਂਗਰਸ ਜਿੱਤ ਜਾਂਦੀ ਤਾਂ ਇਹ ਹੱਕ ਨਾਲ ‘ਇੰਡੀਆ’ ਗੱਠਜੋੜ ਦੀ ਅਗਵਾਈ ਕਰਨ ਦੀ ਉਮੀਦ ਕਰ ਸਕਦੀ ਸੀ ਪਰ ਇਕੱਲੇ ਤਿਲੰਗਾਨਾ ਦੀ ਜਿੱਤ ਨਾਲ ਇਹ ਹਿੰਦੀ ਭਾਸ਼ੀ ਖੇਤਰ ਵਿਚ ਹੋਈ ਹਾਰ ਦੀ ਭਰਪਾਈ ਨਹੀਂ ਕਰ ਸਕਦੀ ਸੀ। ਕੁਲੀਸ਼ਨ ਦੀ ਉਸਾਰੀ ਕਦੇ ਵੀ ਕਾਂਗਰਸ ਦੀ ਤਾਕਤ ਨਹੀਂ ਰਹੀ। ਜਦੋਂ ਇਸ ਕੋਲ ਕੋਈ ਚਾਰਾ ਨਾ ਰਿਹਾ ਅਤੇ ਆਪਣੇ ਦਮ ’ਤੇ ਲੋਕ ਸਭਾ ਵਿਚ ਬਹੁਮਤ ਹਾਸਲ ਨਾ ਕਰ ਸਕੀ ਸੀ ਤਾਂ ਇਸ ਨੇ ਗ਼ੈਰ-ਭਾਜਪਾ ਕੁਲੀਸ਼ਨ ਨੂੰ ਅੱਧੇ ਮਨ ਨਾਲ ਹਮਾਇਤ ਦੇ ਦਿੱਤੀ ਸੀ ਅਤੇ ਫਿਰ ਆਪਣੀ ਮਰਜ਼ੀ ਨਾਲ ਉਸ ਨੂੰ ਇਵੇਂ ਡੇਗ ਦਿੱਤਾ, ਜਿਵੇਂ ਇਹ ਕੋਈ ਖੇਡ ਹੋਵੇ। ਰਾਹੁਲ ਗਾਂਧੀ ਇਸ ਪਰੰਪਰਾ ਵਿਚ ਫਿੱਟ ਬੈਠਦੇ ਹਨ। ਇਹ ਗੱਲ ਸਭ ਨੂੰ ਪਤਾ ਸੀ ਕਿ ਨਿਤੀਸ਼ ਕੁਮਾਰ ‘ਇੰਡੀਆ’ ਗੱਠਜੋੜ ਵਿਚ ਬੇਚੈਨੀ ਮਹਿਸੂਸ ਕਰ ਰਹੇ ਹਨ ਅਤੇ ਆਰਐੱਲਡੀ ਨੂੰ ਨਵੀਆਂ ਚਰਾਂਦਾਂ ਦੀ ਤਲਾਸ਼ ਹੈ। ਰਾਹੁਲ ਗਾਂਧੀ ਨੇ ਇਨ੍ਹਾਂ ਆਗੂਆਂ ਨਾਲ ਕੋਈ ਰਾਬਤਾ ਕਰ ਕੇ ਇਹ ਪਤਾ ਲਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹ ਨਾਖ਼ੁਸ਼ ਕਿਉਂ ਹਨ ਅਤੇ ਕੀ ਚਾਹੁੰਦੇ ਹਨ। ਉਹ ਆਪਣੀ ਪਾਰਟੀ ਦੇ ਆਗੂਆਂ ਖ਼ਾਸਕਰ ਆਪਣੇ ਕਰੀਬੀ ਮਿਲਿੰਦ ਦਿਓੜਾ ਵਰਗਿਆਂ ਦੇ ਚਲੇ ਜਾਣ ਤੋਂ ਵੀ ਅਭਿੱਜ ਨਜ਼ਰ ਆ ਰਹੇ ਹਨ। ਜਿੰਨੀ ਦੇਰ ਤੱਕ ਪਾਰਟੀ ਆਪਣੀ ਮਹਾਨਤਾ ਦੇ ਭਰਮ ’ਚੋਂ ਬਾਹਰ ਨਹੀਂ ਆਉਂਦੀ, ਉਦੋਂ ਤੱਕ ‘ਇੰਡੀਆ’ ਗੱਠਜੋੜ ਦੀ ਸਫਲਤਾ ਦੀ ਬਹੁਤੀ ਆਸ ਨਹੀਂ ਕੀਤੀ ਜਾ ਸਕਦੀ।

# ਦੇਸ਼ ਦਾ ਕਿਸਾਨ ਹੀ ਘਾਟਾ ਕਿਉਂ ਝੱਲੇ ?

**ਰਾਜੇਸ਼ ਰਾਮਚੰਦਰਨ**



ਕਿੰਨੂ ਦਾ ਸੀਜ਼ਨ ਚੱਲ ਰਿਹਾ ਹੈ ਅਤੇ ਤੁਹਾਨੂੰ ਘਰ ਦੀ ਦੇਹਲੀ ’ਤੇ 50 ਰੁਪਏ ਫੀ ਕਿਲੋ ਦੇ ਭਾਅ ਕਿੰਨੂ ਮਿਲ ਜਾਂਦਾ ਹੈ। ਬਹੁਤੇ ਪਾਠਕ ਇਸ ਬਾਰੇ ਜਾਣਦੇ ਹੋਣਗੇ ਪਰ ਇਹ ਨਹੀਂ ਪਤਾ ਹੋਵੇਗਾ ਕਿ ਐਤਕੀਂ ਕਿੰਨੂ ਉਤਪਾਦਕਾਂ ਦੇ ਭਾਅ ਦੀ ਬਣੀ ਹੋਈ ਹੈ। ਅਬੋਹਰ ਮੰਡੀ ਦੁਨੀਆ ਦੀ ਸਭ ਤੋਂ ਵੱਡੀ ਕਿੰਨੂ ਮੰਡੀ ਹੈ ਜਿਥੇ ਇਸ ਵੇਲੇ ਕਿੰਨੂ 3 ਤੋਂ 10 ਰੁਪਏ ਰੁਪਏ ਫੀ ਕਿਲੋ ਵਿਕ ਰਿਹਾ ਹੈ। ਕਿਸਾਨ ਤੋਂ 3 ਰੁਪਏ ਦੇ ਭਾਅ ਖਰੀਦਿਆ ਕਿੰਨੂ ਚੰਡੀਗੜ੍ਹ ਵਿਚ ਰੇਹੜੀਆਂ ਫੜ੍ਹੀਆਂ ’ਤੇ 50 ਰੁਪਏ ਕਿਲੋ ਤੱਕ ਵੇਚਿਆ ਜਾ ਰਿਹਾ ਹੈ। ਹੁਣ ਭਲਾ ਤੁਸੀਂ ਹੀ ਦੱਸੋ ਕਿ ਜੇ ਕਿਸਾਨ ਸੜਕਾਂ ’ਤੇ ਆ ਕੇ ਹਾਲ ਦੁਹਾਈ ਨਾ ਪਾਵੇ ਤਾਂ ਫਿਰ ਉਹ ਕੀ ਕਰੇ ? ਪੰਜਾਬ-ਹਰਿਆਣਾ ਹੱਦ ਉਪਰ ਇਹੀ ਕੁਝ ਹੋ ਰਿਹਾ ਹੈ।

ਫਾਜਿ ?ਲਕਾ ਜਿ ?ਲ੍ਹੇ ਦੇ ਅਬੋਹਰ ਤਹਿਸੀਲ ਦੇ ਪਿੰਡ ਪੱਟੀ ਸਾਦਿਕ ਦਾ ਗੁਰਪ੍ਰੀਤ ਸਿੰਘ ਇਸ ਸਵਾਲ ਦਾ ਜਵਾਬ ਮੰਗ ਰਿਹਾ ਹੈ। ਕੇਂਦਰ ਸਰਕਾਰ ਨੇ ਉਸ ਨੂੰ ਸਫਲਤਾ ਪੂਰਬਕ ਫ਼ਸਲੀ ਵੰਨ-ਸਵੰਨਤਾ ਅਪਣਾਉਣ ਬਦਲੇ ਕੌਮੀ ਪੁਰਸਕਾਰ ਨਾਲ ਨਿਵਾਜਿਆ ਸੀ। ਗੁਰਪ੍ਰੀਤ ਸਿੰਘ ਨੇ ਐੱਮਏ ਦੀ ਉਚੇਰੀ ਪੜ੍ਹਾਈ ਕੀਤੀ ਅਤੇ ਫਿਰ ਬੀਐੱਡ ਦੀ ਡਿਗਰੀ ਹਾਸਲ ਕੀਤੀ ਪਰ ਫਿਰ ਉਸ ਨੇ ਕੁੱਲਵਕਤੀ ਕਿਸਾਨੀ ਕਿੱਤੇ ਦੀ ਚੋਣ ਕੀਤੀ। ਉਸ ਤੋਂ ਵੱਧ ਅਗਾਂਹਵਧੂ ਤੇ ਸੂਝਵਾਨ ਕਿਸਾਨ ਦੀ ਮਿਸਾਲ ਲੱਭਣੀ ਔਖੀ ਹੈ। ਉਸ ਨੇ ਆਪਣੀ ਜ਼ੱਦੀ 27 ਏਕੜ ਪੈਲ਼ੀ ’ਚੋਂ 20 ਏਕੜ ਵਿਚ ਕਿੰਨੂ ਦੇ ਬਾਗ਼ ਲਾ ਕੇ ਕਣਕ ਝੋਨੇ ਦੇ ਫ਼ਸਲੀ ਚੱਕਰ ਦਾ ਤੋੜ ਲੱਭਿਆ ਸੀ ਪਰ ਹੁਣ ਉਸ ਨੂੰ ਆਪਣੇ ਇਸ ਫ਼ੈਸਲੇ ’ਤੇ ਪਛਤਾਵਾ ਹੈ।

ਉਸ ਨੂੰ ਕਿੰਨੂ ਦਾ 10.30 ਰੁਪਏ ਫ਼ੀ ਕਿਲੋ ਭਾਅ ਮਿਲਿਆ ਹੈ ਜੋ ਆਮ ਖਪਤਕਾਰਾਂ ਵਲੋਂ ਵਿਕਰੇਤਾ ਨੂੰ ਅਦਾ ਕੀਤੇ ਜਾਂਦੇ ਭਾਅ ਦਾ ਮਸਾਂ ਪੰਜਵਾਂ ਹਿੱਸਾ ਬਣਦਾ ਹੈ। ਗੁਰਪ੍ਰੀਤ ਨੇ ਦਾਅਵਾ ਕੀਤਾ ਕਿ ਨਵੰਬਰ-ਦਸੰਬਰ ਵਿਚ ਪੰਜਾਬ ਐਗਰੋ ਨੇ ਮੰਡੀ ਵਿਚ ਦਖ਼ਲ ਦੇ ਕੇ 12.60 ਰੁਪਏ ਫੀ ਕਿੱਲੋ ਦੇ ਹਿਸਾਬ ਨਾਲ ਸਿਆਸੀ ਤੌਰ ’ਤੇ ਪ੍ਰਭਾਵਸ਼ਾਲੀ ਕਿਸਾਨਾਂ ਦਾ ਕਿੰਨੂ ਖਰੀਦਿਆ ਸੀ ਪਰ ਉਸ ਵਰਗੇ ਬਹੁਤ ਸਾਰੇ ਕਿਸਾਨਾਂ ਦੀ ਕਿਸੇ ਨੇ ਬਾਤ ਨਹੀਂ ਪੁੱਛੀ। ਉਸ ਦੇ ਦਾਅਵੇ ਅਪੁਸ਼ਟ ਹਨ ਪਰ ਤੱਥ ਇਹ ਹੈ ਕਿ ਇਸ ਸਾਲ ਕਿੰਨੂ ਦਾ ਚੰਗਾ ਝਾੜ ਮਿਲਿਆ ਹੈ। ਪਿਛਲੇ ਸਾਲ ਜਿਨ੍ਹਾਂ ਖਰੀਦਦਾਰਾਂ ਨੇ 27 ਰੁਪਏ ਫੀ ਕਿਲੋ ਦਾ ਭਾਅ ਦਿੱਤਾ ਸੀ ਅਤੇ ਕਿਸਾਨਾਂ ਨੂੰ ਹੋਰ ਜਿ ?ਆਦਾ ਕਿੰਨੂ ਦੇ ਬਾਗ਼ ਲਾਉਣ ਲਈ ਹੱਲਾਸ਼ੇਰੀ ਦੇ ਰਹੇ ਸਨ, ਉਹ ਸਭ ਯਕਦਮ ਛਾਈਂ ਮਾਈਂ ਹੋ ਗਏ ਹਨ। ਹੋ ਸਕਦਾ ਹੈ ਕਿ ਗੁਆਂਢੀ ਦੇਸ਼ ਵਲੋਂ ਦਰਾਮਦੀ ਡਿਊਟੀ ਵਿਚ ਵਾਧਾ ਕਰਨ ਦਾ ਇਹ ਅਸਰ ਹੋਇਆ ਹੋਵੇ ਪਰ ਕਿਸਾਨਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਇਹ ਸਭ ਬਹਾਨੇ ਹਨ; ਬੰਪਰ ਝਾੜ ਹੋਣ ਕਰ ਕੇ ਉਨ੍ਹਾਂ ਦੇ ਪੱਲੇ ਕੱਖ ਵੀ ਨਹੀਂ ਪਿਆ।

ਇਹ ਵੀ ਤੱਥ ਹੈ ਕਿ ਪੰਜਾਬ ਦੇ ਇਕ ਕੋਨੇ ’ਤੇ ਜਿਹੜਾ ਕਿੰਨੂ ਤਿੰਨ ਰੁਪਏ ਫੀ ਕਿਲੋ ਖਰੀਦਿਆ ਜਾ ਰਿਹਾ ਹੈ, ਉਹੀ ਕਿੰਨੂ 300 ਕਿਲੋਮੀਟਰ ਦੂਰ ਦੂਜੇ ਕੋਨੇ ’ਤੇ 50 ਰੁਪਏ ਫੀ ਕਿਲੋ ਵੇਚਿਆ ਜਾ ਰਿਹਾ ਹੈ। ਹਰਿਆਣਾ ਦੀ ਹੱਦ ’ਤੇ ਰੋਕੇ ਜਾ ਰਹੇ ਅੰਦੋਲਨਕਾਰੀ ਪੰਜਾਬ ਦੇ ਕਿਸਾਨ ਭਾਰਤੀ ਖੇਤੀ ਜਿਣਸ ਮੰਡੀ ਦੇ ਇਸ ਬੁਨਿਆਦੀ ਨੁਕਸ ਨੂੰ ਦੂਰ ਕਰਨ ਦੀ ਮੰਗ ਕਰ ਰਹੇ ਹਨ। ਸ਼ਹਿਰਾਂ ਵਿਚ ਰਹਿੰਦੀ ਜਿਹੜੀ ਜਨਤਾ ਪੰਜਾਬ ਦੇ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਮੰਗਣ ਬਦਲੇ ਲਗਾਤਾਰ ਕੋਸਦੀ ਰਹਿੰਦੀ ਹੈ ਅਤੇ ਉਨ੍ਹਾਂ ’ਤੇ ਡਰੋਨਾਂ ਦੀ ਵਰਤੋਂ ਕਰਨ ਨੂੰ ਵੀ ਸਹੀ ਠਹਿਰਾਉਂਦੀ ਹੈ, ਉਸ ਨੂੰ ਰਤਾ ਕੁ ਰੁਕ ਕੇ ਸੋਚਣਾ ਚਾਹੀਦਾ ਹੈ ਕਿ ਕੀ ਉਹ ਆਪਣੀਆਂ ਸੇਵਾਵਾਂ ਲਾਗਤ ਮੁੱਲ ਤੋਂ ਘੱਟ ’ਤੇ ਵੇਚ ਸਕਦੀ ਹੈ ? ਕੀ ਉਹ ਇਹ ਬਰਦਾਸ਼ਤ ਕਰ ਸਕਦੇ ਹਨ ਜਦੋਂ ਉਨ੍ਹਾਂ ਦੇ ਉਤਪਾਦ ਬਿਨਾਂ ਕਿਸੇ ਸਿਫ਼ਤੀ ਵਾਧੇ ਤੋਂ ਆਂਢ-ਗੁਆਂਢ ਵਿਚ ਹੀ 5 ਤੋਂ 18 ਗੁਣਾ ਭਾਅ ’ਤੇ ਵੇਚੇ ਜਾ ਰਹੇ ਹੋਣ ?

ਗੁਰਪ੍ਰੀਤ ਸਿੰਘ ਨੂੰ ਆਪਣੀ ਜ਼ਮੀਨ ਅਤੇ ਸਤਹਿ ਹੇਠਲੇ ਪਾਣੀ ਦਾ ਫਿ ?ਕਰ ਹੈ ਜਿਸ ਕਰ ਕੇ ਉਸ ਨੇ ਝੋਨਾ ਲਾਉਣਾ ਛੱਡਿਆ ਸੀ। ਉਹ ਇਸ ਮਸਲੇ ਦਾ ਸਰਲ ਜਿਹਾ ਹੱਲ ਦੱਸਦਾ ਹੈ ਕਿ ਮਾਰਕੀਟਿੰਗ ਅਤੇ ਖੋਜ ਤੇ ਵਿਕਾਸ ਰਾਹੀਂ ਮੁੱਲ ਵਾਧਾ ਕੀਤਾ ਜਾਵੇ। ਖੇਤੀ ਵਿਗਿਆਨੀ ਡਾ. ਐੱਮਐੱਸ ਸਵਾਮੀਨਾਥਨ ਨੂੰ ਭਾਰਤ ਰਤਨ ਪੁਰਸਕਾਰ ਬਹੁਤ ਪਹਿਲਾਂ ਮਿਲ ਜਾਣਾ ਚਾਹੀਦਾ ਸੀ; ਸਵਾਮੀਨਾਥਨ ਦੇ ਵਿਆਪਕ ਲਾਗਤ ਫਾਰਮੂਲੇ ਸੀ2 ਮੁਤਾਬਕ ਐਤਕੀਂ ਗੁਰਪ੍ਰੀਤ ਨੂੰ ਆਪਣੀ ਫ਼ਸਲ ’ਤੇ ਕੋਈ ਲਾਭ ਨਹੀਂ ਮਿਲਿਆ। ਉਂਝ, ਮੰਡੀਕਰਨ ਮੁਤੱਲਕ ਗੁਰਪ੍ਰੀਤ ਦੇ ਸਰੋਕਾਰਾਂ ਦੇ ਪ੍ਰਸੰਗ ਵਿਚ ਜਿਸ ਇਕ ਹੋਰ ਵੱਡੇ ਭਾਰਤ ਰਤਨ ਦੀ ਗੱਲ ਕੀਤੀ ਜਾ ਸਕਦੀ ਹੈ ਤਾਂ ਉਹ ਹਨ ਵਰਗੀਜ਼ ਕੁਰੀਅਨ।

ਉਨ੍ਹਾਂ ਇਹ ਯਕੀਨੀ ਬਣਾਇਆ ਸੀ ਕਿ ਕਿਸੇ ਕਿਸਾਨ ਵਲੋਂ ਵੇਚਿਆ ਜਾਂਦਾ ਸਾਰਾ ਉਤਪਾਦ ਕਿਸੇ ਅਦਾਰੇ ਵਲੋਂ ਖਰੀਦ ਲਿਆ ਜਾਵੇ ਅਤੇ ਉਸ ’ਤੇ ਕਮਾਏ ਗਏ ਮੁਨਾਫ਼ੇ ਨੂੰ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਬਿਹਤਰ ਕੀਮਤ ਦੇ ਹਿਸਾਬ ਨਾਲ ਵੰਡ ਦਿੱਤਾ ਜਾਵੇ। ਕੀ ‘ਅਮੂਲ’ ਤੋਂ ਬਿਹਤਰ ਕੋਈ ਖੇਤੀਬਾੜੀ ਮੰਡੀਕਰਨ ਦਾ ਮਾਡਲ ਹੋ ਸਕਦਾ ਹੈ ? ‘ਅਮੂਲ’ ਦੇ ਉਤਪਾਦਕ-ਸ਼ੇਅਰਧਾਰਕਾਂ ਨੂੰ ਜੋ ਕੁਝ ਪ੍ਰਾਪਤ ਹੁੰਦਾ ਹੈ, ਉਸ ਦਾ ਹੱਕਦਾਰ ਹਰ ਭਾਰਤੀ ਕਿਸਾਨ ਹੈ। ਜਦੋਂ ਤੱਕ ਭਾਰਤ ਦੇ ਕਿਸਾਨ ਦੇ ਖੇਤਾਂ ਵਿਚ ਉਸ ਦੀ ਜਿਣਸ ਨਹੀਂ ਖਰੀਦੀ ਜਾਂਦੀ, ਓਨੀ ਦੇਰ ਤੱਕ ਉਹ ਸਰਕਾਰੀ ਦਖ਼ਲ ਅਤੇ ਕਾਨੂੰਨੀ ਗਾਰੰਟੀ ਦੀ ਭੀਖ ਮੰਗਣ ਲਈ ਮਜਬੂਰ ਹੁੰਦੇ ਰਹਿਣਗੇ।

ਭਾਰਤ ਖੁਰਾਕੀ ਤੇਲ ਦਾ ਸਭ ਤੋਂ ਵੱਡਾ ਖਰੀਦਦਾਰ ਹੈ ਅਤੇ ਹਰ ਸਾਲ ਤੇਲ ਦਰਾਮਦ ਕਰਨ ਲਈ 20 ਅਰਬ ਡਾਲਰ ਖਰਚ ਕੀਤੇ ਜਾਂਦੇ ਹਨ, ਫਿਰ ਵੀ ਪਿਛਲੇ ਸਾਲ ਹਰਿਆਣਾ ਵਿਚ ਕੁਰੂਕਸ਼ੇਤਰ ਨੇੜੇ ਸ਼ਾਹਬਾਦ ਵਿਖੇ ਕਿਸਾਨਾਂ ਨੂੰ ਸੂਰਜਮੁਖੀ ਦਾ 6400 ਰੁਪਏ ਫੀ ਕੁਇੰਟਲ ਐੱਮਐੱਸਪੀ ਭਾਅ ਲੈਣ ਲਈ ਕੌਮੀ ਮਾਰਗ ਰੋਕਣਾ ਪਿਆ ਸੀ; ਸਰਕਾਰ ਨੂੰ ਇਹ ਅਹਿਮ ਜਿਣਸ ਖਰੀਦਣ ਦੀ ਲੋੜ ਵੀ ਸੀ। ਉਸ ਸਾਲ ਕਿਸਾਨਾਂ ਨੂੰ ਆਪਣੀ ਸਰ੍ਹੋਂ 4400 ਰੁਪਏ ਫੀ ਕੁਇੰਟਲ ਦੇ ਭਾਅ ਵੇਚਣੀ ਪਈ ਸੀ; ਇਸ ਦਾ ਘੱਟੋ-ਘੱਟ ਸਮਰਥਨ ਮੁੱਲ 5400 ਰੁਪਏ ਐਲਾਨਿਆ ਗਿਆ। ਹਰ ਸਾਲ ਕੁਝ ਨਾ ਕੁਝ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਜਾਂ ਸਬਜ਼ੀਆਂ ਸੜਕਾਂ ’ਤੇ ਖਿਲਾਰ ਕੇ ਰੋਸ ਦਰਸਾਉਣਾ ਪੈਂਦਾ ਹੈ ਤਾਂ ਕਿ ਸਰਕਾਰ ਦੀਆਂ ਅੱਖਾਂ ਖੁੱਲ੍ਹ ਸਕਣ। ਸਰਕਾਰ ਪੱਖੀ ਅਰਥ ਸ਼ਾਸਤਰੀ ਅਤੇ ਸਮੀਖਿਅਕ ਇਹ ਦਲੀਲਾਂ ਦਿੰਦੇ ਰਹਿੰਦੇ ਹਨ ਕਿ ਫ਼ਸਲਾਂ ਦੀ ਸਰਕਾਰੀ ਖਰੀਦ ਨਾਲ ਐਨੇ ਲੱਖਾਂ ਕਰੋੜਾਂ ਰੁਪਏ ਨਾਲ ਵਿੱਤੀ ਤਬਾਹੀ ਆ ਜਾਵੇਗੀ ਪਰ ਉਹ ਇਹ ਨਹੀਂ ਸਮਝ ਰਹੇ ਕਿ ਖਪਤਕਾਰ ਤਾਂ ਇਹ ਲੱਖਾਂ ਕਰੋੜਾਂ ਰੁਪਏ ਪਹਿਲਾਂ ਹੀ ਖਰਚ ਕਰ ਰਿਹਾ ਹੈ ਪਰ ਇਸ ’ਚੋਂ ਕਿਸਾਨਾਂ ਦੇ ਪੱਲੇ ਕੁਝ ਵੀ ਨਹੀਂ ਪੈ ਰਿਹਾ। ਜੇ ਮੰਡੀ ਵਿਚ ਘਾਲਾ-ਮਾਲਾ ਹੋ ਰਿਹਾ ਹੈ ਤਾਂ ਇਹ ਸਰਕਾਰ ਦਾ ਫ਼ਰਜ਼ ਬਣਦਾ ਹੈ ਕਿ ਇਸ ਨੂੰ ਅਨੁਸ਼ਾਸਿਤ ਕੀਤਾ ਜਾਵੇ ਅਤੇ ਉਤਪਾਦਕਾਂ ਨੂੰ ਪਾਏਦਾਰ ਮੁਨਾਫ਼ਾ ਦਿੱਤਾ ਜਾਵੇ।

ਤੇ ਜੇ ਭਲਾ ਕਿਸਾਨਾਂ ਨੂੰ ਇਹ ਨਹੀਂ ਮਿਲਦਾ ਤਾਂ ਉਹ ਸੜਕਾਂ ਰੋਕਣ ਲਈ ਉਸ ਢੁਕਵੇਂ ਸਮੇਂ ਦੀ ਤਲਾਸ਼ ਕਰਨਗੇ ਜਦੋਂ ਸਰਕਾਰ ਦੀ ਹਾਲਤ ਸਭ ਤੋਂ ਵੱਧ ਕਮਜ਼ੋਰ ਹੋਵੇ। ਸਾਫ਼ ਜ਼ਾਹਿਰ ਹੈ ਕਿ ਪੰਜਾਬ ਦੇ ਸ਼ਕਤੀਸ਼ਾਲੀ ਕਿਸਾਨ ਦੇਸ਼ ਭਰ ਵਿਚਲੇ ਆਪਣੇ ਕਿਸਾਨ ਭਰਾਵਾਂ ਨੂੰ ਨਾਲ ਲੈ ਕੇ ਸਰਕਾਰ ਨੂੰ ਘੇਰਨ ਦਾ ਯਤਨ ਕਰ ਰਹੇ ਹਨ ਅਤੇ ਉਨ੍ਹਾਂ ’ਤੇ ਡਰੋਨਾਂ ਰਾਹੀਂ ਅੱਥਰੂ ਗੈਸ ਦੇ ਗੋਲੇ ਵਰ੍ਹਾਉਣ ਦੀ ਹਿਮਾਕਤ ਕਰਨ ਲਈ ਮਜਬੂਰ ਕਰ ਰਹੇ ਹਨ ਜੋ ਸਰਕਾਰ ਲਈ ਬਹੁਤ ਹੀ ਨਮੋਸ਼ੀ ਵਾਲੀ ਸਥਿਤੀ ਹੋਵੇਗੀ। ਇਹ ਵਿਰੋਧ ਦੀ ਵਾਜਿਬ ਸਿਆਸਤ ਹੈ। ਅਫ਼ਸੋਸ ਇਹ ਹੈ ਕਿ ਸ਼ੁੱਕਰਵਾਰ ਨੂੰ ਸ਼ੰਭੂ ਲਾਂਘੇ ਉਪਰ ਦਿਲ ਦਾ ਦੌਰਾ ਪੈਣ ਕਰ ਕੇ ਇਕ ਕਿਸਾਨ ਦੀ ਮੌਤ ਹੋ ਗਈ ਜਿਸ ਨਾਲ ਚੋਣਾਂ ਤੋਂ ਪਹਿਲਾਂ ਸਰਕਾਰ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਉਂਝ, ਇਸ ਦੇ ਨਾਲ ਹੀ ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਸਾਨਾਂ ਨੂੰ ਵੀ ਆਪਣੀ ‘ਮੋਦੀ ਕੀ ਗਾਰੰਟੀ’ ਦੇ ਕੇ ਬਾਜ਼ੀ ਪਲਟ ਦੇਣ ਤਾਂ ਇਹ ਅੰਦੋਲਨ ਉਨ੍ਹਾਂ ਲਈ ਸੁਨਹਿਰੀ ਮੌਕਾ ਸਾਬਿਤ ਹੋ ਸਕਦਾ ਹੈ। ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੋ, ਉਨ੍ਹਾਂ ਨੂੰ ਜਿੱਤ ਦਾ ਅਹਿਸਾਸ ਕਰਾਓ। ਜਦੋਂ ਭਾਰਤੀ ਕਿਸਾਨ ਦੀ ਗੱਲ ਸੁਣ ਲਈ ਜਾਵੇ ਅਤੇ ਉਸ ਦਾ ਸਤਿਕਾਰ ਕੀਤਾ ਜਾਵੇ ਤਾਂ ਅਜਿਹਾ ਕੁਝ ਵੀ ਨਹੀਂ ਹੈ ਜੋ ਉਹ ਤੁਹਾਨੂੰ ਦੇਣ ਤੋਂ ਇਨਕਾਰ ਕਰੇਗਾ। ਕਿਸਾਨ ਅੰਦੋਲਨ ਦੇ ਜ਼ਖ਼ਮਾਂ ਨੂੰ ਨਾਸੂਰ ਨਹੀਂ ਬਣਨ ਦੇਣਾ ਚਾਹੀਦਾ।

# ਸਥਿਰਤਾ ਨਾਲ ਜੁੜ ਕੇ ਜੀਵਨ ਸਕੂਨ ਅਤੇ ਅਨੰਦਮਈ ਬਣ ਜਾਂਦਾ ਹੈ : ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**





ਬ੍ਰਹਮਗਿਆਨ ਰਾਹੀਂ ਹੀ ਮਨੁੱਖੀ ਜੀਵਨ ਵਿਚ ਸਹਿਜ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਸਥਿਰ, ਅਵਿਨਾਸ਼ੀ ਪ੍ਰਮਾਤਮਾ ਨਾਲ ਜੁੜ ਕੇ ਜੀਵਨ ਸਕੂਨ ਅਤੇ ਆਨੰਦਮਈ ਬਣ ਜਾਂਦਾ ਹੈ। ਇਹ ਪ੍ਰਵਚਨ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਅੱਜ ਨਰਾਇਣਗੜ੍ਹ (ਹਰਿਆਣਾ) ਵਿਖੇ ਆਯੋਜਿਤ ਵਿਸ਼ਾਲ ਨਿਰੰਕਾਰੀ ਸੰਤ ਸਮਾਗਮ ਦੌਰਾਨ ਕਹੇ । ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦਾ ਆਸ਼ੀਰਵਾਦ ਲੈਣ ਲਈ ਹਿਮਾਚਲ, ਚੰਡੀਗੜ੍ਹ ਅਤੇ ਪੰਜਾਬ ਸਮੇਤ ਹਰਿਆਣਾ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਹੁੰਚੇ ਹੋਏ ਸਨ।

ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਸੂਰਜ ਆਪਣੀ ਰੋਸ਼ਨੀ ਦਿੰਦੇ ਹੋਏ ਕਿਸੇ ਵਿਅਕਤੀ ਵਿਸ਼ੇਸ਼ ਨੂੰ ਦੇਖ ਕੇ ਆਪਣੀ ਰੋਸ਼ਨੀ ਨਹੀਂ ਦਿੰਦਾ, ਉਸੇ ਤਰ੍ਹਾਂ ਕੁਦਰਤ ਵੀ ਕਿਸੇ ਤਰ੍ਹਾਂ ਦਾ ਭੇਦ ਭਾਵ ਨਹੀਂ ਕਰਦੀ। ਇਸੇ ਤਰ੍ਹਾਂ ਸਾਨੂੰ ਇਨਸਾਨਾਂ ਨੂੰ ਵੀ ਜਾਤ-ਪਾਤ, ਈਰਖਾ ਅਤੇ ਨਫ਼ਰਤ ਦੇ ਭੇਦ ਭਾਵ ਤੋਂ ਉੱਪਰ ਉੱਠ ਕੇ ਸਭ ਨਾਲ ਪ੍ਰੇਮ ਪਿਆਰ ਅਤੇ ਏਕਤਾ ਨਾਲ ਰਹਿਣ ਦਾ ਸੱਦਾ ਦਿੱਤਾ।

ਉਨ੍ਹਾਂ ਨੇ ਉਦਾਹਰਣ ਦੇ ਕੇ ਸਮਝਾਇਆ ਕਿ ਜੇਕਰ ਇੱਕ ਵਿਦਿਆਰਥੀ ਦੇ ਹੱਥ ਵਿੱਚ ਪੈੱਨ ਹੋਵੇ ਤਾਂ ਇਹ ਇਮਤਿਹਾਨਾਂ ਲਈ ਲਾਭਦਾਇਕ ਹੈ, ਜੇਕਰ ਪਰਿਵਾਰ ਵਿੱਚ ਹੋਵੇ ਤਾਂ ਇਹ ਕਈ ਕੰਮ ਕਰਨ ਲਈ ਲਾਭਦਾਇਕ ਹੈ। ਇਸੇ ਤਰ੍ਹਾਂ ਲੇਖਕਾਂ ਅਤੇ ਕਹਾਣੀਕਾਰਾਂ ਲਈ ਕਲਪਨਾ ਆਧਾਰਿਤ ਲਿਖਣ ਦੇ ਕੰਮ ਵਿੱਚ ਪੈੱਨ ਉਪਯੋਗੀ ਹੈ। ਪੈੱਨ ਕਿਸੇ ਵੀ ਤਰ੍ਹਾਂ ਨਾਲ ਵਿਤਕਰਾ ਨਹੀਂ ਕਰਦਾ। ਇਸੇ ਤਰ੍ਹਾਂ ਮਨੁੱਖ ਨੂੰ ਆਪਣੀ ਮਨੁੱਖਤਾ ਨੂੰ ਨਹੀਂ ਛੱਡਣਾ ਚਾਹੀਦਾ । ਮਨੁੱਖੀ ਗੁਣਾਂ ਨੂੰ ਪੂਰਨ ਤੌਰ ’ਤੇ ਅਪਣਾਉਣਾ ਕਰਨਾ ਹੀ ਜੀਵਨ ਦਾ ਉਦੇਸ਼ ਹੋਣਾ ਚਾਹੀਦਾ ਹੈ।

ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਹਰ ਹਾਲਤ ਵਿੱਚ ਇੱਕੋ ਜਿਹਾ ਰਹਿਣਾ ਤਾਂ ਹੀ ਸੰਭਵ ਹੈ ਜਦੋਂ ਅਸੀਂ ਸਥਿਰ ਪ੍ਰਭੂ ਪ੍ਰਮਾਤਮਾ ਨਾਲ ਰਿਸ਼ਤਾ ਜੋੜ ਲੈਂਦੇ ਹਾਂ। ਸਥਿਰਤਾ ਨਾਲ ਜੁੜ ਕੇ ਜੀਵਨ ਸਕੂਨ ਅਤੇ ਅਨੰਦਮਈ ਬਣ ਜਾਂਦਾ ਹੈ। ਸਤਿਗੁਰੂ ਮਾਤਾ ਜੀ ਨੇ ਅੱਗ ਦੀ ਉਦਾਹਰਨ ਦਿੰਦਿਆਂ ਕਿਹਾ ਕਿ ਅੱਗ ਦਾ ਕੰਮ ਹੈ ਜਲਾਉਣਾ ਪਰ ਜੇਕਰ ਅੱਗ ਜਲਾ ਕੇ ਤਵਾ ਰੱਖਿਆ ਜਾਵੇ ਤਾਂ ਉਸ ’ਤੇ ਰੋਟੀ ਬਣਾਈ ਜਾ ਸਕਦੀ ਹੈ। ਅੱਗ ਨੇ ਆਪਣੇ ਨਵੇਂ ਰੂਪ ਦੁਆਰਾ ਆਪਣੇ ਆਪ ਨੂੰ ਦੂਜਿਆਂ ਨੂੰ ਫਾਇਦਾ ਦੇਣ ਵਾਲੀ ਬਣਾ ਲਿਆ । ਇਸੇ ਤਰ੍ਹਾਂ ਸੰਤਾਂ ਨੂੰ ਕ੍ਰੋਧ ਨਿਯੰਤਰਣ ਕਰਨ ਦੀ ਗੱਲ ਕੀਤੀ ਹੈ। ਬ੍ਰਹਮਗਿਆਨ ਦੁਆਰਾ ਆਪਣੇ ਕ੍ਰੋਧ ਅਤੇ ਹੰਕਾਰ ਨੂੰ ਕਾਬੂ ਕਰਕੇ ਇਨਸਾਨ ਆਪਣੇ ਜਜ਼ਬਾਤਾਂ ਨੂੰ ਦਇਆ ਅਤੇ ਕਰੁਣਾ ਨਾਲ ਭਰਪੂਰ ਕਰ ਸਕਦਾ ਹੈ ਅਤੇ ਮਨਮਤ ਵਾਲੇ ਵਿਚਾਰਾਂ ਨੂੰ ਤਿਆਗ ਕੇ ਸੰਤ ਮਤਿ ਵਾਲੇ ਵਿਚਾਰਾਂ ਨੂੰ ਅਪਣਾ ਸਕਦਾ ਹੈ। ਕਿਸੇ ਨੂੰ ਨੁਕਸਾਨ ਪਹੁੰਚਾਉਣ ਦੀ ਭਾਵਨਾ ਰੱਖਣ ਦੀ ਬਜਾਏ ਦੂਜਿਆਂ ਨੂੰ ਸਹਿਯੋਗ ਦੇਣ ਦੀ ਭਾਵਨਾ ਵਾਲਾ ਜੀਵਨ ਬਣ ਜਾਂਦਾ ਹੈ। ਨਿਰੰਕਾਰ ਦਾ ਸਹਾਰਾ ਲੈਣ ਨਾਲ ਜੀਵਨ ਲਾਭਦਾਇਕ ਬਣ ਜਾਂਦਾ ਹੈ।

ਇਸ ਤੋਂ ਪਹਿਲਾਂ ਨਿਰੰਕਾਰੀ ਰਾਜਪਿਤਾ ਰਮਿਤ ਜੀ ਆਪਣੇ ਪ੍ਰਵਚਨਾਂ ਵਿੱਚ ਬਾਬਾ ਹਰਦੇਵ ਸਿੰਘ ਜੀ ਦੇ ਕਥਨ ’’ਧਰਮ ਜੋੜਦਾ ਹੈ, ਤੋੜਦਾ ਨਹੀਂ’’ ’ਤੇ ਕਿਹਾ ਕਿ ਧਰਮ ਨੇ ਹਮੇਸ਼ਾ ਏਕਤਾ ਦਾ ਕੰਮ ਕੀਤਾ ਹੈ। ਸਿਰਫ਼ ਆਪਣੇ ਹੀ ਵਿਸ਼ਵਾਸ, ਹਨੇਰੇ ਅਤੇ ਭਰਮ-ਭੁਲੇਖੇ ਹੀ ਧਰਮ ਨੂੰ ਤੋੜਨ ਦਾ ਕਾਰਨ ਬਣਦੇ ਹਨ।

ਉਨ੍ਹਾਂ ਕਿਹਾ ਕਿ ਬ੍ਰਹਮਗਿਆਨ ਤੋਂ ਬਾਅਦ ਜਦੋਂ ਏਕਤਤਵ ਦਾ ਅਹਿਸਾਸ ਹੁੰਦਾ ਹੈ ਤਾਂ ਨਫ਼ਰਤ ਅਤੇ ਵੈਰ-ਵਿਰੋਧ ਦੀਆਂ ਕੰਧਾਂ ਨਹੀਂ ਖੜ੍ਹਦੀਆਂ। ਉਨ੍ਹਾਂ ਕਿਹਾ ਕਿ ਸ਼ਰਧਾ ਨਾਲ ਹੀ ਮਹਾਨਤਾ ਦਾ ਗੁਣ ਵਧਦਾ ਹੈ ਫਿਰ ਮਨ ਛੋਟੀਆਂ-ਛੋਟੀਆਂ ਗੱਲਾਂ ਤੋਂ ਭਟਕਦਾ ਨਹੀਂ।

ਉਨ੍ਹਾਂ ਨਰਾਇਣਗੜ੍ਹ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਿਸ ਵਿਅਕਤੀ ਦੇ ਜੀਵਨ ਵਿੱਚ ਨਰਾਇਣ (ਬ੍ਰਹਮਗਿਆਨ) ਅਤੇ ਪ੍ਰੇਮ ਆ ਜਾਂਦਾ ਹੈ ਉਹ ਖ਼ੁਦ ਨਰਾਇਣ ਦੇ ਘਰ ਦਾ ਮੈਂਬਰ ਬਣ ਜਾਂਦਾ ਹੈ।

ਸਮਾਗਮ ਵਿੱਚ ਸ਼ਾਹਬਾਦ ਜ਼ੋਨ ਦੇ ਜ਼ੋਨਲ ਇੰਚਾਰਜ ਸ੍ਰੀ ਸੁਰਿੰਦਰ ਪਾਲ ਅਤੇ ਸਥਾਨਕ ਮੁਖੀ ਉਰਮਿਲਾ ਵਰਮਾ ਨੇ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ, ਸਮੂਹ ਸ਼ਰਧਾਲੂਆਂ ਅਤੇ ਪਤਵੰਤਿਆਂ ਨੂੰ ਨਰਾਇਣਗੜ੍ਹ ਪਹੁੰਚਣ ’ਤੇ ਵਧਾਈ ਦਿੱਤੀ । ਉਨ੍ਹਾਂ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ, ਨਗਰ ਪਾਲਿਕਾ, ਮਾਰਕੀਟ ਐਸੋਸੀਏਸ਼ਨ ਅਤੇ ਸਮੂਹ ਵਿਭਾਗਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ

# ਭਾਜਪਾ ਆਗੂਆਂ ਦੇ ਘਰਾਂ ਦਾ ਘਿਰਾਓ ਕਰੇਗਾ ਕਿਸਾਨ ਮੋਰਚਾ

**ਲੁਧਿਆਣਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਦੀ ਅੱਜ ਲੁਧਿਆਣਾ ਵਿੱਚ ਅਹਿਮ ਮੀਟਿੰਗ ਹੋਈ ਜਿਸ ਵਿੱਚ 34 ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਕਿਸਾਨ ਆਗੂਆਂ ਨੇ ਫੈਸਲਾ ਕੀਤਾ ਕਿ ਅਗਾਮੀ 20, 21 ਤੇ 22 ਫਰਵਰੀ ਨੂੰ ਸੰਯੁਕਤ ਕਿਸਾਨ ਮੋਰਚਾ ਪੱਕੇ ਤੌਰ ’ਤੇ ਭਾਜਪਾ ਦੇ ਸੰਸਦ ਮੈਂਬਰਾਂ, ਵਿਧਾਇਕਾਂ ਤੇ ਜ਼ਿਲ੍ਹਾ ਪ੍ਰਧਾਨਾਂ ਦੇ ਘਰਾਂ ਦਾ ਘਿਰਾਓ ਕਰੇਗਾ। ਇਹ ਘਿਰਾਓ ਦਿਨ-ਰਾਤ ਜਾਰੀ ਰਹੇਗਾ।

✂ ਇਸ ਦੇ ਨਾਲ ਹੀ ਤਿੰਨ ਦਿਨ ਪੰਜਾਬ ਦੇ ਸਾਰੇ ਟੌਲ ਪਲਾਜ਼ੇ ਲੋਕਾਂ ਲਈ ਮੁਫ਼ਤ ਖੁੱਲ੍ਹੇ ਰੱਖੇ ਜਾਣਗੇ ਅਤੇ ਜਿਹੜੇ ਸ਼ਹਿਰ ਵਿੱਚ ਭਾਜਦਾ ਦਾ ਕੋਈ ਵੱਡਾ ਆਗੂ ਨਹੀਂ ਹੈ ਜਾਂ ਟੌਲ ਪਲਾਜ਼ਾ ਨਹੀਂ ਹੈ ਉਥੇ ਡੀਸੀ ਦਫ਼ਤਰ ’ਚ ਪੱਕਾ ਧਰਨਾ ਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ 22 ਫਰਵਰੀ ਨੂੰ ਮੁੜ ਸੰਯੁਕਤ ਕਿਸਾਨ ਮੋਰਚੇ ਕੌਮੀ ਮੀਟਿੰਗ ਦਿੱਲੀ ਵਿੱਚ ਸੱਦੀ ਗਈ ਹੈ ਜਿਸ ਵਿੱਚ ਅਗਲੇ ਸੰਘਰਸ਼ ਬਾਰੇ ਫੈਸਲਾ ਲਿਆ ਜਾਵੇਗਾ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਬੂਟਾ ਸਿੰਘ ਬੁਰਜਗਿੱਲ ਤੇ ਬਲਕਰਨ ਸਿੰਘ ਬਰਾੜ ਨੇ ਸਪਸ਼ਟ ਕੀਤਾ ਕਿ ਸ਼ੰਭੂ ਤੇ ਖਨੌਰੀ ਬਾਰਡਰ ’ਤੇ ਲਗਾਏ ਗਏ ਕਿਸਾਨੀ ਧਰਨੇ ਵਿੱਚ ਮੋਰਚੇ ਨਾਲ ਸਬੰਧਤ ਕੋਈ ਜਥੇਬੰਦੀ ਹਿੱਸਾ ਨਹੀਂ ਲਵੇਗੀ। ਸ੍ਰੀ ਰਾਜੇਵਾਲ ਨੇ ਕਿਹਾ ਕਿ ਸ਼ੰਭੂ ਬਾਰਡਰ ’ਤੇ ਕਿਸਾਨਾਂ ਨਾਲ ਹਰਿਆਣਾ ਸਰਕਾਰ ਜੋ ਕਰ ਰਹੀ ਹੈ ਉਹ ਸ਼ਰੇਆਮ ਧੱਕੇਸ਼ਾਹੀ ਹੈ ਪਰ ਉਹ ਇਸ ਅੰਦੋਲਨ ਦਾ ਹਿੱਸਾ ਨਹੀਂ ਬਣਨਗੇ। ਉਨ੍ਹਾਂ ਦੱਸਿਆ ਕਿ ਇਹ ਧਰਨੇ ਕਿਸਾਨਾਂ ਪ੍ਰਤੀ ਕੇਂਦਰ ਦੀ ਭਾਜਪਾ ਸਰਕਾਰ ਦੇ ਅੜੀਅਲ ਵਿਰੁੱਧ ਅਤੇ ਉਨ੍ਹਾਂ ਦੀਆਂ ਚਿਰਾਂ ਤੋਂ ਲਟਕ ਰਹੀਆਂ ਮੰਗਾਂ ਨੂੰ ਲੈ ਕੇ ਕੀਤੇ ਜਾ ਰਹੇ ਹਨ। ਕਿਸਾਨਾਂ ਚਿੰਤਾ ਅਤੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਨਾਲ ਮਿਲੀਭੁਗਤ ਕਰਕੇ ਡਾਕਟਰ ਸਵਾਮੀਨਾਥਨ ਦੇ ਫਾਰਮੂਲੇ 32+50 ਫੀਸਦੀ ’ਤੇ ਆਧਾਰਿਤ ਐੱਮਐੱਸਪੀ ਕਾਨੂੰਨੀ ਗਾਰੰਟੀ ਦੀ ਮੰਗ ਨੂੰ ਕਮਜ਼ੋਰ ਕਰ ਸਕਦੀ ਹੈ।



ਲੁਧਿਆਣਾ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਸੰਯੁਕਤ ਕਿਸਾਨ ਮੋਰਚੇ ਦੇ ਆਗੂ

**ਦਿੱਲੀ ਵਿੱਚ 22 ਨੂੰ ਹੋਵੇਗੀ ਮੋਰਚੇ ਦੀ ਕੌਮੀ ਮੀਟਿੰਗ**

ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਸੰਯੁਕਤ ਕਿਸਾਨ ਮੋਰਚਾ ਦੀ ਕੌਮੀ ਮੀਟਿੰਗ 22 ਫਰਵਰੀ ਨੂੰ ਦਿੱਲੀ ਵਿੱਚ ਹੋਵੇਗੀ। ਮੋਰਚੇ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਵੱਡੀ ਗਿਣਤੀ ਵਿੱਚ ਕੰਬਾਈਨਾਂਵਾਢੀ ਲਈ ਸੂਬੇ ਤੋਂ ਬਾਹਰ ਰਹੀਆਂ ਹਨ ਪਰ ਸੁਰੱਖਿਆ ਬਲਾਂ ਵੱਲੋਂ ਪੈਦਾ ਕੀਤੀਆਂ ਰੁਕਾਵਟਾਂ ਕਾਰਨ ਮੁਸ਼ਕਲਾਂ ਪੈਦਾ ਹੋ ਰਹੀਆਂ। ਉਨ੍ਹਾਂ ਕਿਹਾ ਕਿ ਕੰਬਾਈਨ ਮਾਲਕਾਂ ਨੂੰ ਆਪਣਾ ਕੰਮ ਮੁੜ ਸ਼ੁਰੂ ਕਰਨ ਲਈ ਖੁੱਲ੍ਹ ਕੇ ਜਾਣ ਦਿੱਤਾ ਜਾਵੇ। ਮੀਟਿੰਗ ਵਿੱਚ ਨਰਸਾਂ ਦੇ ਅੰਦੋਲਨ ਅਤੇ ਮਸਲਿਆਂ ਦੀ ਵੀ ਹਮਾਇਤ ਕੀਤੀ ਗਈ। ਇਸ ਮੀਟਿੰਗ ਵਿੱਚ 34 ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਬੀਕੇਯੂ ਉਗਰਾਹਾਂ ਦੇ ਜੋਗਿੰਦਰ ਸਿੰਘ ਉਗਰਾਹਾਂ ਤੇ ਝੰਡਾ ਸਿੰਘ ਵੀ ਮੌਜੂਦ ਸਨ।

# ‘ਆਪ’ ਤੇ ਕਾਂਗਰਸ ਨੇ ਪੰਜਾਬ ’ਚ ਇਕੱਲੇ ਚੋਣਾਂ ਲੜਨ ਦਾ ਫ਼ੈਸਲਾ ਸਹਿਮਤੀ ਨਾਲ ਲਿਆ: ਕੇਜਰੀਵਾਲ

**ਨਵੀਂ ਦਿੱਲੀ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਇੰਡੀਆ ਗੱਠਜੋੜ ’ਚ ਸਭ ਕੁਝ ਠੀਕ ਨਾ ਹੋਣ ਦੀਆਂ ਅਫਵਾਹਾਂ ਨੂੰ ਨਕਾਰਦਿਆਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਆਖਿਆ ਕਿ ‘ਆਪ’ ਅਤੇ ਕਾਂਗਰਸ ਨੇ ਪੰਜਾਬ ਵਿੱਚ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦਾ ‘ਫ਼ੈਸਲਾ ਆਪਸੀ ਸਹਿਮਤੀ’ ਨਾਲ ਲਿਆ ਹੈ ਅਤੇ ਉਨ੍ਹਾਂ ਵਿਚਾਲੇ ਕੋਈ ਮੱਤਭੇਦ ਨਹੀਂ ਹਨ। ਕੇਜਰੀਵਾਲ ਨੇ ਅੱਜ ਦੁਪਹਿਰ ਦੇ ਖਾਣੇ ’ਤੇ ਕਾਂਗਰਸੀ ਨੇਤਾ ਮਨੂ ਸਿੰਘਵੀ ਨਾਲ ਮੁਲਾਕਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ‘ਆਪ’ ਵੱਲੋਂ ਪੰਜਾਬ ਵਿੱਚ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦੇ ਫ਼ੈਸਲੇ ਸਬੰਧੀ ਸਵਾਲ ਬਾਰੇ ਅਰਵਿੰਦ ਕੇਜਰੀਵਾਲ ਨੇ ਆਖਿਆ ਕਿ ਇਹ ਫ਼ੈਸਲਾ ਆਪਸੀ ਸਹਿਮਤੀ ਨਾਲ ਲਿਆ ਗਿਆ ਹੈ। ਮੁੱਖ ਮੰਤਰੀ ਨੇ ਆਖਿਆ ਕਿ ‘ਆਪ’ ਵੱਲੋਂ ਦਿੱਲੀ ’ਚ ਕਾਂਗਰਸ ਨਾਲ ਸੀਟਾਂ ਦੀ ਵੰਡ ਬਾਰੇ ਗੱਲਬਾਤ ਚੱਲ ਰਹੀ ਹੈ ਕਿਉਂਕਿ ਅਜਿਹਾ ਨਾ ਹੋਣ ਨਾਲ ਭਾਜਪਾ ਲਈ ਰਾਹ ਸੁਖਾਲਾ ਹੋ ਜਾਵੇਗਾ।

# ਆਸ ਮੇਡੀ ਕੇਅਰ ਪਟਿਆਲਾ ਵਲੋਂ ਪਿੰਡ ਦੁਲੱਦੀ ਵਿਖੇ ਰਵਿਦਾਸੀਆ ਧਰਮਸ਼ਾਲਾ ਵਿਚ ਮੁਫ਼ਤ ਮੈਡੀਕਲ ਕੈਂਪ ਦਾ ਕੀਤਾ ਆਯੋਜਨ

**ਨਾਭਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਸ ਮੈਡੀ ਕੇਅਰ ਵਲੋਂ ਪਿੰਡ ਦੁਲੱਦੀ ਦੀ ਦਲਿਤ ਧਰਮਸ਼ਾਲਾ ਵਿਖੇ ਇਕ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਕੈਂਪ ਵਿੱਚ ਹੱਡੀਆਂ ਦੇ ਮਾਹਰ ਤਜੁਰਬੇਕਾਰ ਡਾਕਟਰ ਸੇਠੀ ਮਨੀਸ਼ ਅਤੇ ਦਿਮਾਗ ਦੇ ਰੋਗਾਂ ਦੇ ਮਾਹਰ ਡਾਕਟਰ ਅਦਿੱਤਿਆ ਦੁੱਗਲ ਵੱਲੋ ਮਰੀਜਾਂ ਦਾ ਇਲਾਜ ਕੀਤਾ ਗਿਆ।

ਮਨੀਸ਼ ਦੁੱਗਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡਾ ਵਿਚ ਜਾਗਰੂਕਤਾ ਦੀ ਘਾਟ ਕਰਕੇ ਆਮ ਲੋਕ ਇੰਨਾ ਬਿਮਾਰੀਆਂ ਦੇ ਨਾਲ ਪੀੜਿਤ ਹੋ ਕੇ ਝੋਲਾ ਛਾਪ ਡਾਕਟਰ ਦੀ ਲੁੱਟ ਦਾ ਸ਼ਿਕਾਰ ਹੋ ਕੇ ਰਹਿ ਜਾਂਦੇ ਹਨ। ਉਨਾਂ ਇਹ ਵੀ ਦਸਿਆ ਕਿ ਆਸ ਮੈਡੀ ਕੇਅਰ ਇਸ ਮੁਹਿੰਮ ਤਹਿਤ 300 ਦੇ ਲਗਭਗ ਕੈਂਪ ਅਲਗ ਅਲਗ ਪਿੰਡਾ ਅਤੇ ਕਸਬਿਆਂ ਵਿਚ ਲਗਾਏ ਜਾਣਗੇ।



ਇਸ ਕੈਂਪ ਵਿਚ ਪਿੰਡ ਦੁਲੱਦੀ ਦੁਲੱਦੀ ਤੋਂ ਇਲਾਵਾ ਪਿੰਡ ਢੀਗੀ ਪਹਾੜਪੁਰ, ਕਲਾਰਾਂ ਸਰੈਣ ਦਾਸ ਕਲੋਨੀ ਦੇ ਲਗਭਗ 100 ਮਰੀਜਾਂ ਦਾ ਇਲਾਜ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਦੀ ਵੰਡ ਕੀਤੀ ਗਈ।

# ਮਾਛੀਵਾੜਾ ਸਾਹਿਬ ਦਾ ਖੇਡ ਮੇਲਾ 22 ਫਰਵਰੀ ਤੋਂ 25 ਫਰਵਰੀ ਤੱਕ ਗੁਰੂ ਗੋਬਿੰਦ ਸਿੰਘ ਸਟੇਡੀਅਮ 'ਚ

**ਮਾਛੀਵਾੜਾ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਇਲਾਕੇ ਦੇ ਨੌਜਵਾਨਾਂ ਨੂੰ ਖੇਡ ਗਰਾਊਂਡਾਂ ਨਾਲ ਜੋੜਨ ਵਾਲੀ ਸੰਸਥਾ ਸ੍ਰੀ ਚਰਨ ਕੰਵਲ ਸਾਹਿਬ ਸਪੋਰਟਸ ਐਂਡ ਵੈਲਫੇਅਰ ਕਲੱਬ (ਰਜਿ:), ਵੱਲੋਂ ਮਾਛੀਵਾੜਾ ਸਾਹਿਬ ਦਾ ਖੇਡ ਮੇਲਾ 22 ਫਰਵਰੀ ਤੋਂ 25 ਫਰਵਰੀ ਤੱਕ ਇੱਥੋਂ ਦੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਗੱਲ ਦੀ ਜਾਣਕਾਰੀ ਕਲੱਬ ਦੇ ਪ੍ਰਧਾਨ ਜਸਪਾਲ ਸਿੰਘ ਜੱਜ ਨੇ ਆਪਣੇ ਪ੍ਰੈਸ ਨੋਟ ਵਿੱਚ ਦਿੱਤੀ। ਉਹਨਾਂ ਨੇ ਆਖਿਆ ਕਿ ਪੂਰੇ ਪੰਜਾਬ ਭਰ ਦੇ ਵਾਸੀਆਂ ਦਾ ਫਰਜ਼ ਬਣਦਾ ਹੈ ਕਿ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਦੇ ਲਈ ਅਤੇ ਨਸ਼ਿਆਂ ਦੇ ਭੈੜੇ ਪ੍ਰਕੋਪ ਤੋਂ ਬਚਾਉਣ ਦੇ ਲਈ, ਨੌਜਵਾਨਾਂ ਨੂੰ ਖੇਡਾਂ ਦੇ ਨਾਲ ਅਤੇ ਖੇਡ ਗਰਾਊਂਡਾਂ ਦੇ ਨਾਲ ਜੋੜਨ ਲਈ ਰਲਮਿਲ ਕੇ ਹੰਭਲਾ ਮਾਰੀਏ ਤਾਂ ਜੋ ਸੋਨੇ ਦੀ ਜਿਹੜੀ ਕਹਾਉਣ ਵਾਲਾ ਪੰਜਾਬ ਮੁੜ ਤੋਂ ਸੋਨੇ ਦੀ ਚਿੜੀ ਬਣਨ ਵੱਲ ਵੱਧ ਸਕੇ।

ਉਨ੍ਹਾਂ ਕਿਹਾ ਕਿ ਸ਼ੁੱਕਰਵਾਰ ਸਵੇਰੇ ਸ਼ੁਰੂ ਹੋ ਕੇ ਐਤਵਾਰ ਸ਼ਾਮ ਤੱਕ ਚੱਲਣ ਵਾਲੇ ਇਸ ਖੇਡ ਮੇਲੇ ਵਿੱਚ ਹਾਕੀ ਅਤੇ ਫੁੱਟਬਾਲ ਦੇ ਮੈਚਾਂ ਤੋਂ ਇਲਾਵਾ ਅਥਲੈਟਿਕਸ ਦੇ ਵੱਖ ਵੱਖ ਮੁਕਾਬਲਿਆਂ ਦੇ ਨਾਲ ਨਾਲ ਕੁੱਤਿਆਂ ਦੀ ਦੌੜ ਦਰਸ਼ਕਾਂ ਲਈ ਵਿਸ਼ੇਸ਼ ਖਿੱਚ ਦਾ ਕਾਰਨ ਹੋਵੇਗੀ। ਜੱਜ ਨੇ ਇਹ ਵੀ ਕਿਹਾ ਕਿ ਅੱਜ ਦੇ ਦੌਰ ਵਿੱਚ ਜਦੋਂ ਆਧੁਨਿਕਤਾ ਦੇ ਵਤੀਰੇ ਨੌਜਵਾਨ ਨਸਲ ਨੂੰ ਨਸ਼ਿਆਂ ਦੇ ਰਸਤੇ ਵੱਲ ਖਿੱਚ ਰਹੇ ਹਨ ਉਦੋਂ ਖੇਡਾਂ ਹੀ ਇੱਕੋ ਇੱਕ ਅਹਿਮ ਸਾਧਨ ਉਹਨਾਂ ਦੀ ਰਾਖੀ ਵਾਸਤੇ ਕੰਮ ਆ ਸਕਦਾ ਹੈ ਅਤੇ ਇਹ ਖੇਡ ਮੇਲਾ ਕਰਾਉਣ ਪਿੱਛੇ ਸਾਡਾ ਮਕਸਦ ਨੌਜਵਾਨਾਂ ਦਰਮਿਆਨ ਖੇਡਾਂ ਪ੍ਰਤੀ ਰੁਚੀ ਜਾਗਰਤ ਕਰਨ ਦਾ ਹੈ। ਉਹਨਾਂ ਨੇ ਆਪਣੇ ਵੱਲੋਂ ਅਤੇ ਕਲੱਬ ਦੇ ਸਾਰੇ ਸਤਿਕਾਰਤ ਮੈਂਬਰਾਨ ਵੱਲੋਂ ਮਾਛੀਵਾੜਾ ਸਾਹਿਬ ਅਤੇ ਇਹਦੇ ਨਾਲ ਲੱਗਦੇ ਸਾਰੇ ਪਿੰਡਾਂ ਤੇ ਕਸਬਿਆਂ ਦੇ ਲੋਕਾਂ ਨੂੰ ਇਸ ਮੇਲੇ ਵਿੱਚ ਹੁੰਮ ਹੁੰਮਾ ਕੇ ਪੁੱਜਣ ਦਾ ਸੱਦਾ ਦਿੰਦਿਆਂ ਆਖਿਆ ਕਿ ਅਸੀਂ ਸਾਰੇ ਪੂਰੀ ਸੁਹਿਰਦਤਾ ਨਾਲ ਸਭਨਾਂ ਨੂੰ ਜੀ ਆਇਆਂ ਆਖਦੇ ਹਾਂ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਕੁੱਟ-ਕੁੱਟ ਕੇ ਨੌਜਵਾਨ ਨੂੰ ਜਾਨ ਤੋਂ ਮਾਰਨ ਦੇ ਮਾਮਲੇ 'ਚਤਿੰਨ ਦੋਸ਼ੀ ਗ੍ਰਿਫਤਾਰ



**ਮਾਛੀਵਾੜਾ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀ ਮਾਛੀਵਾੜਾ ਸਾਹਿਬ ਵਿਖੇ ਕੁੱਟ-ਕੁੱਟ ਕੇ ਨੌਜਵਾਨ ਨੂੰ ਜਾਨ ਤੋਂ ਮਾਰ ਦੇਣ ਦੇ ਦਿਲ ਕੰਬਾਊ ਮਾਮਲੇ ਵਿੱਚ ਪੁਲਿਸ ਨੇ ਤੇਜ਼ੀ ਦਿਖਾਉਂਦਿਆਂ ਤਿੰਨ ਨੌਜਵਾਨਾਂ ਨੂੰ ਫੜ ਲਿਆ ਹੈ। ਅੱਜ ਪੂਰਾ ਦਿਨ ਪੁਲਿਸ ਦੇ ਉੱਚ ਅਧਿਕਾਰੀ ਮਾਛੀਵਾੜਾ ਪੁਲਿਸ ਥਾਣੇ ਵਿੱਚ ਮੌਜੂਦ ਰਹੇ ,ਜਿਨਾਂ ਦੀ ਅਗਵਾਈ ਵਿੱਚ ਵੱਖ-ਵੱਖ ਪੁਲਿਸ ਟੀਮਾਂ ਥਾਂ-ਥਾਂ ਤੇ ਛਾਪੇਮਾਰੀ ਕਰ ਬਾਕੀ ਦੋਸੀਆਂ ਨੂੰ ਕਾਬੂ ਕਰਨ ਵਿੱਚ ਜੁੱਟੀ ਰਹੀ ਤੇ ਉਹਨਾਂ ਅੱਜ ਅਸ਼ੋਕ ਕੁਮਾਰ ਨਾਮੀ ਇੱਕ ਦੋਸੀ ਨੂੰ ਫੜਨ ਵਿੱਚ ਸਫਲਤਾ ਵੀ ਹਾਸਿਲ ਕੀਤੀ, ਤੇ ਪੁਲਿਸ ਦੇ ਉੱਚ ਅਧਿਕਾਰੀ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਵਿੱਚ ਜੁਟੇ ਰਹੇ।

ਇਸ ਦਿਲ ਕੰਬਾਊ ਮਾਮਲੇ ਵਿੱਚ ਗੰਭੀਰ ਜ਼ਖਮੀ ਪ੍ਰਦੀਪ ਕੁਮਾਰ ਦੀ ਬੀਤੀ ਰਾਤ ਮੌਤ ਹੋ ਗਈ ਤਾਂ ਅੱਜ ਮਾਛੀਵਾੜਾ ਸਾਹਿਬ ਦੇ ਸ਼ਮਸ਼ਾਨ ਘਾਟ ਵਿੱਚ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਧਰ ਕੱਲ੍ਹ ਫੜੇ ਗਏ ਦੋਨੋਂ ਦੋਸੀਆਂ ਗੁਰਪ੍ਰੀਤ ਗੋਪੀ ਅਤੇ ਅਰੁਨ ਕੁਮਾਰ ਘੁੱਗੀ ਦਾ ਪੁਲਿਸ ਵੱਲੋਂ ਦੋ ਦਿਨਾਂ ਦਾ ਰਿਮਾਂਡ ਲੈ ਕੇ ਹੋਰ ਪੁਛਗਿੱਛ ਕੀਤੀ ਜਾ ਰਹੀ ਹੈ।

ਅੱਜ ਦੁਪਹਿਰ ਬਾਅਦ ਐਸ.ਪੀ.ਡੀ. ਜਿੰਦਲ ਸੌਰਵ ਨੇ ਪ੍ਰੈਸ ਕਾਨਫਰੰਸ ਕਰਕੇ ਇਸ ਮਾਮਲੇ ਬਾਰੇ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕਰਦਿਆਂ ਕਿਹਾ ਕਿ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੀ.ਆਈ.ਏ. ਖੰਨਾ, ਥਾਣਾ ਮਾਛੀਵਾੜਾ ,ਡੀ.ਐਸ.ਪੀ. ਡੀ., ਡੀ.ਐਸ.ਪੀ. ਸਮਰਾਲਾ ਦੀ ਅਗਵਾਈ ਵਿੱਚ ਵੱਖ-ਵੱਖ ਪੁਲਿਸ ਟੀਮਾਂ ਤਿਆਰ ਕੀਤੀਆਂ ਗਈਆਂ ਤੇ ਦੋਸੀਆਂ ਦੀ ਭਾਲ ਲਈ ਛਾਪੇਮਾਰੀ ਕੀਤੀ ਗਈ ਜਿਸ ਦੌਰਾਨ ਅੱਜ ਅਸ਼ੋਕ ਕੁਮਾਰ ਨਾਮੀ ਦੋਸੀ ਨੂੰ ਵੀ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਹੋਈ ਜਦੋਂਕਿ ਬਾਕੀ ਰਹਿੰਦਾ ਦੋਸੀਆਂ ਨੂੰ ਵੀ ਬਹੁਤ ਜਲਦ ਕਾਬੂ ਕਰ ਲਿਆ ਜਾਵੇਗਾ।

ਪ੍ਰਦੀਪ ਸਿੰਘ ਦੀ ਮੌਤ ਤੋਂ ਬਾਅਦ ਦੋਸੀਆਂ ਉੱਤੇ ਧਾਰਾ 302 ਦਾ ਵਾਧਾ ਕੀਤਾ ਗਿਆ ਹੈ, ਅਤੇ ਪੁਲਿਸ ਟੀਮਾਂ ਬਾਕੀ ਦੋਸੀਆਂ ਨੂੰ ਫੜਨ ਲਈ ਵੱਖ-ਵੱਖ ਥਾਵਾਂ ਉੱਤੇ ਛਾਪੇਮਾਰੀ ਕਰ ਰਹੀਆਂ ਹਨ।

# ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਕਮਿਊਨਿਟੀ ਸੈਂਟਰ ਰੋਪੜ ਰੋਡ ਵਿਖੇ ਕੈਂਪ ਲਗਾਇਆ ਗਿਆ



**ਮਾਛੀਵਾੜਾ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਸਰਕਾਰੀ ਸੁਵਿਧਾਵਾਂ ਦਿਵਾਉਣ ਦੇ ਮਕਸਦ ਨਾਲ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਜਿਸ ਤਹਿਤ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਸਰਕਾਰੀ ਅਧਿਕਾਰੀਆਂ ਵੱਲੋਂ ਕੈਂਪ ਲਗਾਏ ਜਾ ਰਹੇ ਹਨ। ਇਸੇ ਤਹਿਤ ਅੱਜ ਸਥਾਨਕ ਰੋਪੜ ਰੋਡ ਤੇ ਵਾਰਡ ਨੰਬਰ 4 ਦੇ ਕਮਿਊਨਿਟੀ ਸੈਂਟਰ ਵਿਚ ਵੀ ਕੈਂਪ ਲਗਾਇਆ ਗਿਆ ਜਿਸ ਵਿੱਚ ਲੋਕਾਂ ਨੇ ਸਰਕਾਰੀ ਸੁਵਿਧਾਵਾਂ ਦਾ ਲਾਭ ਲਿਆ।

ਇਸ ਕੈਂਪ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਜਿਨਾਂ ਵਿੱਚ ਆਸ਼ੀਰਵਾਦ ਸਕੀਮ ਵਿਭਾਗ ,ਜਲ ਸਪਲਾਈ ਅਤੇ ਸੈਂਨੇਟਰੀ ਵਿਭਾਗ , ਪੈਨਸ਼ਨ ਸਕੀਮ, ਰੈਵਨਿਊ ਵਿਭਾਗ ,ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਵਿਭਾਗ, ਫੂਡ ਸਪਲਾਈ ,ਭੂਮੀ ਰੱਖਿਆ ਵਿਭਾਗ, ਮਾਰਕੀਟ ਕਮੇਟੀ ਮਾਛੀਵਾੜਾ ਤੋਂ ਕਰਮਚਾਰੀ ਅਤੇ ਸਿਹਤ ਵਿਭਾਗ ਮਾਛੀਵਾੜਾ ਦੀ ਟੀਮ ਵਿਸ਼ੇਸ਼ ਤੌਰ ਤੇ ਇਹਨਾਂ ਕੈਂਪਾਂ ਵਿੱਚ ਪੁੱਜੀ। ਇਸ ਮੌਕੇ ਮੌਜੂਦ ਆਮ ਆਦਮੀ ਪਾਰਟੀ ਦੇ ਆਗੂ ਸੁਖਵਿੰਦਰ ਸਿੰਘ ਗਿੱਲ ਅਤੇ ਬਲਵਿੰਦਰ ਸਿੰਘ ਮਾਨ ਨੇ
ਦੱਸਿਆ ਕਿ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਸ ਕੈਂਪ ਵਿੱਚ ਲੋਕਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਾਰੀ ਸਰਕਾਰੀ ਸਹੂਲਤਾਂ ਮੌਕੇ ਤੇ ਪ੍ਰਦਾਨ ਕੀਤੀਆਂ ਗਈਆਂ ਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਕੈਂਪ ਵਿੱਚ ਪਹੁੰਚ ਕੇ ਆਪਣੇ ਕੰਮ ਕਰਵਾਏ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੇ ਹਨ ਅਤੇ ਇਹਨਾਂ ਕੈਂਪਾਂ ਵਿੱਚ ਲੋਕਾਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ ਹਨ ਕਿ ਸਰਕਾਰੀ ਅਧਿਕਾਰੀ ਇਨਾਂ ਕੈਂਪਾਂ ਵਿੱਚ ਜਾ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਅਤੇ ਤੁਰੰਤ ਨਿਪਟਾਰਾ ਕਰਨ, ਇਸ ਲਈ ਸਾਰੇ ਵਿਭਾਗਾਂ ਦੇ ਕਰਮਚਾਰੀ ਵੱਖ-ਵੱਖ ਵਾਰਡਾਂ ਵਿਚ ਕੈਂਪ ਲਗਾ ਰਹੇ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਉਹਨਾਂ ਦਾ ਮੌਕੇ ਤੇ ਹੀ ਨਿਪਟਾਰਾ ਕਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ 'ਆਪ' ਆਗੂ ਬਲਵਿੰਦਰ ਸਿੰਘ ਮਾਨ, ਸੀਨੀਅਰ ਆਗੂ ਸੁਖਵਿੰਦਰ ਸਿੰਘ ਗਿੱਲ, ਸਮਾਜ ਸੇਵੀ ਸ਼ਿਵ ਕੁਮਾਰ ਸ਼ਿਵਲੀ, ਕਾਰਜ ਸਾਧਕ ਅਫਸਰ ਗੁਰਪਾਲ ਸਿੰਘ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਭੁਪਿੰਦਰ ਸਿੰਘ, ਜਗਤਾਰ ਸਿੰਘ ਜੱਸੋਵਾਲ, ਬਲਾਕ ਪ੍ਰਧਾਨ ਨਰਿੰਦਰਪਾਲ ਨਿੰਦੀ, ਲਵਦੀਪ ਸਿੰਘ ਲਵੀ ਬਲਾਕ ਪ੍ਰਧਾਨ, ਰਮੇਸ਼ ਲਾਲ, ਕੁਲਵਿੰਦਰ ਮਾਨ, ਸੁਖਵਿੰਦਰ ਮਾਨ, ਦਲੀਪ ਸਿੰਘ, ਦਰਸ਼ਨ ਸਿੰਘ, ਬਾਬਾ ਸ਼ਰਮਾ, ਮਿੰਕੂ ਹੰਸ, ਜਗਦੀਸ਼ ਚਾਨਣਾ, ਜਸਵੀਰ ਸਿੰਘ ਗਿੱਲ, ਨਰਿੰਦਰ ਪਾਲ ਸਿੰਘ ਅੜਿਆਣਾ, ਗੁਰਪ੍ਰੀਤ ਸਿੰਘ, ਹਰਵਿੰਦਰ ਸਿੰਘ ਹੈਪੀ, ਦੀਪਕ ਸ਼ਰਮਾ, ਨੰਬਰਦਾਰ ਰੌਸ਼ਨ ਲਾਲ ਹੰਸ, ਸੋਹਣ ਲਾਲ ਬੇਦੀ ਤੇ ਜਗੀਰ ਚੰਦ ਮੌਜੂਦ ਸਨ।

# ਸੜਕ ਹਾਦਸੇ ਵਿੱਚ ਚਾਰ ਨੌਜਵਾਨ ਹਲਾਕ; ਦੋ ਜ਼ਖ਼ਮੀ

**ਜ਼ੀਰਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇਅ-54 'ਤੇ ਮੱਖੂ ਨੇੜਲੇ ਪਿੰਡ ਖਡੂਰ ਕੋਲ ਸੜਕ ਹਾਦਸੇ ਵਿੱਚ ਸਵਿਫਟ ਕਾਰ ਸਵਾਰ ਚਾਰ ਨੌਜਵਾਨਾਂ ਦੀ ਮੌਤ ਹੋ ਗਈ ਜਦਕਿ ਦੋ ਜਣੇ ਜ਼ਖ਼ਮੀ ਹੋ ਗਏ।

ਜਾਣਕਾਰੀ ਅਨੁਸਾਰ ਗੁਰਕੀਰਤ ਸਿੰਘ ਪੁੱਤਰ ਜਤਿੰਦਰ ਸਿੰਘ ਵਾਸੀ ਪਿੰਡ ਛੋਟੇਪੁਰ, ਵੰਸ਼ਦੀਪ ਕੁਮਾਰ ਪੁੱਤਰ ਜਤਿੰਦਰ ਕੁਮਾਰ ਵਾਸੀ ਪਿੰਡ ਤਿੱਬੜੀ ਗੁਰਦਾਸਪੁਰ, ਅਰਸ਼ਦੀਪ ਚੰਦ ਪੁੱਤਰ ਜਸਪਾਲ ਚੰਦ ਪਿੰਡ ਆਲੋਵਾਲ ਗੁਰਦਾਸਪੁਰ, ਜੁਗਰਾਜ ਸਿੰਘ ਪੁੱਤਰ ਰਛਪਾਲ ਸਿੰਘ ਪਿੰਡ ਥੋਬਾ, ਗੁਰਮਨ ਪੁੱਤਰ ਰਣਧੀਰ ਸਿੰਘ ਗੁਰਦਾਸਪੁਰ, ਹਰਸ਼ ਜ਼ਿਲ੍ਹਾ ਬਠਿੰਡਾ ਦੇ ਵੈਟਰਨਰੀ ਪੌਲੀਟੈਕਨਿਕ ਕਾਲਜ ਕਾਲਝਰਾਣੀ ਵਿਚ ਪ੍ਰੀਖਿਆ ਦੇ ਕੇ ਆਪਣੇ ਘਰਾਂ ਨੂੰ ਪਰਤ ਰਹੇ ਸਨ ਕਿ ਮੱਖੂ ਨਜ਼ਦੀਕ ਅੰਮ੍ਰਿਤਸਰ-ਬਠਿੰਡਾ ਨੈਸ਼ਨਲ ਹਾਈਵੇਅ 'ਤੇ ਪਿੰਡ ਖਡੂਰ ਕੋਲ ਉਨ੍ਹਾਂ ਦੀ ਕਾਰ ਦਾ ਟਾਇਰ ਫਟ ਗਿਆ।

# ਵਪਾਰੀ ਜਸਪ੍ਰੀਤ ਸਿੰਘ ਲੱਕੀ ਅਤੇ ਅਨਮੋਲ ਮੱਕੜ ਨੂੰ ਸਦਮਾ, ਮਾਤਾ ਮਨਜੀਤ ਕੌਰ ਸਵਰਗਵਾਸ, ਅੰਤਿਮ ਅਰਦਾਸ 23 ਨੂੰ

**ਸ੍ਰੀ ਅਨੰਦਪੁਰ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਉਘੇ ਵਪਾਰੀ ਜਸਪ੍ਰੀਤ ਸਿੰਘ ਲੱਕੀ, ਅਨਮੋਲ ਮੱਕੜ ਅਤੇ ਦਾਰਾ ਮੱਕੜ ਨੂੰ ਉਸ ਸਮੇਂ ਗਹਿਰਾ ਸਦਮਾ ਲਗਿਆ ਜਦੋਂ ਉਹਨਾਂ ਦੀ ਮਾਤਾ ਮਨਜੀਤ ਕੌਰ ਬੀਤੀ ਰਾਤ ਅਕਾਲ ਚਲਾਣਾ ਕਰ ਗਏ। ਜਿਨ੍ਹਾਂ ਦਾ ਅੰਤਿਮ ਸਸਕਾਰ ਸਥਾਨਕ ਚਰਨ ਗੰਗਾ ਸ਼ਮਸ਼ਾਨ ਘਾਟ ਵਿਖੇ ਕਰ ਦਿੱਤਾ ਗਿਆ।

ਪਰਿਵਾਰਿਕ ਮੈਂਬਰਾਂ ਵਲੋਂ ਦੱਸਿਆ ਗਿਆ ਕਿ ਸਰਦਾਰਨੀ ਮਨਜੀਤ ਕੌਰ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 23 ਫਰਵਰੀ ਦਿਨ ਸ਼ੁਕਰਵਾਰ ਦੁਪਹਿਰ 12 ਵਜੇ ਤੋਂ 1:30 ਵਜੇ ਤੱਕ ਸਥਾਨਕ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਹੋਵੇਗੀ। ਇਸ ਮੌਕੇ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਪ੍ਰਿਤਪਾਲ ਸਿੰਘ ਗੰਡਾ ,ਜਰਨੈਲ ਸਿੰਘ ਗੂੰਬਰ, ਜਸਵਿੰਦਰ ਸਿੰਘ ਸੋਨੂੰ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ,ਦਲਜੀਤ ਸਿੰਘ ਗੋਪਾ, ਇਕਬਾਲ ਸਿੰਘ ਗੂੰਬਰ,ਗੁਰਕੀਰਤ ਸਿੰਘ ਬਚਨ, ਜਸਪਾਲ ਸਿੰਘ ਗੂੰਬਰ, ਸਰਬਜੀਤ ਸਿੰਘ ਗੂੰਬਰ, ਗੁਰਦੀਪ ਸਿੰਘ ਲਾਲੀ,ਜਸਵਿੰਦਰ ਸਿੰਘ ਜੱਸਾ, ਓਰਿੰਦਰ ਸਿੰਘ ਉਰੀ, ਚਿੰਕੀ ਅਰੋੜਾ,ਗਗਨ ਗੂੰਬਰ, ਜਸਪ੍ਰੀਤ ਸਿੰਘ ਰਿੰਕੂ, ਹਰਮੀਤ ਸਿੰਘ ਗੂੰਬਰ,ਜਗਜੀਤ ਸਿੰਘ ਧੂੜੀਆਂ , ਇੰਦਰਜੀਤ ਸਿੰਘ ਧੂੜੀਆਂ,ਵਿਸ਼ਾਲ ਸ਼ਰਮਾ, ਅੰਕੁਸ਼ ਮਲਹੋਤਰਾ, ਨਰਿੰਦਰ ਸਿੰਘ ਸੰਤ,ਗੁਰਚਰਨ ਸਿੰਘ, ਬਿੱਟੂ ਬੇਦੀ, ਰਵਿੰਦਰਪਾਲ ਸਿੰਘ ਰਾਜਾ,ਤਜਿੰਦਰ ਸਿੰਘ ਚੰਨ, ਜਸਵਿੰਦਰਪਾਲ ਸਿੰਘ ਰਾਜਾ ,ਬੱਬੀ ਭਾਜੀ ਗੂੰਬਰ,ਜਸਵੀਰ ਸਿੰਘ ਜੱਸੂ, ਗੁਰਕੀਰਤ ਸਿੰਘ ਬਾਵਾ,ਮਹਿੰਦਰਮੋਹਨ ਸਿੰਘ,ਨਾਟੀ ਗੂੰਬਰ , ਲੱਕੀ ਸਿਵਾਲਿਕ ਲੇਨ , ਕਰਨਦੀਪ ਸਿੰਘ ਮੱਕੜ, ਜਤਿੰਦਰਪਾਲ ਸਿੰਘ ਨੰਗਲ, ਬੀਬੀ ਸੁਰਿੰਦਰਪਾਲ ਕੌਰ ਤਲਵਾੜ , ਬੀਬੀ ਤਜਿੰਦਰ ਕੌਰ, ਬੀਬੀ ਮਨਜੀਤ ਕੌਰ, ਬੀਬੀ ਤਰਨਜੀਤ ਕੌਰ ਗੂੰਬਰ ਆਦਿ ਵਲੋਂ ਪਰਿਵਾਰ ਨਾਲ ਗਹਿਰੇ ਦੁਖ ਦਾ ਪ੍ਰਗਟਾਵਾ ਕੀਤਾ ਗਿਆ।

# ਈਸੜੂ ਚੌਂਕੀ ਪੁਲਿਸ ਨੇ 420 ਨਸ਼ੀਲੀਆਂ ਗੋਲੀਆਂ ਸਮੇਤ ਦੋ ਵਿਅਕਤੀ ਕੀਤੇ ਕਾਬੂ

**ਖੰਨਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਜਿਲ੍ਹਾ ਖੰਨਾ ਦੇ ਐੱਸਐਸਪੀ ਖੰਨਾ ਸ਼੍ਰੀਮਤੀ ਅਮਨੀਤ ਕੌਂਡਲ ਦੀ ਨਸ਼ਿਆਂ ਵਿਰੁੱਧ ਵਿੱਢੀ ਗਈ ਮੁਹਿੰਮ ਤੇ ਸਖ਼ਤ ਹਦਾਇਤਾਂ 'ਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੌਰਾਨ ਬਾਹੱਦ ਅਲੌੜ ਵਿਖੇ ਪੁਲੀਸ ਚੌਂਕੀ ਈਸੜੂ ਦੇ ਇੰਚਾਰਜ ਵਰਿੰਦਰ ਕੁਮਾਰ ਵੱਲੋ ਪੁਲੀਸ ਪਾਰਟੀ ਨਾਲ ਕੀਤੀ ਨਾਕਾਬੰਦੀ ਵੇਖ ਮੋਟਰਸਾਈਕਲ ਪੀਬੀ 55 ਈ 2115 ਤੇ ਆ ਰਹੇ ਦੋ ਵਿਅਕਤੀ ਪੁਲੀਸ ਨੂੰ ਵੇਖ ਘਬਰਾਕੇ ਪਿੱਛੇ ਮੁੜਨ ਲੱਗੇ ਤਾਂ ਉਹਨਾਂ ਦਾ ਮੋਟਰਸਾਈਕਲ ਅਚਾਨਕ ਬੰਦ ਹੋ ਗਿਆ । ਫਿਰ ਉਹਨਾਂ ਚੋਂ ਇੱਕ ਵਿਅਕਤੀ ਨੇ ਕਾਲੇ ਰੰਗ ਦਾ ਲਿਫਾਫਾ ਸੁੱਟ ਦਿੱਤਾ ਜਿਹਨਾਂ ਨੂੰ ਪੁਲੀਸ ਨੇ ਦਬੋਚ ਲਿਆ। ਚੌਂਕੀ ਇੰਚਾਰਜ ਵਰਿੰਦਰ ਕੁਮਾਰ ਨੇ ਦੱਸਿਆ ਕਿ ਜਦੋ ਉਹਨਾਂ ਵੱਲੋਂ ਸੁੱਟਿਆ ਲਿਫਾਫਾ ਫਰੋਲਿਆ ਤਾਂ ਉਸ ਵਿੱਚੋਂ 420 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਜਿਹਨਾਂ ਦੀ ਪਹਿਚਾਣ ਕ੍ਰਿਸ਼ਨ ਕੁਮਾਰ ਉਰਫ ਗੋਰੀ ਅਤੇ ਬੇਅੰਤ ਉਰਫ ਬੱਬੀ ਵਾਸੀ ਦਾਊਮਾਜਰਾ ਥਾਣਾ ਪਾਇਲ ਵੱਜੋ ਹੋਈ। ਉਕਤ ਦੋਸ਼ੀਆਂ ਖਿਲਾਫ ਐਨਡੀਪੀਐਸ ਐਕਟ ਤਹਿਤ ਪਰਚਾ ਦਰਜ ਕਰਕੇ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਇਸ ਮੌਕੇ ਥਾਣੇਦਾਰ ਰਾਜਿੰਦਰ ਸਿੰਘ ਤੇ ਮੁੱਖ ਮੁਨਸ਼ੀ ਬਿਕਰਮਜੀਤ ਸਿੰਘ ਭੰਗੂ ਵੀ ਹਾਜ਼ਰ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆ ਵੋਟਾਂ ਬਣਾਉਣ ਲਈ ਵਿਸ਼ੇਸ਼ ਕੈਂਪ ਅੱਜ

**ਪਟਿਆਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਦੱਸਿਆ ਕਿ ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮਾਵਲੀ 1959 ਅਧੀਨ ਗੁਰਦੁਆਰਾ ਵੋਟਰ ਸੂਚੀ ਦੀ ਤਿਆਰੀ ਦਾ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ, ਜਿਸ ਅਨੁਸਾਰ ਮਿਤੀ 29.02.2024 ਤੱਕ ਵੋਟਾਂ ਦੀ ਰਜਿਸਟਰੇਸ਼ਨ ਕੀਤੀ ਜਾਣੀ ਹੈ ਅਤੇ ਇਸ ਸਬੰਧੀ ਵੋਟਰਾਂ ਤੋਂ ਵੋਟ ਰਜਿਸਟਰੇਸ਼ਨ ਦੇ ਫਾਰਮ ਪ੍ਰਾਪਤ ਕਰਨ ਲਈ ਪਟਿਆਲਾ ਜ਼ਿਲ੍ਹੇ ਵਿੱਚ 18 ਫਰਵਰੀ ਨੂੰ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਹਰੇਕ 21 ਸਾਲ ਤੋਂ ਵੱਧ ਉਮਰ ਦਾ ਕੇਸਾਧਾਰੀ ਸਿੱਖ ਜੋ ਆਪਣੇ ਦਾੜ੍ਹੀ ਜਾਂ ਕੇਸਾਂ ਨੂੰ ਨਾ ਕੱਟਦਾ ਹੋਵੇ ਜਾਂ ਸ਼ੇਵ ਨਾ ਕਰਦਾ ਹੋਵੇ ਅਤੇ ਸਿਗਰਟ, ਸ਼ਰਾਬ ਨਾ ਪੀਂਦਾ ਹੋਵੇ ਅਤੇ ਮਾਸ ਦਾ ਸੇਵਨ ਨਾ ਕਰਦਾ ਹੋਵੇ, ਜਿੱਥੇ ਉਹ ਰਹਿੰਦਾ ਹੈ, ਸਬੰਧਤ ਗੁਰਦੁਆਰਾ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਣ ਲਈ ਫਾਰਮ ਨੰ. 1 (ਕੇਸਾਧਾਰੀ ਸਿੱਖ ਲਈ) ਭਰ ਕੇ ਪਿੰਡਾਂ/ਸ਼ਹਿਰਾਂ ਵਿੱਚ ਪਟਵਾਰੀਆਂ, ਬੀ.ਐਲ.ਓ, ਡੈਜ਼ੀਗਨੇਟਿਡ ਕਰਮਚਾਰੀਆਂ ਨੂੰ ਦੇ ਸਕਦਾ ਹੈ।

# ਵਿਧਾਇਕ ਮੁੰਡੀਆਂ ਦੇ ਪੀਏ ਸੈਣੀ ਵੱਲੋਂ ਵਾਰਡ ਨੰਬਰ -9 'ਚ ਲੱਗੇ ਕੈਂਪ ਦਾ ਕੀਤਾ ਗਿਆ ਨਿਰੀਖਣ



**ਸਾਹਨੇਵਾਲ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਸਾਹਨੇਵਾਲ ਦੇ ਵਾਰਡ ਨੰਬਰ:9 'ਚ ਪੰਜਾਬ ਸਰਕਾਰ ਵੱਲੋਂ ÷ਆਪ ਦੀ ਸਰਕਾਰ ਆਪ ਦੇ ਦੁਆਰ÷ ਪ੍ਰੋਗਰਾਮ ਤਹਿਤ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਵਾਰਡ ਨੰਬਰ - 9 ਪੀਰ ਬਾਬਾ ਬੋਹੜੀ ਸ਼ਾਹ ਜੀ ਦੇ ਨਜ਼ਦੀਕ ਕੈਂਪ ਲਗਾਏ ਗਏ ।ਇਸ ਦੌਰਾਨ ਮੁੱਖ ਤੌਰ 'ਤੇ ਹਲਕਾ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਦੇ ਪੀਏ ਰਣਜੀਤ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਪੁੱਜੇ ਅਤੇ ਵਾਰਡ ਅੰਦਰ ਲੱਗੇ ਕੈਂਪ ਦਾ ਨਿਰੀਖਣ ਕੀਤਾ।ਇਸ ਮੌਕੇ ਉਨ੍ਹਾਂ ਪੀਏ ਰਣਜੀਤ ਸਿੰਘ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਗਏ ਸੂਬਾ ਵਾਸੀਆਂ ਨਾਲ ਹਰ ਇੱਕ ਵਾਅਦੇ ਨੂੰ ਪਹਿਲ ਦੇ ਆਧਾਰ ਤੇ ਨਿਭਾਇਆ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਮਾਨ ਨੇ ਸੂਬਾ ਵਾਸੀਆਂ ਨਾਲ ਇਹ ਵੀ ਵਾਅਦਾ ਕੀਤਾ ਸੀ ਕਿ ਉਹਨਾਂ ਦੀ ਸਰਕਾਰ ਦੇ ਕਾਰਜ ਕਾਲ ਦੌਰਾਨ ਸੂਬਾ ਵਾਸੀਆਂ ਨੂੰ ਦਫਤਰਾਂ ਦੇ ਚੱਕਰ ਲਗਾਉਣ ਦੀ ਜਰੂਰਤ ਨਹੀਂ ਪਵੇਗੀ ਬਲਕਿ ਅਫਸਰ ਉਹਨਾਂ ਦੇ ਇਲਾਕੇ ਵਿੱਚ ਆ ਕੇ ਖੁਦ ਉਹਨਾਂ ਦੇ ਕੰਮ ਕਰਨਗੇ।ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਜੋ ਵੀ ਗਰੰਟੀਆਂ ਦਾ ਵਾਅਦਾ ਕੀਤਾ ਗਿਆ ਸੀ, ਉਸ ਤੇ ਇੱਕ-ਇੱਕ ਕਰਕੇ ਮੋਹਰ ਲਗਾਈ ਜਾ ਰਹੀ ਹੈ ।ਕੈਂਪ ਦੌਰਾਨ ਮੌਕੇ ਸੁਵਿਧਾ ਕੇਂਦਰ,ਸਿਹਤ ਵਿਭਾਗ ,ਆਂਗਣਵਾੜੀ, ਨਗਰ ਕੌਂਸਲ, ਫੂਡ ਸਪਲਾਈ,ਬਿਜਲੀ ਵਿਭਾਗ, ਮਾਲ ਵਿਭਾਗ, ਕਿਰਤ ਵਿਭਾਗਅਤੇ ਪੀਡੱਬਲਯੂਆਰਐੱਮਡੀਸੀ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਹੋਰਨਾ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਹਿੱਸਾ ਲਿਆ ਅਤੇ ਵਾਰਡ ਵਾਸੀਆਂ ਦੇ ਕੰਮਾਂ ਨੂੰ ਮੌਕੇ 'ਤੇ ਹੀ ਨਿਪਟਾਇਆ।ਇਸ ਮੌਕੇ 'ਤੇ ਹਾਜ਼ਰ ਇਲਾਕਾ ਵਾਸੀਆਂ ਨੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਦੇ ਨਾਲ ਨਾਲ ਵਾਰਡ ਦੇ ਸੇਵਾਦਾਰ ਸਤਵਿੰਦਰ ਸਿੰਘ ਹੈਪੀ ਦੇ ਧੰਨਵਾਦੀ ਹਾਂ, ਜਿਨਾਂ ਵੱਲੋਂ ਇਹ ਕੈਂਪ ਲਗਵਾਕੇ ਸਰਕਾਰੀ ਕੰਮ ਕਰਵਾਉਣ ਲਈ ਆ ਰਹੀ ਖੱਜਲ - ਖੁਆਰ ਤੋਂ ਨਿਜਾਤ ਦਿਵਾਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਵਿੰਦਰ ਸਿੰਘ ਹੈਪੀ,ਕੁਲਦੀਪ ਐਰੀ, ਮਨਜਿੰਦਰ ਭੋਲਾ, ਹਰਦੀਪ ਸਿੰਘ ਸਿੱਧੂ, ਗੁਲਾਬ ਸਿੰਘ, ਸੁਰਿੰਦਰਪਾਲ ਸਿੰਘ, ਸੁਰਿੰਦਰ ਚੌਧਰੀ, ਤਜਿੰਦਰ ਸਿੰਘ ਮਿੱਠੂ ਆਦਿ ਭਾਰੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪਰਾਲੀ ਪ੍ਰਦੂਸ਼ਣ 'ਚ ਕਾਰਵਾਈ ਕਰਨ ਦੇ ਰੌਅ 'ਚ ਨਹੀਂ ਪੰਜਾਬ ਸਰਕਾਰ



**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਹੁਣ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਕੋਈ ਕਾਰਵਾਈ ਕਰਨ ਦੇ ਰੌਅ ਵਿਚ ਨਹੀਂ ਹੈ ਅਤੇ ਸੁਪਰੀਮ ਕੋਰਟ ਦੀ ਅਗਲੀ ਸੁਣਵਾਈ ਤੋਂ ਸੂਬਾ ਸਰਕਾਰ ਕਸੂਤੀ ਸਥਿਤੀ ਵਿਚ ਫਸ ਗਈ ਹੈ। ਸੁਪਰੀਮ ਕੋਰਟ ਵਿਚ ਪਰਾਲੀ ਪ੍ਰਦੂਸ਼ਣ ਦੇ ਮੁੱਦੇ 'ਤੇ 27 ਫਰਵਰੀ ਨੂੰ ਸੁਣਵਾਈ ਹੋਣੀ ਹੈ ਅਤੇ 13 ਦਸੰਬਰ ਦੀ ਪਿਛਲੀ ਪੇਸ਼ੀ 'ਤੇ ਸੁਪਰੀਮ ਕੋਰਟ ਨੇ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਕਾਰਵਾਈ ਕਰਨ ਲਈ ਕਿਹਾ ਸੀ ਅਤੇ ਇਸ ਕਾਰਵਾਈ ਦੀ ਰਿਪੋਰਟ 27 ਫਰਵਰੀ ਨੂੰ ਅਦਾਲਤ ਦੇ ਸਾਹਮਣੇ ਰੱਖਣ ਵਾਸਤੇ ਹੁਕਮ ਕੀਤੇ ਸਨ। ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਇਸ ਮਾਮਲੇ 'ਤੇ ਵਿਚਾਰ ਚਰਚਾ ਕਰ ਰਹੀ ਹੈ ਅਤੇ ਅਧਿਕਾਰੀਆਂ ਨੇ ਮੁੱਖ ਮੰਤਰੀ ਦੇ ਧਿਆਨ ਵਿਚ ਇਹ ਮਾਮਲਾ ਲਿਆਂਦਾ ਹੈ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਪਸ਼ਟ ਰੂਪ ਵਿਚ ਆਖ ਦਿੱਤਾ ਹੈ ਕਿ ਪਰਾਲੀ ਸਾੜਨ ਵਾਲੇ ਕਿਸਾਨਾਂ ਖ਼ਿਲਾਫ਼ ਸੂਬਾ ਸਰਕਾਰ ਕੋਈ ਐਕਸ਼ਨ ਨਹੀਂ ਲਵੇਗੀ। ਸੁਪਰੀਮ ਕੋਰਟ ਨੇ ਸੂਬਾ ਸਰਕਾਰ ਨੂੰ ਕਿਹਾ ਸੀ ਕਿ ਪਰਾਲੀ ਸਾੜਨ ਵਾਲਿਆਂ ਖ਼ਿਲਾਫ਼ ਕਾਰਵਾਈ ਵਿਚ ਤੇਜ਼ੀ ਲਿਆਂਦੀ ਜਾਵੇ। ਅਧਿਕਾਰੀ ਦੱਸਦੇ ਹਨ ਕਿ ਸਿਖਰਲੀ ਅਦਾਲਤ ਵਿਚ ਸੂਬਾ ਸਰਕਾਰ ਹਲਫਨਾਮਾ ਦਾਇਰ ਕਰੇਗੀ। ਹਲਫਨਾਮੇ ਵਿਚ ਇਸ ਮਾਮਲੇ ਨੂੰ ਲੈ ਕੇ ਸੁਧਾਰਾਤਮਕ ਕਦਮਾਂ ਦਾ ਵੇਰਵਾ ਦਿੱਤਾ ਜਾਵੇਗਾ ਜੋ ਪਿਛਲੇ ਸੀਜ਼ਨ ਵਿਚ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਚੁੱਕੇ ਗਏ ਸਨ। ਪੰਜਾਬ ਸਰਕਾਰ ਵੱਲੋਂ ਹਵਾ ਪ੍ਰਦੂਸ਼ਣ ਨੂੰ ਰੋਕਣ ਵਾਸਤੇ ਕੀਤੇ ਕੰਮਾਂ ਦੇ ਵੇਰਵੇ ਵੀ ਦਿੱਤੇ ਜਾਣਗੇ। ਚੇਤੇ ਰਹੇ ਕਿ ਇਸ ਵੇਲੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਸ਼ੰਭੂ ਅਤੇ ਖਨੌਰੀ ਸਰਹੱਦਾਂ 'ਤੇ ਕੇਂਦਰ ਖਿਲਾਫ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਸੂਬਾ ਸਰਕਾਰ ਇਸ ਘੜੀ ਕੋਈ ਐਕਸ਼ਨ ਲੈਣ ਦੇ ਰੌਅ ਵਿਚ ਨਹੀਂ ਹੈ। ਉਪਰੋਂ ਲੋਕ ਸਭਾ ਚੋਣਾਂ ਵੀ ਸਿਰ 'ਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੀ ਰਾਤ ਹੋਈ ਤੀਜੇ ਗੇੜ ਦੀ ਮੀਟਿੰਗ ਵਿਚ ਵੀ ਕਿਸਾਨ ਆਗੂਆਂ ਅੱਗੇ ਆਪਣੇ ਮਨਸ਼ਾ ਜ਼ਾਹਿਰ ਕਰ ਦਿੱਤੀ ਸੀ ਕਿ ਖੁਦ ਸੂਬਾ ਸਰਕਾਰ ਕਿਸੇ ਕਿਸਾਨ ਖ਼ਿਲਾਫ਼ ਪਰਾਲੀ ਦੇ ਮਾਮਲੇ 'ਤੇ ਕਾਰਵਾਈ ਨਹੀਂ ਕਰਨਾ ਚਾਹੁੰਦੀ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ 2023 ਦੇ ਝੋਨੇ ਦੇ ਸੀਜ਼ਨ ਦੌਰਾਨ ਸੂਬੇ ਵਿੱਚ ਪਰਾਲੀ ਸਾੜਨ ਦੀਆਂ 36,663 ਘਟਨਾਵਾਂ ਸਾਹਮਣੇ ਆਈਆਂ ਸਨ ਜਿਨ੍ਹਾਂ ਵਿਚੋਂ 10,008 ਮਾਮਲਿਆਂ ਵਿੱਚ 2,57,90,000 ਰੁਪਏ ਦਾ ਵਾਤਾਵਰਨ ਮੁਆਵਜ਼ਾ ਲਗਾਇਆ ਗਿਆ ਸੀ ਅਤੇ ਇਸ ਵਿੱਚੋਂ 1,88,60500 ਰੁਪਏ ਦੀ ਵਸੂਲੀ ਹੋ ਚੁੱਕੀ ਹੈ।

# ਦਿਲ ਦਾ ਦੌਰਾ ਪੈਣ ਕਾਰਨ ਅਦਾਕਾਰਾ ਕਵਿਤਾ ਚੌਧਰੀ ਦਾ ਦੇਹਾਂਤ

**ਅੰਮ੍ਰਿਤਸਰ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੂਰਦਰਸ਼ਨ ਦੇ ਲੜੀਵਾਰ ਉਡਾਨ 'ਚ ਆਈਪੀਐੱਸ ਅਫਸਰ ਕਲਿਆਣੀ ਸਿੰਘ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਕਵਿਤਾ ਚੌਧਰੀ ਦਾ ਅੱਜ 67 ਸਾਲ ਦੀ ਉਮਰ 'ਚ ਅੰਮ੍ਰਿਤਸਰ ਵਿਚ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ।

ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿਤਾ ਗਿਆ।

ਇਸ ਮੌਕੇ ਉਨ੍ਹਾਂ ਦਾ ਭਰਾ ਕਪਿਲ ਚੌਧਰੀ, ਪਰਿਵਾਰਕ ਮੈਂਬਰ, ਦੋਸਤ ਤੇ ਰਿਸ਼ਤੇਦਾਰ ਹਾਜ਼ਰ ਸਨ। ਉਡਾਨ ਵਿੱਚ ਉਤਸ਼ਾਹੀ ਮਹਿਲਾ ਆਈਪੀਐਸ ਅਧਿਕਾਰੀ ਦਾ ਕਿਰਦਾਰ ਨਿਭਾਉਣ ਵਾਲੀ ਕਵਿਤਾ ਚੌਧਰੀ ਦੀ ਇਹ ਭੂਮਿਕਾ ਉਸ ਦੀ ਆਪਣੀ ਵੱਡੀ ਭੈਣ ਕੰਚਨ ਚੌਧਰੀ ਭੱਟਾਚਾਰੀਆ ਤੋਂ ਪ੍ਰੇਰਿਤ ਸੀ।

# ਭਾਰਤ ਬੰਦ ਦੌਰਾਨ ਮਾਛੀਵਾੜਾ ਸ਼ਹਿਰ ਮੁਕੰਮਲ ਤੌਰ ਤੇ ਬੰਦ ਰਿਹਾ



**ਮਾਛੀਵਾੜਾ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਅੱਜ ਭਾਰਤ ਬੰਦ ਦੌਰਾਨ ਮਾਛੀਵਾੜਾ ਸ਼ਹਿਰ ਦੇ ਦੁਕਾਨਦਾਰਾਂ ਵੱਲੋਂ ਕਿਸਾਨਾਂ ਨੂੰ ਪੂਰਾ ਸਮਰਥਨ ਦਿੱਤਾ ਗਿਆ ਜਿਸ ਦੇ ਮੱਦੇ ਨਜ਼ਰ ਸ਼ਹਿਰ ਦੀਆਂ ਦੁਕਾਨਾਂ ਸ਼ਾਮ 4 ਵਜੇ ਤੱਕ ਮੁਕੰਮਲ ਤੌਰ ਤੇ ਬੰਦ ਰਹੀਆਂ।
ਭਾਰਤ ਬੰਦ ਦੀ ਸੱਦੇ ਦੌਰਾਨ ਕਿਸਾਨਾਂ ਵੱਲੋਂ ਕੱਲ ਤੋਂ ਹੀ ਲਾਊਡ ਸਪੀਕਰ ਰਾਹੀਂ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਰੱਖਣ ਦੀ ਅਪੀਲ ਕੀਤੀ ਗਈ ਸੀ ਜਿਸ ਦੇ ਮੱਦੇਨਜ਼ਰ ਜਿੱਥੇ ਮਾਛੀਵਾੜਾ ਸ਼ਹਿਰ ਮੁਕੰਮਲ ਤੌਰ ਤੇ ਬੰਦ ਰੱਖਿਆ ਗਿਆ ਉੱਥੇ ਜਰੂਰੀ ਸੇਵਾਵਾਂ ਜਿਵੇਂ ਕਿ ਡਾਕਟਰਾਂ ਦੀਆਂ ਦੁਕਾਨਾਂ, ਮੈਡੀਕਲ ਦੀਆਂ ਦੁਕਾਨਾਂ ਅਤੇ ਪ੍ਰੀਖਿਆਵਾਂ ਦੇ ਮੱਦੇਨਜ਼ਰ ਸਕੂਲ ਖੁੱਲੇ ਰਹੇ। ਕਿਸਾਨਾਂ ਵੱਲੋਂ ਮਾਛੀਵਾੜਾ ਸ਼ਹਿਰ ਦੇ ਖਾਲਸਾ ਚੌਂਕ ਵਿੱਚ ਧਰਨਾ ਦਿੱਤਾ ਗਿਆ ਜਿੱਥੇ ਕਿਸਾਨਾਂ ਤੋਂ ਇਲਾਵਾ ਮਜ਼ਦੂਰ ਅਤੇ ਸ਼ਹਿਰ ਦੇ ਦੁਕਾਨਦਾਰ ਵੀ ਸ਼ਾਮਿਲ ਹੋਏ। ਇਸ ਧਰਨੇ ਵਿੱਚ ਵੱਖ-ਵੱਖ ਆਗੂਆਂ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਕਿਸਾਨਾਂ ਦੀਆਂ ਹੱਕੀ ਮੰਗਾਂ ਨੂੰ ਜਲਦ ਤੋਂ ਜਲਦ ਮੰਨੇ ਤਾਂ ਜੋ ਦੇਸ਼ ਦਾ ਅੰਨਦਾਤਾ ਸੜਕਾਂ ਤੇ ਨਾ ਰੁਲੇ। ਉਹਨਾਂ ਸ਼ੰਭੂ ਬਾਰਡਰ ਤੇ ਇਕੱਠੇ ਹੋਏ ਕਿਸਾਨਾਂ ਉੱਤੇ ਹਰਿਆਣਾ ਸਰਕਾਰ ਵੱਲੋਂ ਕੀਤੇ ਜਾ ਰਹੇ ਤਸ਼ੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਦੀ ਕਰਦਿਆਂ ਕਿਹਾ ਕਿ ਕਿਸਾਨਾਂ ਤੇ ਅਥਰੂ ਗੈਸ ਅਤੇ ਗੋਲੀਆਂ ਚਲਾ ਕੇ ਘਟੀਆ ਮਾਨਸਿਕਤਾ ਦਾ ਸਬੂਤ ਦਿੱਤਾ ਹੈ ਪਰ ਇਸ ਅੱਤਿਆਚਾਰ ਨਾਲ ਹਰਿਆਣਾ ਸਰਕਾਰ ਅਤੇ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ ਦੇ ਜੋਸ਼ ਨੂੰ ਦਬਾ ਨਹੀਂ ਸਕਦੀ। ਉਹਨਾਂ ਅੱਜ ਦੇ ਭਾਰਤ ਬੰਦ ਦਾ ਦੁਕਾਨਦਾਰਾਂ ਵੱਲੋਂ ਸਮਰਥਨ ਦੇਣ ਤੇ ਉਹਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਅੱਜ ਦੁਕਾਨਦਾਰਾਂ ਤੇ ਆਮ ਲੋਕਾਂ ਨੇ ਕਿਸਾਨਾਂ ਦਾ ਸਾਥ ਦਿੱਤਾ ਹੈ ਉਹ ਇਸ ਸੰਘਰਸ਼ ਵਿੱਚ ਵੀ ਅੱਗੇ ਉਹਨਾਂ ਦਾ ਡੱਟ ਕੇ ਸਾਥ ਦੇਣ ਤਾਂ ਜੋ ਦੇਸ਼ ਦਾ ਅੰਨਦਾਤਾ ਆਪਣੇ ਅੰਦੋਲਨ ਨੂੰ ਜਿੱਤ ਕੇ ਮੁੜੇ। ਇਸ ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਸੁਖਵਿੰਦਰ ਸਿੰਘ ਗਿੱਲ ਵਾਈਸ ਪ੍ਰਧਾਨ, ਬਲਾਕ ਪ੍ਰਧਾਨ ਕਰਮਜੀਤ ਸਿੰਘ, ਜਥੇਦਾਰ ਮਨਮੋਹਨ ਸਿੰਘ ਖੇੜਾ, ਦਲਜੀਤ ਸਿੰਘ ਗਿੱਲ, ਕੁਲਵੀਰ ਸਿੰਘ, ਦਰਬਾਰਾ ਸਿੰਘ, ਜੋਗਿੰਦਰ ਸਿੰਘ ਸੇਹ, ਜਥੇਦਾਰ ਅਮਰਜੀਤ ਸਿੰਘ ਬਾਲਿਓਂ, ਅਮਰੀਕ ਸਿੰਘ ਧਾਲੀਵਾਲ, ਕਰਮਜੀਤ ਸਿੰਘ ਲੋਪੋਂ, ਸੋਮਾ ਸਿੰਘ ਲੁਬਾਣਗੜ੍ਹ, ਦੀਪਕ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਮੌਜੂਦ ਸਨ।

# ਦੋਹਰੀ ਨਾਗਰਿਕਤਾ ਮਾਮਲੇ ਵਿੱਚ ਸਾਬਕਾ ਮੰਤਰੀ ਹੈਨਰੀ ਬਰੀ



**ਜਲੰਧਰ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੰਤਰੀ ਅਵਤਾਰ ਹੈਨਰੀ ਨੂੰ ਅੱਜ ਅਦਾਲਤ ਨੇ ਦੋਹਰੀ ਨਾਗਰਿਕਤਾ ਮਾਮਲੇ ਵਿੱਚ ਬਰੀ ਕਰ ਦਿੱਤਾ ਹੈ। ਉਸ ਖ਼ਿਲਾਫ਼ ਭਾਰਤੀ ਅਤੇ ਵਿਦੇਸ਼ੀ ਪਾਸਪੋਰਟ ਨਾਲ ਚੋਣ ਲੜਨ ਦਾ ਮਾਮਲਾ ਚੱਲ ਰਿਹਾ ਸੀ। ਸੀਜੇਐੱਮ ਐੱਨਆਰਆਈ ਗਗਨਦੀਪ ਸਿੰਘ ਗਰਗ ਦੀ ਅਦਾਲਤ ਵਿੱਚ ਹੈਨਰੀ ਖ਼ਿਲਾਫ਼ ਦੋਸ਼ ਸਾਬਤ ਨਹੀਂ ਹੋ ਸਕੇ। ਇਸ ਤੋਂ ਬਾਅਦ ਅਦਾਲਤ ਨੇ ਉਸ ਨੂੰ ਬਰੀ ਕਰਨ ਦਾ ਹੁਕਮ ਦਿੱਤਾ। ਜ਼ਿਕਰਯੋਗ ਹੈ ਕਿ ਗੁਰਜੀਤ ਸਿੰਘ ਸੰਘੇੜਾ ਨੇ ਅਦਾਲਤ ਵਿੱਚ ਬਿਆਨ ਦਰਜ ਕਰਵਾਇਆ ਸੀ ਕਿ ਉਸ ਦੇ ਪਿਤਾ ਅਵਤਾਰ ਹੈਨਰੀ ਨੇ ਉਸ ਦੀ ਮਾਂ ਨੂੰ ਤਲਾਕ ਦਿੱਤੇ ਬਿਨਾਂ ਹੀ ਦੂਜਾ ਵਿਆਹ ਕਰ ਲਿਆ ਸੀ। ਉਸ ਨੇ ਦੱਸਿਆ ਕਿ ਉਸ ਦੇ ਪਿਤਾ 1962 ਵਿੱਚ ਯੂਕੇ ਗਏ ਸਨ ਅਤੇ ਉਨ੍ਹਾਂ ਦਾ ਵਿਆਹ 1965 ਵਿੱਚ ਸੁਰਿੰਦਰ ਕੌਰ (ਹੁਣ ਮ੍ਰਿਤਕ) ਨਾਲ ਹੋਇਆ ਸੀ। ਉਸ ਦਾ ਜਨਮ 3 ਫਰਵਰੀ 1966 ਨੂੰ ਹੋਇਆ ਸੀ ਅਤੇ ਉਸ ਦੇ ਪਿਤਾ ਨੇ 10 ਜਨਵਰੀ 1968 ਨੂੰ ਬ੍ਰਿਟਿਸ਼ ਨਾਗਰਿਕਤਾ ਲੈ ਲਈ ਸੀ। ਇਸ ਤੋਂ ਬਾਅਦ ਉਥੇ ਮੈਡੀਕਲ ਕਾਰਡ ਬਣਾਇਆ ਗਿਆ ਅਤੇ 1968 ਵਿੱਚ ਹੀ ਬ੍ਰਿਟਿਸ਼ ਪਾਸਪੋਰਟ ਬਣ ਗਿਆ। 1969 ਵਿੱਚ ਉਸ ਦੇ ਪਿਤਾ ਭਾਰਤ ਆਏ ਅਤੇ ਸੁਰਿੰਦਰ ਕੌਰ ਨੂੰ ਬਿਨਾਂ ਤਲਾਕ ਦਿੱਤੇ ਹਰਿੰਦਰ ਕੌਰ ਨਾਲ ਦੂਜਾ ਵਿਆਹ ਕਰਵਾ ਲਿਆ। 1997 ਵਿੱਚ, ਉਹ ਵਿਧਾਇਕ ਸਨ ਅਤੇ ਆਪਣੇ ਮੈਡੀਕਲ ਕਾਰਡ ਨੂੰ ਨਵਿਆਉਣ ਲਈ ਯੂਕੇ ਗਏ ਸਨ। ਪਿਛਲੀਆਂ ਚੋਣਾਂ 'ਚ ਦੋਹਰੀ ਨਾਗਰਿਕਤਾ ਦੇ ਵਿਵਾਦ 'ਚ ਉਲਝ ਕੇ ਹੈਨਰੀ ਦਾ ਨਾਂ ਵੋਟਰ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਸੀ। ਇਸ ਕਾਰਨ ਉਨ੍ਹਾਂ ਦੇ ਪੁੱਤਰ ਬਾਵਾ ਹੈਨਰੀ ਨੇ ਚੋਣ ਲੜੀ।

# ਪੁਲਿਸ ਰਿਮਾਂਡ ਖਤਮ ਹੋਣ ਮਗਰੋਂ ਪ੍ਰਦੀਪ ਕਲੇਰ ਨੂੰ ਜੇਲ੍ਹ ਭੇਜਿਆ



**ਫਰੀਦਕੋਟ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਰਾ ਸਿਰਸਾ ਦੀ ਕੌਮੀ ਕਮੇਟੀ ਦੇ ਮੈਂਬਰ ਪ੍ਰਦੀਪ ਕਲੇਰ ਦਾ ਛੇ ਰੋਜ਼ਾ ਪੁਲੀਸ ਰਿਮਾਂਡ ਖਤਮ ਹੋਣ ਤੋਂ ਬਾਅਦ ਉਸ ਨੂੰ ਅੱਜ ਇੱਥੇ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਪੁਲੀਸ ਰਿਮਾਂਡ ਖਤਮ ਹੋਣ ਤੋਂ ਬਾਅਦ ਪ੍ਰਦੀਪ ਕਲੇਰ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਹੈ। ਪ੍ਰਦੀਪ ਕਲੇਰ ਨੂੰ ਵਿਸ਼ੇਸ਼ ਜਾਂਚ ਟੀਮ (ਸਿਟ) ਨੇ 9 ਫਰਵਰੀ ਨੂੰ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਸੀ। ਹਾਲਾਂਕਿ ਪ੍ਰਦੀਪ ਕਲੇਰ ਦੀ ਪੁੱਛ ਪੜਤਾਲ ਤੋਂ ਬਾਅਦ ਵੀ ਵਿਸ਼ੇਸ਼ ਜਾਂਚ ਟੀਮ ਦੋ ਹੋਰ ਲੋੜੀਂਦੇ ਡੇਰਾ ਪ੍ਰੇਮੀ ਸੰਦੀਪ ਬਰੇਟਾ ਅਤੇ ਹਰਸ਼ ਧੁਰੀ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਸੂਤਰਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਬਹੁਤ ਜਲਦ ਪ੍ਰਦੀਪ ਕਲੇਰ ਖ਼ਿਲਾਫ਼ ਚਲਾਨ ਇਲਾਕਾ ਮੈਜਿਸਟਰੇਟ ਫਰੀਦਕੋਟ ਦੀ ਅਦਾਲਤ ਵਿੱਚ ਪੇਸ਼ ਕਰਨ ਜਾ ਰਹੀ ਹੈ। ਹਾਲਾਂਕਿ ਸੁਪਰੀਮ ਕੋਰਟ ਦੇ ਹੁਕਮ ਮੁਤਾਬਿਕ ਡੇਰਾ ਪ੍ਰੇਮੀਆਂ ਖ਼ਿਲਾਫ਼ ਬੇਅਦਬੀ ਦੇ ਦਰਜ ਹੋਏ ਪਰਚਿਆਂ ਦੀ ਸੁਣਵਾਈ ਚੰਡੀਗੜ੍ਹ ਵਿੱਚ ਹੋਣੀ ਹੈ। ਇਲਾਕਾ ਮੈਜਿਸਟਰੇਟ ਦੀ ਪ੍ਰਦੀਪ ਕਲੇਰ ਨੂੰ 14 ਦਿਨਾਂ ਲਈ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜਣ ਦਾ ਹੁਕਮ ਦਿੱਤਾ ਹੈ। ਪ੍ਰਦੀਪ ਕਲੇਰ ਨੂੰ ਵਿਸ਼ੇਸ਼ ਜਾਂਚ ਟੀਮ (ਸਿਟ) ਨੇ 9 ਫਰਵਰੀ ਨੂੰ ਗੁਰੂਗ੍ਰਾਮ ਤੋਂ ਗ੍ਰਿਫ਼ਤਾਰ ਕੀਤਾ ਸੀ। ਹਾਲਾਂਕਿ ਪ੍ਰਦੀਪ ਕਲੇਰ ਦੀ ਪੁੱਛ ਪੜਤਾਲ ਤੋਂ ਬਾਅਦ ਵੀ ਵਿਸ਼ੇਸ਼ ਜਾਂਚ ਟੀਮ ਦੋ ਹੋਰ ਲੋੜੀਂਦੇ ਡੇਰਾ ਪ੍ਰੇਮੀ ਸੰਦੀਪ ਬਰੇਟਾ ਅਤੇ ਹਰਸ਼ ਧੁਰੀ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ। ਸੂਤਰਾਂ ਅਨੁਸਾਰ ਵਿਸ਼ੇਸ਼ ਜਾਂਚ ਟੀਮ ਬਹੁਤ ਜਲਦ ਪ੍ਰਦੀਪ ਕਲੇਰ ਖ਼ਿਲਾਫ਼ ਚਲਾਨ ਇਲਾਕਾ ਮੈਜਿਸਟਰੇਟ ਫਰੀਦਕੋਟ ਦੀ ਅਦਾਲਤ ਅਦਾਲਤ ਵਿੱਚ ਚਲਾਨ ਪੇਸ਼ ਹੋਣ ਤੋਂ ਬਾਅਦ ਇਹ ਕੇਸ ਸੁਣਵਾਈ ਲਈ ਚੰਡੀਗੜ੍ਹ ਤਬਦੀਲ ਹੋ ਜਾਵੇਗਾ।

# ਐੱਸਟੀਐੱਫ਼ ਵੱਲੋਂ 66 ਕਿੱਲੋ ਅਫ਼ੀਮ ਸਣੇ ਦੋ ਮੁਲਜ਼ਮ ਕਾਬੂ

**ਲੁਧਿਆਣਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਤੋਂ ਸਕਾਰਪੀਓ ਵਿੱਚ ਅਫ਼ੀਮ ਲਿਆ ਕੇ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਸਪਲਾਈ ਕਰਨ ਵਾਲੇ 2 ਤਸਕਰਾਂ ਨੂੰ ਐੱਸਟੀਐੱਫ ਦੀ ਟੀਮ ਨੇ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਉੜੀਸਾ ਵਾਸੀ ਗੁਰਦੇਵ ਸਿੰਘ ਅਤੇ ਜਗਰਾਉਂ ਵਾਸੀ ਤੇਜਿੰਦਰ ਸਿੰਘ ਮੋਨੂੰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਪੁਲੀਸ ਨੇ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ 2 ਦਿਨਾਂ ਦੇ ਪੁਲੀਸ ਰਿਮਾਂਡ 'ਤੇ ਲੈ ਕੇ ਪੁੱਛ-ਪੜਤਾਲ ਸ਼ੁਰੂ ਕਰ ਦਿੱਤੀ ਹੈ।



ਐੱਸਟੀਐੱਫ਼ ਦੇ ਏਆਈਜੀ ਸਨੇਹਦੀਪ ਸ਼ਰਮਾ ਨੇ ਦੱਸਿਆ ਕਿ ਐੱਸਟੀਐੱਫ਼ ਦੇ ਇੰਚਾਰਜ ਇੰਸਪੈਕਟਰ ਹਰਬੰਸ ਸਿੰਘ ਦੀ ਅਗਵਾਈ ਹੇਠਲੀ ਪੁਲੀਸ ਟੀਮ ਨੇ ਸਾਹਨੇਵਾਲ ਕੋਲ ਨਾਕਾ ਲਾਇਆ ਹੋਇਆ ਸੀ। ਇਸ ਦੌਰਾਨ ਪੁਲੀਸ ਨੂੰ ਸੂਚਨਾ ਮਿਲੀ ਕਿ ਤਸਕਰ ਲੁਧਿਆਣਾ ਵੱਲ ਆ ਰਹੇ ਹਨ। ਨਾਕੇ 'ਤੇ ਜਦੋਂ ਸਕਾਰਪੀਓ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ 'ਚ ਰੱਖੇ ਅਟੈਚੀ 'ਚੋਂ 66 ਕਿੱਲੋ ਅਫ਼ੀਮ ਬਰਾਮਦ ਹੋਈ। ਪੁੱਛ-ਪੜਤਾਲ ਦੌਰਾਨ ਪਤਾ ਲੱਗਿਆ ਕਿ ਮੁਲਜ਼ਮ ਗੁਰਦੇਵ ਸਿੰਘ ਗੱਡੀਆਂ ਦੀ ਖਰੀਦੋ-ਫਰੋਖਤ ਦਾ ਕਾਰੋਬਾਰ ਕਰਦਾ ਹੈ। ਉਹ ਉੱਤਰ ਪ੍ਰਦੇਸ਼ ਅਤੇ ਝਾਰਖੰਡ ਤੋਂ ਅਫ਼ੀਮ ਲਿਆ ਕੇ ਸਪਲਾਈ ਕਰਦਾ ਸੀ। ਉਹ ਪਿਛਲੇ ਕਰੀਬ 5 ਸਾਲ ਤੋਂ ਇਸ ਧੰਦੇ ਵਿੱਚ ਸ਼ਾਮਿਲ ਹੈ। ਪੁਲੀਸ ਅਨੁਸਾਰ ਮੁਲਜ਼ਮ ਮੋਨੂੰ ਖ਼ਿਲਾਫ਼ ਥਾਣਾ ਸਿਟੀ ਜਗਰਾਉਂ 'ਚ ਅਗਵਾ ਕਰਕੇ ਕਤਲ ਦਾ ਕੇਸ ਦਰਜ ਹੋਇਆ ਸੀ ਜਿਸ 'ਚੋਂ ਉਹ ਬਰੀ ਹੋ ਗਿਆ ਸੀ। ਉਹ ਟਰੱਕ ਡਰਾਈਵਰੀ ਦੀ ਆੜ ਹੇਠ ਨਸ਼ਾ ਤਸਕਰੀ ਕਰਨ ਲੱਗਿਆ। ਦੋਵੇਂ ਮੁਲਜ਼ਮ ਉਤਰ ਪ੍ਰਦੇਸ਼ ਦੇ ਬਨਾਰਸ ਵਾਸੀ ਧੀਰਜ ਤੋਂ ਅਫ਼ੀਮ ਲਿਆਏ ਸਨ। ਉਨ੍ਹਾਂ ਇੱਕ ਲੱਖ 10 ਹਜ਼ਾਰ ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਅਫ਼ੀਮ ਖਰੀਦੀ ਸੀ ਤੇ 2 ਲੱਖ ਰੁਪਏ ਦੇ ਭਾਅ 'ਤੇ ਅੱਗੇ ਵੇਚਣੀ ਸੀ। ਪੁਲੀਸ ਮੁਲਜ਼ਮਾਂ ਤੋਂ ਪੁੱਛ ਪੜਤਾਲ ਕਰਕੇ ਧੀਰਜ ਦਾ ਪਤਾ ਲਾਉਣ 'ਚ ਲੱਗੀ ਹੋਈ ਹੈ।

# ਲੋਕ ਸਭਾ ਦੇ ਆਮ ਚੋਣ ਦੇ ਐਲਾਨ ਦੇ ਨਾਲ ਹੀ ਚੋਣ ਜਾਬਤਾ ਹੋ ਜਾਵੇਗੀ ਲਾਗੂ : ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ

## ਰਾਜਨੀਤਿਕ ਪਾਰਟੀਆਂ ਨੂੰ ਆਪਦੇ ਐਲਾਨ ਪੱਤਰ ਜਾਰੀ ਕਰਨ ਦੇ ਤਿੰਨ ਦਿਨ ਦੇ ਅੰਦਰ ਚੋਣ ਐਲਾਨ ਪੱਤਰ ਦੀ ਤਿੰਨ ਕਾਪੀ ਸੀਈਓ ਦਫਤਰ ਚੰਡੀਗੜ੍ਹ ਵਿਚ ਕਰਵਾਉਣੀ ਹੋਵੇਗੀ ਜਮ੍ਹਾ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਲੋਕਸਭਾ ਦੇ ਆਮ ਚੋਣ ਦਾ ਐਲਾਨ ਦੇ ਨਾਲ ਹੀ ਚੋਣ ਜਾਬਤਾ ਲਾਗੂ ਹੋ ਜਾਵੇਗੀ।

ਸ੍ਰੀ ਅਨੁਰਾਗ ਅਗਰਵਾਲ ਨੇ ਇਹ ਗੱਲ ਅੱਜ ਇੱਥੇ ਚੋਣ ਜਾਬਤਾ ਦੇ ਸਬੰਧ ਵਿਚ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਕਹੀ।

ਉਨ੍ਹਾਂ ਨੇ ਦਸਿਆ ਕਿ ਸਾਰੇ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਐਲਾਨ ਪੱਤਰ ਜਾਰੀ ਕਰਨ ਦੇ ਤਿੰਨ ਦਿਨ ਦੇ ਅੰਦਰ ਚੋਣ ਐਲਾਨ ਪੱਤਰ ਦੀ ਤਿੰਨ ਕਾਪੀਆਂ ਸੀਈਓ ਦਫਤਰ ਚੰਡੀਗੜ੍ਹ ਵਿਚ ਜਮ੍ਹਾ ਕਰਵਾਉਣੀ ਹੋਵੇਗੀ। ਸ੍ਰੀ ਅਗਰਵਾਲ ਨੇ ਦਸਿਆ ਕਿ ਜੇਕਰ ਕਿਸੇ ਵੀ ਰਾਜਨੀਤਿਕ ਪਾਰਟੀ ਨੂੰ ਕੋਈ ਰੈਲੀ ਜਾਂ ਰੋਡ ਸ਼ੋਅ ਦਾ ਕਾਫਿਲਾ ਕੱਢਣਾ ਹੈ ਤਾਂ ਉਸ ਦੀ ਇਜਾਜ਼ਤ ਸਬੰਧਿਤ ਜਿਲ੍ਹਾ ਅਥਾਰਿਟੀ ਤੋਂ ਲੈਣੀ ਜਰੂਰੀ ਹੈ।

ਰਾਤ 10 ਵਜੇ ਤੋਂ ਸਵੇਰੇ 6 ਵਜੇ ਤਕ ਲਾਊਡ ਸਪੀਕਰ ਦੀ ਨਹੀਂ ਕੀਤੀ ਜਾਵੇਗੀ ਵਰਤੋ



ਉਨ੍ਹਾਂ ਨੇ ਦਸਿਆ ਕਿ ਜੇਕਰ ਕੋਈ ਰਾਜਨੀਤਿਕ ਪਾਰਟੀ ਰੋਡ ਸ਼ੋਅ ਦਾ ਕਾਫਿਲਾ ਕੱਢਦੀ ਹੈ ਤਾਂ ਉਸ ਤੋਂ ਰੋਡ ਜਾਮ ਨਹੀਂ ਹੋਣਾ ਚਾਹੀਦਾ ਅਤੇ ਜਿੱਥੇ ਹਸਪਤਾਲ ਤੇ ਟ੍ਰਾਮਾ ਸੈਂਟਰ ਹੋਵੇਗਾ ਉੱਥੋਂ ਕੋਈ ਵੀ ਰਾਜਨੀਤਿਕ ਪਾਰਟੀ ਰੋਡ ਸ਼ੋਅ ਦਾ ਕਾਫਿਲਾ ਨਹੀਂ ਕੱਢ ਸਕੇਗੀ। ਇਸ ਤੋਂ ਇਲਾਵਾ, ਰਾਤ 10 ਵਜੇ ਤੋਂ ਸਵੇਰੇ 6 ਵਜੇ ਤਕ ਲਾਊਡ ਸਪੀਕਰ ਦੀ ਵਰੋਤ ਨਹੀਂ ਕੀਤੀ ਜਾਵੇਗੀ।

ਰਾਜਨੀਤਿਕ ਪਾਰਟੀ ਆਪਣੇ ਬੈਨਰ 'ਤੇ ਮੰਦਿਰ, ਮਸਜਿਦ, ਗੁਰੂਦੁਆਰਾ ਤੇ ਚਰਚ ਦੀ ਫੋਟੋ ਦਾ ਨਹੀਂ ਕਰ ਸਕੇਗੀ ਵਰਤੋ

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਚੋਣ ਜਾਬਤਾ ਦੌਰਾਨ ਰਾਜਨੀਤਿਕ ਪਾਰਟੀਆਂ ਵੱਲੋਂ ਕਿਸੇ ਵੀ ਰੇਸਟ ਹਾਊਸ, ਡਾਕ ਬੰਗਲਾ ਅਤੇ ਸਰਕਾਰੀ ਮਕਾਨ ਦੀ ਵਰਤੋ ਨਹੀਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕੋਈ ਵੀ ਰਾਜਨੀਤਿਕ ਵਿਅਕਤੀ ਆਪਣੇ ਭਾਸ਼ਨ ਵਿਚ ਜਾਤੀ, ਧਰਮ ਨਾਲ ਸਬੰਧਿਤ ਸ਼ਬਦਾਂ ਨੂੰ ਵਰਤੋ ਨਹੀਂ ਕਰ ਸਕੇਗਾ ਅਤੇ ਰਾਜਨੀਤਿਕ ਪਾਰਟੀ ਆਪਣੇ ਬੈਨਰ 'ਤੇ ਮੰਦਿਰ, ਮਸਜਿਦ, ਗੁਰੂਦੁਆਰਾ ਤੇ ਚਰਚ ਦੀ ਫੋਟੋ ਦੀ ਵਰਤੋ ਵੀ ਨਹੀਂ ਕਰ ਸਕਣਗੇ। ਉਮੀਦਵਾਰਾਂ ਦੇ ਪ੍ਰੋਗ੍ਰਾਮਾਂ 'ਤੇ ਇਲੈਕਸ਼ਨ ਐਕਸਪੇਂਡੀਚਰ ਮੋਨੀਟਰਿੰਗ ਟੀਮ ਰੱਖੇਗੀ ਨਜਰ

ਉਨ੍ਹਾਂ ਨੇ ਦਸਿਆ ਕਿ ਇਲੈਕਸ਼ਨ ਐਕਸਪੇਂਡੀਚਰ ਮੋਨੀਟਰਿੰਗ ਟੀਮ ਜਿਲ੍ਹਾ ਪੱਧਰ 'ਤੇ ਬਣਾਈ ਗਈ ਹੈ ਜੋ ਉਮੀਦਵਾਰਾਂ ਦੇ ਪ੍ਰੋਗ੍ਰਾਮਾਂ 'ਤੇ ਵੱਖ-ਵੱਖ ਤਰ੍ਹਾ ਨਾਲ ਨਜਰ ਰੱਖੇਗੀ, ਤਾਂ ਜੋ ਪ੍ਰੋਗ੍ਰਾਮਾਂ ਵਿਚ ਉਮੀਦਵਾਰ ਵੱਲੋਂ ਚੋਣ ਜਾਬਤਾ ਦਾ ਉਲੰਘਣ ਨਾ ਕੀਤਾ ਜਾ ਰਿਹਾ।

# ਕਿਸਾਨਾਂ ਨੂੰ ਬਦਨਾਮ ਕਰਨ ਲਈ ਸਰਕਾਰ ਖ਼ੁਦ ਰੋਕ ਰਹੀ ਹੈ ਸੜਕਾਂ: ਚਿਤਰਾ

**ਅੰਬਾਲਾ,20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੀ ਸੀਨੀਅਰ ਆਗੂ ਚਿਤਰਾ ਸਰਵਾਰਾ ਨੇ ਕਿਹਾ ਕਿ ਭਾਜਪਾ-ਜਜਪਾ ਸਰਕਾਰ ਕਿਸਾਨਾਂ ਨੂੰ ਬਦਨਾਮ ਕਰਨ ਲਈ ਜਾਣਬੁੱਝ ਕੇ ਸੜਕਾਂ ਰੋਕ ਰਹੀ ਹੈ। ਸੜਕਾਂ ਅਤੇ ਇੰਟਰਨੈੱਟ ਬੰਦ ਕਰ ਕੇ ਸਰਕਾਰ ਕਿਸਾਨਾਂ ਵਿਰੁੱਧ ਨਾਂਹ-ਪੱਖੀ ਪ੍ਰਚਾਰ ਕਰਨ ਦੀ ਸਾਜ਼ਿਸ਼ ਤਹਿਤ ਜਨਤਾ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਭਾਜਪਾ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਐਮਐਸਪੀ ਦੇਣ ਦਾ ਵਾਅਦਾ ਕਰ ਕੇ ਸੱਤਾ ਵਿੱਚ ਆਈ ਸੀ ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਆਪਣੇ ਵਾਅਦੇ ਤੋਂ ਪਿੱਛੇ ਹਟ ਗਈ। ਅੱਜ ਕਿਸਾਨ ਸਰਕਾਰ ਨੂੰ ਇਹ ਵਾਅਦਾ ਯਾਦ ਕਰਵਾਉਣ ਲਈ ਅੰਦੋਲਨ ਕਰ ਰਹੇ ਹਨ ਪਰ ਉਨ੍ਹਾਂ ਨੂੰ ਰੋਕਣ ਲਈ ਸਰਕਾਰ ਗ਼ੈਰ-ਸੰਵਿਧਾਨਕ ਅਤੇ ਗ਼ੈਰ-ਕਾਨੂੰਨੀ ਤਰੀਕੇ ਅਪਣਾ ਰਹੀ ਹੈ। ਸਰਕਾਰ ਨੂੰ ਸੜਕਾਂ ਰੋਕਣ, ਕਿੱਲ ਗੱਡਣ ਤੇ ਇੰਟਰਨੈੱਟ ਬੰਦ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਚਿਤਰਾ ਸਰਵਾਰਾ ਨੇ ਕਿਹਾ ਕਿ ਕਾਂਗਰਸ ਸਵਾਮੀਨਾਥਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦਾ ਪੂਰਾ ਸਮਰਥਨ ਕਰਦੀ ਹੈ। ਉਨ੍ਹਾਂ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸੀ2 ਫਾਰਮੂਲੇ 'ਤੇ ਐਮਐਸਪੀ ਦੇਣ ਦਾ ਐਲਾਨ ਕੀਤਾ ਹੈ।

# ਬਸੰਤ ਉਤਸਵ: ਹਿਮਾਚਲੀ ਕਲਾਕਾਰਾਂ ਨੇ ਝੂਮਣ ਲਾਏ ਸਰੋਤੇ



**ਸ਼ਾਹਬਾਦ ਮਾਰਕੰਡਾ,20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਲਾ ਪਰਿਸ਼ਦ ਵੱਲੋਂ ਕਰਵਾਏ ਜਾ ਰਹੇ ਬਸੰਤ ਉਤਸਵ ਵਿਚ ਕਲਾਕਾਰਾਂ ਵੱਲੋਂ ਰੰਗ ਬੰਨ੍ਹਿਆ ਜਾ ਰਿਹਾ ਹੈ। ਪਹਿਲੇ ਦਿਨ ਜਿਥੇ ਪੰਜਾਬ ਦੇ ਸੱਭਿਆਚਾਰ ਦਾ ਰੰਗ ਦਿਖਿਆ ਤਾਂ ਦੂਜੇ ਦਿਨ ਰਾਜਸਥਾਨੀ ਝਲਕ ਦੇਖਣ ਨੂੰ ਮਿਲੀ।

ਉਤਸਵ ਦੀ ਤੀਜੀ ਸ਼ਾਮ ਕਵੀਆਂ ਦੇ ਨਾਂ ਅਤੇ ਚੌਥੀ ਸ਼ਾਮ ਹਿਮਾਚਲ ਪ੍ਰਦੇਸ਼ ਦੇ ਕਲਾਕਾਰਾਂ ਦੇ ਨਾਂ ਰਹੀ। ਇਸ ਪ੍ਰੋਗਰਾਮ ਵਿਚ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਯੁਵਾ ਤੇ ਸੰਸਕ੍ਰਿਤਕ ਵਿਭਾਗ ਦੇ ਸਾਬਕਾ ਨਿਰਦੇਸ਼ਕ ਤੇ ਵਣਿਜ ਵਿਭਾਗ ਦੇ ਮੁਖੀ ਡਾ. ਤਜਿੰਦਰ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।

ਬਸੰਤ ਉਤਸਵ ਦੇ ਪ੍ਰੋਗਰਾਮਾਂ ਦੀ ਲੜੀ ਵਿਚ ਅੱਜ ਦੇ ਪ੍ਰੋਗਰਾਮ ਦਾ ਆਗਾਜ਼ ਡਾ. ਤਜਿੰਦਰ ਸ਼ਰਮਾ ਤੇ ਨਿਰਦੇਸ਼ਕ ਨਾਗੇਂਦਰ ਸ਼ਰਮਾ ਨੇ ਦੀਪ ਜਗਾ ਕੇ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਮੁਦਰਾ ਪਰਫਾਰਮਿੰਗ ਅੰਬਾਲਾ ਦੇ ਕਲਾਕਾਰਾਂ ਵੱਲੋਂ ਕਥਕ ਨ੍ਰਿਤ ਦੀ ਸ਼ਾਨਦਾਰ ਪੇਸ਼ਕਾਰੀ ਨਾਲ ਹੋਈ। ਹਰਿਆਣਾ ਦੇ ਮਹਿਲਾ ਤੇ ਪੁਰਸ਼ ਕਲਾਕਾਰਾਂ ਨੇ 'ਵੈਲਕਮ ਟੂ ਹਰਿਆਣਾ' ਗੀਤ 'ਤੇ ਆਪਣੀ ਨ੍ਰਿਤ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।

ਹਿਮਾਚਲ ਦੇ ਸਿਰਮੌਰ ਜ਼ਿਲ੍ਹੇ ਤੋਂ ਆਏ ਇੰਦਰ ਸਿੰਘ ਦੀ ਟੀਮ ਨੇ ਸਿਰਮੌਰੀ ਨਾਟੀ ਪੇਸ਼ ਕਰ ਕੇ ਦਰਸ਼ਕਾਂ ਨੂੰ ਹਿਮਾਚਲੀ ਸੰਸਕ੍ਰਿਤੀ ਨਾਲ ਰੂਬਰੂ ਕਰਵਾਇਆ। ਹਿਮਾਚਲ ਪ੍ਰਦੇਸ਼ ਦੇ ਪਹੂਆ ਨ੍ਰਿਤ ਨੇ ਪੰਜਾਬ ਦੇ ਗਿੱਧੇ ਦੀ ਯਾਦ ਦਿਵਾਈ। ਕਥਕ ਨ੍ਰਿਤ ਚਤੁਰੰਗ ਵਿਚ ਮਹਿਲਾ ਕਲਾਕਾਰਾਂ ਨੇ ਪੈਰਾਂ ਦੀ ਥਿਰਕਣ, ਹੱਥਾਂ ਤੇ ਚਿਹਰੇ ਦੇ ਹਾਵ-ਭਾਵ ਰਾਹੀਂ ਇਕ ਦਿਲਕਸ਼ ਦ੍ਰਿਸ਼ ਪੇਸ਼ ਕੀਤਾ। ਏਕਲ ਨ੍ਰਿਤ ਨੂੰ ਵੀ ਖੂਬ ਸਰਾਹਿਆ ਗਿਆ।

ਆਖਰੀ ਪੇਸ਼ਕਾਰੀ ਹਰਿਆਣਾ ਰਸੀਆ ਦੀ ਰਹੀ। ਫੁੱਲਾਂ ਦੇ ਨਾਲ ਖੇਡਦੇ ਹੋਏ ਮਨੋਜ ਜਾਲੇ ਦੀ ਟੀਮ ਨੇ ਖੂਬਸੂਰਤੀ ਨਾਲ ਰਸੀਆ ਨਾਚ ਪੇਸ਼ ਕੀਤਾ। ਮੁੱਖ ਮਹਿਮਾਨ ਤਜਿੰਦਰ ਸ਼ਰਮਾ ਨੇ ਸਭ ਨੂੰ ਬਸੰਤ ਦੀ ਵਧਾਈ ਦਿੱਤੀ ਤੇ ਕਿਹਾ ਕਿ ਬਸੰਤ ਆਉਣ ਨਾਲ ਮਾਹੌਲ ਖੁਸ਼ਨੁਮਾ ਹੋ ਜਾਂਦਾ ਹੈ। ਪਸ਼ੂ ਪੰਛੀ ਤੱਕ ਚਹਿਕਣ ਲੱਗ ਜਾਂਦੇ ਹਨ। ਇਸੇ ਪ੍ਰਕਿਰਿਆ ਨੂੰ ਦੇਖਦੇ ਹੋਏ ਕਲਾ ਪਰਿਸ਼ਦ ਨੇ ਬਸੰਤ ਉਤਸਵ ਨੂੰ ਸਫਲ ਬਣਾਇਆ ਹੈ। ਇਸ ਮੌਕੇ ਸ਼ਾਮ ਵੇਲੇ ਕਲਾਕਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਹਰਿਆਣਾ ਸਕੂਲ ਸਿਖਿਆ ਵਿਭਾਗ ਦੇ ਪਰਵਤਰੋਹੀ ਦਲ ਨੇ ਸਿਕਿੰਮ ਵਿਚ 16500 ਫੁੱਟ ਦੀ ਉਚਾਈ 'ਤੇ ਸਥਿਤ ਮਾਊਂਟ ਰੇਹਨੋਕ 'ਤੇ ਫਹਿਰਾਇਆ ਝੰਡਾ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਕੂਲ ਸਿਖਿਆ ਮੰਤਰੀ ਸ੍ਰੀ ਕੰਵਰ ਪਾਲ ਨੇ ਵਿਭਾਗ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਟੀਮ ਨੂੰ ਏਡਵੇਂਚਰ ਅਤੇ ਪਰਵਤਰੋਹਨ ਦੇ ਖੇਤਰ ਵਿਚ ਵਿਸ਼ਵ ਰਿਕਾਰਡ ਬਣਾ ਕੇ ਪੂਰੇ ਸੂਬੇ ਦਾ ਨਾਂਅ ਰੋਸ਼ਨ ਕਰਨ 'ਤੇ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।

ਹਰਿਆਣਾ ਸਕੂਲ ਸਿਖਿਆ ਵਿਭਾਗ ਨੇ ਬੇਸਿਕ ਮਾਊਂਟੇਨਿਯਰਿੰਗ ਕੋਰਸ-ਅਤੇ-ਰੇਹਨੋਕ ਸਿਖਰ 16500 ਫੁੱਟ ਪਰਵਤਰੋਹਣ ਮੁਹਿੰਮ ਵਿਚ ਹਿੱਸਾ ਲੈਣ ਲਈ 51 ਪ੍ਰਤੀਭਾਗੀਆਂ ਨੂੰ ਭੇਜਿਆ ਸੀ ਜਿਸ ਵਿਚ ਗਿਆਰਵੀਂ ਕਲਾਸ ਦੇ 22 ਮੁੰਡੇ ਅਤੇ 22 ਕੁੜੀਆਂ, 3 ਪੁਰਸ਼ ਅਤੇ 3 ਮਹਿਲਾ ਅਧਿਆਪਕ ਅਤੇ 1 ਕਨਟਿਨਜੇਂਟ ਲੀਡਰ ਸ਼ਾਮਿਲ ਸੀ। ਇਸ ਪ੍ਰੋਗ੍ਰਾਮ ਦਾ ਪ੍ਰਬੰਧ ਰੱਖਿਆ ਮੰਤਰਾਲੇ ਭਾਰਤ ਸਰਕਾਰ ਵੱਲੋਂ ਸੰਚਾਲਿਤ ਹਿਮਾਲਯ ਪਰਵਤਰੋਹਣ ਸੰਸਥਾਨ (ਐਚਐਮਆਈ) ਦਾਰਜਲਿੰਗ (ਪੱਛਮ ਬੰਗਾਲ) ਦੇ ਸਹਿਯੋਗ ਨਾਲ ਸਿਕਿੰਮ ਖੇਤਰ ਵਿਚ ਕੀਤਾ ਗਿਆ ਸੀ।

ਵਰਨਣਯੋਗ ਹੈ ਕਿ ਹਰਿਆਣਾ ਭਾਰਤ ਦਾ ਇਕਲੌਤਾ ਸੂਬਾ ਹੈ, ਜਿੱਥੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਲਈ ਵਿਭਾਗ ਦੇ ਪੱਧਰ 'ਤੇ ਪਰਵਤਰੋਹਨ ਮੁਹਿੰਮ ਪ੍ਰਬੰਧਿਤ ਕੀਤੀ ਜਾਂਦੀ ਹੈ। ਇਸ ਪ੍ਰੋਗ੍ਰਾਮ ਵਿਚ ਬੇਸਿਕ ਮਾਊਂਟੇਨਿਅਰਿੰਗ ਕੋਰਸ ਵੀ ਜੋੜਿਆ ਗਿਆ ਹੈ ਤਾਂ ਜੋ ਵਿਦਿਆਰਥੀ ਅੱਗੇ ਚੱਲ ਕੇ ਪਰਵਤਰੋਹਣ ਦੇ ਆਪਣੇ ਕੈਰਿਅਰ ਵਜੋ ਚੁਣ ਸਕਣ।

**ਪਰਵਤਰੋਹਣ ਮੁਹਿੰਮ ਵਿਚ ਹੇਠਾਂ ਲਿਖੇ ਉਦੇਸ਼ ਸ਼ਾਮਿਲ ਹਨ -**

ਯੁਵਾ ਵਿਦਿਆਰਥੀਆਂ ਨੂੰ ਪਰਵਤਰੋਹਣ ਰਾਹੀਂ 500 ਮੀਟਰ ਤੋਂ ਵੱਧ ਉਚਾਈ 'ਤੇ ਸਥਿਤ ਪਹਾੜਾਂ 'ਤੇ ਕੁਦਰਤੀ ਅਧਿਐਨ ਦਾ ਮੌਕਾ ਪ੍ਰਦਾਨ ਕਰਨਾ, ਤਾਂ ਜੋ ਉਹ ਉੱਥੇ ਦੀ ਵਨਸਪਤੀਆਂ, ਜੰਗਲੀ ਜੀਵਾਂ, ਜਨ ਜੀਵਨ ਦਾ ਅਧਿਐਨ ਕਰ ਸਕਣ।

ਵਿਦਿਆਰਥੀਆਂ ਨੂੰ ਵੱਧ ਉਚਾਈ ਵਾਲੇ ਹਿੰਮਤੀ ਕੰਮ ਦੀ ਤਕਨੀਕ ਅਤੇ ਕਾਰਜਪ੍ਰਣਾਲੀ ਤੋਂ ਜਾਣੂੰ ਕਰਾਉਣਾ। ਉਨ੍ਹਾਂ ਦੀ ਫਿਟਨੈਸ, ਆਤਮਵਿਸ਼ਵਾਸ, ਪ੍ਰਬੰਧਨ, ਸਮਰੱਥਾ, ਫੈਸਲਾ ਲੈਣ ਤੇ ਹੋਰ ਨਿਜੀ ਲੱਛਣਾਂ ਦੇ ਪੱਧਰ ਨੂੰ ਵਧਾਉਣਾ।

ਇਸ ਵਿਸ਼ੇਸ਼ ਪਰਵਤਰੋਹਣ ਕੋਰਸ ਅਤੇ ਪਰਵਤਰੋਹਣ ਮੁਹਿੰਮ ਵਿਚ ਕੁਆਲੀਫਿਕੇਸ਼ਨ ਪ੍ਰਾਪਤ ਕਰਨ ਵਾਲੇ ਪ੍ਰਤੀਭਾਗੀ ਦੇਸ਼ ਦੇ ਕਿਸੀ ਵੀ ਕੌਮੀ ਪੱਧਰ ਦੇ ਪਰਵਤਰੋਹਣ ਅਤੇ ਏਡਵੇਂਚਰ ਸੰਸਥਾਨ ਵਿਚ ਟ੍ਰੇਨੀ ਕੋਚ ਵਜੋ ਕੰਮ ਕਰਨ ਦੇ ਯੋਗ ਹੋਣਗੇ। ਟ੍ਰੇਨੀ ਕੋਚ ਵਜੋ ਇਕ ਮਹੀਨੇ ਦੀ ਪ੍ਰੀਖਿਆ ਦੇ ਬਾਅਦ, ਉਹ ਏਡਵੇਂਚਰ ਸੰਸਥਾਨ, ਏਡਵੇਂਚਰ ਖੇਡ ਕੰਪਨੀਆਂ ਆਦਿ ਵਿਚ ਜੂਨੀਅਰ ਕੋਚ ਦੀ ਨੌਕਰੀ ਪਾਉਣ ਦੇ ਯੋਗ ਹੋਣਗੇ ਜਾਂ ਫ੍ਰੀਲਾਂਸਰ ਕੋਚ ਵਜੋ ਕੰਮ ਕਰ ਸਕਦੇ ਹਨ। ਇਸ ਤੋਂ ਇਲਾਵਾ, ਉ ਪਰਵਤਰੋਹਨ ਨੂੰ ਆਪਣੇ ਕੈਰਿਅਰ ਵਿਚ ਇਕ ਖੇਡ ਵਜੋ ਅਪਣਾ ਸਕਦੇ ਹਨ ਅਤੇ ਏਡਵਾਂਸ ਮਾਊਂਟੇਨਿਯਰਿੰਗ ਕੋਰਸ (ਏਐਮਸੀ) ਅਤੇ ਮੇਥਸ ਆਫ ਇੰਸਟ੍ਰਕਸ਼ਨ ਆਦਿ ਵਜੋ ਆਪਣੀ ਯੋਗਤਾ ਵਧਾ ਸਕਦੇ ਹਨ।

# ਕਬੱਡੀ ਕੱਪ 'ਤੇ ਅਲੀਕਾ ਦੀ ਟੀਮ ਕਾਬਜ਼



**ਰਤੀਆ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਬੀਆਰ ਅੰਬੇਡਕਰ ਸਪੋਰਟਸ ਕਲੱਬ ਵੱਲੋਂ ਦੋ ਰੋਜ਼ਾ ਮਿਨੀ ਟੂਰਨਾਮੈਂਟ ਕਰਵਾਇਆ ਗਿਆ। ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਲੀਕਾ ਦੀ ਟੀਮ ਨੇ ਕੱਪ 'ਤੇ ਕਬਜ਼ਾ ਕੀਤਾ। ਪਵਨ ਕੁਮਾਰ ਦੀ ਟੀਮ ਦੂਜੇ ਸਥਾਨ 'ਤੇ ਰਹੀ। ਨੌਜਵਾਨ ਸਭਾ ਦੀ ਟੀਮ ਨੂੰ ਪ੍ਰਧਾਨ ਰਣਜੀਤ ਅਲੀਕਾ ਅਤੇ ਪ੍ਰਧਾਨ ਸੁਰੇਸ਼ ਅਲੀਕਾ ਨੇ ਸਪਾਂਸਰ ਕੀਤਾ, ਜਿਸ ਵਿੱਚ ਅਨਮੋਲ, ਰਾਜੂ ਪਹਿਲਵਾਨ, ਦਵਿੰਦਰ, ਜਗਸੀਰ, ਅਵਤਾਰ, ਹਰਪ੍ਰੀਤ ਅਲੀਕਾ ਸ਼ਾਮਲ ਸਨ। ਲੜਕੀਆਂ ਦੇ ਰੱਸਾਕਸ਼ੀ ਵਿੱਚ ਕਲੋਤਾ ਫਿਟਨੈੱਸ ਅਕੈਡਮੀ ਏ ਦੀ ਟੀਮ ਜੇਤੂ ਰਹੀ। ਮੈਨੇਜਮੈਂਟ ਕਮੇਟੀ ਨਿਤੀਨ, ਕਾਮੂ ਅਲੀਕਾ, ਹਰਪ੍ਰੀਤ ਦਹੀਆ ਆਦਿ ਹਾਜ਼ਰ ਸਨ।

# ਨੌਜਵਾਨਾਂ ਨੂੰ ਖ਼ੂਨਦਾਨ ਕਰਨ ਲਈ ਪ੍ਰੇਰਿਆ

**ਸ਼ਾਹਬਾਦ ਮਾਰਕੰਡਾ,20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਰਵੀਦਾਸ ਸਭਾ ਵੱਲੋਂ ਮੰਦਰ ਅਜਰਾਣਾ ਖੁਰਦ ਵਿਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਥ ਬਲੱਡ ਡੋਨੇਸ਼ਨ ਸੁਸਾਇਟੀ ਤੇ ਪਿੰਡ ਦੀ ਪੰਚਾਇਤ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਲਗਾਇਆ ਗਿਆ।



ਸਭਾ ਦੇ ਪ੍ਰਧਾਨ ਸੂਰਜ ਭਾਨ ਤੇ ਸਰਪੰਚ ਸੁਨੀਤਾ ਦੇਵੀ ਨੇ ਕਿਹਾ ਕਿ ਗੁਰੂ ਰਵੀਦਾਸ ਦੇ ਜਨਮ ਦਿਵਸ ਦੇ ਸੰਦਰਭ ਵਿੱਚ ਸੂਬੇ 'ਚ ਥਾਂ-ਥਾਂ ਖ਼ੂਨਦਾਨ ਕੈਂਪ ਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਨੌਜਵਾਨ ਵੱਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਖ਼ੂਨਦਾਨ ਮਹਾ ਦਾਨ ਹੈ। ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਡਰ ਭੈਅ ਦੇ ਖ਼ੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਸਮਾਜ ਸੇਵੀ ਪ੍ਰਦੀਪ ਕੁਮਾਰ, ਸਰਵਨ ਵਾਲੀਆ, ਧਰਮ ਪਾਲ, ਜੰਗਸ਼ੇਰ, ਸੰਦੀਪ, ਬਰਖਾ ਰਾਮ, ਗਗਨਦੀਪ, ਐੱਲਐੱਨਜੇਪੀ ਕੁਰੂਕਸ਼ੇਤਰ ਬਲੱਡ ਬੈਂਕ ਦੇ ਡਾ. ਰਮਾ, ਸੁਮੀਤ ਕੁਮਾਰ, ਰਾਜਿੰਦਰ ਗਰੋਵਰ ਆਦਿ ਮੌਜੂਦ ਸਨ।

# ਸੁਖਦੇਵ ਸਿੰਘ ਸੰਧੂ ਸਰਬਸੰਮਤੀ ਨਾਲ ਬਣੇ ਟਰੱਕ ਯੂਨੀਅਨ ਨਾਭਾ ਦੇ ਪ੍ਰਧਾਨ



**ਨਾਭਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਖਦੇਵ ਸਿੰਘ ਸੰਧੂ ਟਰੱਕ ਅਪਰੇਟਰ ਯੂਨੀਅਨ ਨਾਭਾ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ ਇਸ ਮੌਕੇ ਉਨਾ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੋ ਅਸ਼ੀਰਵਾਦ ਲੈਣ ਉਪਰੰਤ ਸਮੁੱਚੇ ਟਰੱਕ ਅਪਰੇਟਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਟਰੱਕ ਅਪਰੇਟਰਾਂ ਦੀਆਂ ਮੁਸਕਲਾ ਦੇ ਹੱਲ ਲਈ ਹਮੇਸ਼ਾ ਤਨਦੇਹੀ ਤੇ ਇਮਾਨਦਾਰੀ ਨਾਲ ਕੰਮ ਕਰਦਿਆਂ ਟਰੱਕ ਯੂਨੀਅਨ ਦੀ ਚੜਦੀਕਲਾ ਲਈ ਕ ਕਰਨਗੇ ਇਸ ਮੌਕੇ ਟਰੱਕ ਅਪਰੇਟਰਾਂ ਤੇ ਵਿਧਾਇਕ ਦੇਵ ਮਾਨ ਵਲੋ ਸੁੱਖਦੇਵ ਸੰਧੂ ਨੂੰ ਪ੍ਰਧਾਨ ਬਣਨ ਤੇ ਵਧਾਈਆਂ ਦਿੱਤੀਆਂ ਇਸ ਮੌਕੇ ਉਨਾ ਨਾਲ ਕਪਿਲ ਮਾਨ,ਗੁਲਾਬ ਮਾਨ,ਹਰਬੰਸ ਸਿੰਘ ਸਾਬਕਾ ਪ੍ਰਧਾਨ,ਚਰਨਜੀਤ ਸਿੰਘ ਸਾਬਕਾ ਪ੍ਰਧਾਨ,ਰਵਿੰਦਰ ਸ਼ਰਮਾ ਸਾਬਕਾ ਪ੍ਰਧਾਨ,ਵਿਜੈ ਕੁਮਾਰ ਠੇਕੇਦਾਰ,ਬਾਬਾ ਰਾਮ ਸਿੰਘ, ਅਜੀਤ ਸਿੰਘ ਅਗੇਤਾ, ਜੋਗਿੰਦਰ ਸਿੰਘ ਧਨੋਰੀ ਸਰਪੰਚ,ਰਾਜ ਸਿੰਘ,ਸੁਖਜੀਤ ਹਾਂਸ,ਗੁਰਵਿੰਦਰ ਸਿੰਘ ਪੱਪੀ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# ਕਟਾਰੂਚੱਕ ਨੇ ਚਾੜਕ 'ਚ ਪੈਲੇਸ ਦਾ ਨੀਂਹ ਪੱਥਰ ਰੱਖਿਆ



**ਪਠਾਨਕੋਟ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਵੀ ਦਰਿਆ ਪਾਰ ਪੈਂਦੇ ਸਰਹੱਦ ਦੇ 80 ਤੋਂ ਵੱਧ ਪਿੰਡਾਂ ਦੇ ਲੋਕਾਂ ਦੀ ਸਹੂਲਤ ਲਈ 50 ਲੱਖ ਰੁਪਏ ਦੀ ਲਾਗਤ ਨਾਲ ਬਣਾਏ ਜਾਣ ਵਾਲੇ ਪੈਲੇਸ ਦਾ ਅੱਜ ਪਿੰਡ ਚਾੜਕ ਵਿਖੇ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਨੀਂਹ ਪੱਥਰ ਰੱਖਿਆ। ਗ਼ਰੀਬ ਲੋਕਾਂ ਦੇ ਲਈ ਪੈਲੇਸ ਦਾ ਨਿਰਮਾਣ ਕਰਨ ਦੇ ਇਸ ਕਾਰਜ ਦਾ ਆਰੰਭ ਕਰਨ ਸਮੇਂ ਇੱਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ। ਜਿਸ ਵਿੱਚ ਸਰਹੱਦੀ ਪਿੰਡਾਂ ਬਮਿਆਲ, ਨਰੋਟ ਜੈਮਲ ਸਿੰਘ, ਉਝ ਅਤੇ ਰਾਵੀ ਦਰਿਆ ਨਾਲ ਲਗਦੇ ਪਿੰਡਾਂ ਦੇ ਲੋਕ ਸ਼ਾਮਲ ਹੋਏ। ਇਸ ਮੌਕੇ ਬਲਾਕ ਪ੍ਰਧਾਨ ਪਵਨ ਕੁਮਾਰ ਫੌਜੀ, ਸੰਦੀਪ ਕੁਮਾਰ, ਠਾਕੁਰ ਭੁਪਿੰਦਰ ਸਿੰਘ ਤੇ ਸੂਬੇਦਾਰ ਕੁਲਵੰਤ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਹੱਦ ਤੇ ਵੱਸੇ ਪਿੰਡਾਂ ਦੇ ਲੋਕਾਂ ਨੂੰ ਵਿਆਹ ਸ਼ਾਦੀ, ਖੁਸ਼ੀ, ਗਮੀ ਵਾਸਤੇ ਅਜਿਹੇ ਪੈਲੇਸ ਦੀ ਬੇਹੱਦ ਲੋੜ ਸੀ। ਜਿਸ ਕਰਕੇ ਪਿੰਡ ਚਾੜਕ ਦੀ ਪੰਚਾਇਤੀ ਜਮੀਨ ਤੇ ਇੱਕ ਵਧੀਆ ਪੈਲੇਸ ਉਸਾਰਿਆ ਜਾਵੇਗਾ ਅਤੇ ਇਸ ਪੈਲੇਸ ਵਿੱਚ ਸਾਰੀਆਂ ਸੁਵਿਧਾਵਾਂ ਮੁਹਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਪਿਛਲੀਆਂ ਸਰਕਾਰਾਂ ਦੇ ਵੇਲੇ ਵਿਕਾਸ ਨਹੀਂ ਕਰ ਸਕਿਆ ਪਰ ਉਨ੍ਹਾਂ ਦੀ ਇੱਛਾ ਹੈ ਕਿ ਇਸ ਹਲਕੇ ਨੂੰ ਇੱਕ ਵਧੀਆ ਹਲਕਾ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਸ ਪੈਲੇਸ ਦਾ ਕੰਮ ਜੰਗੀ ਪੱਧਰ ਤੇ ਕਰਵਾਇਆ ਜਾਵੇਗਾ ਅਤੇ ਜਲਦੀ ਹੀ ਮੁਕੰਮਲ ਕਰਕੇ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਜਾਵੇਗਾ।

# ਲਾਡਵਾ ਅਨਾਜ ਮੰਡੀ 'ਚ ਅਟਲ ਰਸੋਈ ਦਾ ਉਦਘਾਟਨ

**ਸ਼ਾਹਬਾਦ ਮਾਰਕੰਡਾ,20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਵਿਧਾਇਕ ਡਾ. ਪਵਨ ਸੈਣੀ ਨੇ ਲਾਡਵਾ ਅਨਾਜ ਮੰਡੀ ਵਿਚ ਮਾਰਕੀਟ ਕਮੇਟੀ ਦੇ ਦਫ਼ਤਰ 'ਚ ਅਟਲ ਰਸੋਈ ਦਾ ਉਦਘਾਟਨ ਕੀਤਾ ਗਿਆ, ਜਿਥੇ ਕਿਸਾਨਾਂ ਤੇ ਮਜ਼ਦੂਰਾਂ ਲਈ 10 ਰੁਪਏ ਵਿਚ ਭੋਜਨ ਮਿਲੇਗਾ। ਡਾ. ਸੈਣੀ ਨੇ ਕਿਹਾ ਕਿ ਕਿਸਾਨ, ਮਜ਼ਦੂਰ ਤੋਂ ਇਲਾਵਾ ਹੋਰ ਲੋੜਵੰਦ ਲੋਕ ਸਿਰਫ 10 ਰੁਪਏ ਵਿਚ ਖਾਣਾ ਖਾ ਸਕਦੇ ਹਨ। ਇਹ ਭੋਜਨ ਅਟਲ ਕੰਟੀਨ ਵਿਚ ਸੈਲਫ ਹੈਲਪ ਗਰੁੱਪ ਦੀ ਮਦਦ ਨਾਲ ਤਿਆਰ ਕੀਤਾ ਜਾਵੇਗਾ, ਜੋ ਪੂਰੀ ਤਰ੍ਹਾਂ ਪੌਸ਼ਟਿਕ ਹੋਵੇਗਾ। ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਕਰੀਬ 40 ਥਾਵਾਂ 'ਤੇ ਅਟਲ ਕੰਟੀਨ ਦੀ ਸ਼ੁਰੂਆਤ ਕੀਤੀ ਹੈ। ਇਸ ਦਾ ਕਿਸਾਨਾਂ ਤੇ ਮਜ਼ਦੂਰਾਂ ਨੂੰ ਫਾਇਦਾ ਮਿਲ ਰਿਹਾ ਹੈ। ਡਾ. ਸੈਣੀ ਨੇ ਕਿਹਾ ਕਿ ਕਿਸਾਨਾਂ ਤੇ ਮਜ਼ਦੂਰਾਂ ਨੂੰ ਬਿਹਤਰ ਸਹੂਲਤਾਂ ਦੇਣਾ ਮੁੱਖ ਮੰਤਰੀ ਦੀ ਤਰਜੀਹ ਹੈ। ਮੋਦੀ-ਮਨੋਹਰ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਤੋਂ ਲੋਕ ਉਤਸ਼ਾਹਿਤ ਹਨ, ਜਿਸ ਦੀ ਦੇਸ਼ ਵਿਚ ਚਰਚਾ ਹੈ।

# ਅਜਨਾਲਾ ਸ਼ਹਿਰ ਨੂੰ ਵਿਕਾਸ ਪੱਖੋਂ ਮੋਹਰੀ ਬਣਾਵਾਂਗੇ: ਧਾਲੀਵਾਲ



**ਅਜਨਾਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਅਜਨਾਲਾ ਸ਼ਹਿਰ ਵਿੱਚ ਲਾਈਟਾਂ ਅਤੇ ਸੀ ਸੀ ਟੀਵੀ ਕੈਮਰੇ ਲਗਾਉਣ ਲਈ 161 ਕਰੋੜ ਰੁਪਏ ਜਾਰੀ ਕਰ ਦਿੱਤੇ ਹਨ ਅਤੇ ਜਿਸ ਨਾਲ ਆਉਂਦੇ ਦਿਨਾਂ ਦੌਰਾਨ ਸ਼ਹਿਰ ਵਿਕਾਸ ਕਾਰਜਾਂ ਪੱਖੋਂ ਮੋਹਰੀ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਅੱਜ ਇੱਥੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸ਼ਹਿਰ ਵਿੱਚ 200 ਉੱਚ ਕੁਆਲਿਟੀ ਦੀਆਂ ਲਾਈਟਾਂ ਲਈ 92.72 ਲੱਖ ਰੁਪਏ ਅਤੇ 130 ਕੈਮਰੇ ਜੋ ਕਿ ਸਕਿਉਰਿਟੀ ਦਾ ਕੰਮ ਕਰਨਗੇ ਲਈ 62. 22 ਲੱਖ ਰੁਪਏ ਜਾਰੀ ਕਰ ਦਿੱਤੇ ਹਨ।

ਉਨ੍ਹਾਂ ਦੱਸਿਆ ਕਿ ਅਜਨਾਲਾ ਸ਼ਹਿਰ ਦਾ ਬਿਜਲੀ ਘਰ ਜੋ ਕਿ 55 ਸਾਲ ਬਾਅਦ ਕਰੀਬ 25 ਕਰੋੜ ਰੁਪਏ ਨਾਲ ਅਪਗ੍ਰੇਡ ਕਰਕੇ 220 ਕੇ ਵੀ ਕੀਤਾ ਜਾ ਰਿਹਾ ਹੈ, ਜਿਸ ਦਾ ਉਦਘਾਟਨ ਅਗਲੇ ਕੁਝ ਦਿਨਾਂ ਵਿੱਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਦੋ ਸਾਲ ਪੂਰੇ ਹੋਣ ਤੇ ਕੀਤੇ ਗਏ ਵਿਕਾਸ ਕੰਮਾਂ ਦਾ ਜ਼ਿਕਰ ਅਜਨਾਲਾ ਵਾਸੀਆਂ ਨਾਲ ਲਿਖਤੀ ਰੂਪ ਵਿੱਚ ਸਾਂਝਾ ਕਰਾਂਗਾ ਤਾਂ ਜੋ ਸਰਕਾਰ ਦੀਆਂ ਨੀਤੀਆਂ ਤੋਂ ਜਾਣੂੰ ਕਰਵਾਇਆ ਜਾ ਸਕੇ। ਧਾਲੀਵਾਲ ਨੇ ਕਿਹਾ ਕਿ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਇਸ ਦੀਆਂ ਮੁੱਖ ਸੜਕਾਂ ਉੱਤੇ ਡਿਵਾਈਡਰ ਬਣਾਏ ਜਾਣਗੇ। ਇਸ ਤੋਂ ਇਲਾਵਾ ਸ਼ਹਿਰ ਦੇ ਚੁਫੇਰੇ ਬਾਈਪਾਸ ਬਣਾ ਕੇ ਮੁੱਖ ਸੜਕਾਂ ਨੂੰ ਆਪਸ ਵਿੱਚ ਜੋੜਿਆ ਜਾਵੇਗਾ।

ਉਨਾਂ ਦੱਸਿਆ ਕਿ ਅਜਨਾਲਾ ਸ਼ਹਿਰ ਦੇ ਸਕੂਲਾਂ ਲਈ ਕਰੀਬ 78 ਲੱਖ ਰੁਪਏ ਅਤੇ ਅਜਨਾਲਾ ਹਲਕੇ ਦੇ ਸਮੁੱਚੇ ਸਰਕਾਰੀ ਸਕੂਲਾਂ ਲਈ 28 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਕੁਝ ਹੀ ਦਿਨਾਂ ਵਿੱਚ ਸੱਕੀ ਨਾਲੇ ਦੀ ਸਫਾਈ ਦਾ ਕੰਮ ਵੀ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਜ਼ੋ ਹਲਕਾ ਅਜਨਾਲਾ ਪੰਜਾਬ ਦਾ ਮੋਹਰੀ ਹਲਕਾ ਬਣ ਸਕੇ।

ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅਜਨਾਲਾ ਹਲਕੇ ਦੇ ਸਰਕਾਰੀ ਐਲੀਮੈਂਟਰੀ ਸਕੂਲ ਗ੍ਰੰਥਗੜ੍ਹ, ਸਰਕਾਰੀ ਐਲੀਮੈਂਟਰੀ ਸਕੂਲ ਬੱਲਾਬੇ ਦਰਿਆ, ਸਰਕਾਰੀ ਐਲੀਮੈਂਟਰੀ ਸਕੂਲ ਤੇਰਾ ਰਾਜਪੂਤਾਂ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਚੱਕ ਬੱਲਾਂ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਗਏ ਕੈਂਪਾਂ ਦਾ ਨਿਰੀਖਣ ਕੀਤਾ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਲੋਕ ਸਰਕਾਰੀ ਸਹੂਲਤਾਂ ਦਾ ਲਾਭ ਉਠਾ ਰਹੇ ਹਨ। ਧਾਲੀਵਾਲ ਨੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੈਂਪਾਂ ਦੌਰਾਨ ਪ੍ਰਾਪਤ ਹੋਣ ਵਾਲੀਆਂ ਸਿਕਾਇਤਾਂ ਦਾ 100 ਫੀਸਦੀ ਨਿਪਟਾਰਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਵਿਅਕਤੀ ਨਾਗਰਿਕ ਸੇਵਾਵਾਂ ਹਾਸਲ ਕਰਨ ਤੋਂ ਵਾਂਝਾ ਨਾ ਰਹੇ।

# ਕਾਂਗਰਸ ਵੱਲੋਂ ਕੇਂਦਰੀ ਮੰਤਰੀ ਦੀ ਕੋਠੀ ਅੱਗੇ ਧਰਨਾ




**ਫਗਵਾੜਾ,20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਅੱਜ ਜਿਲ੍ਹਾ ਕਪੂਰਥਲਾ ਕਾਂਗਰਸ ਵੱਲੋਂ ਜ਼ਿਲ੍ਹਾ ਪ੍ਰਧਾਨ ਤੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਦੀ ਅਰਬਨ ਅਸਟੇਟ ਸਥਿਤ ਕੋਠੀ ਅੱਗੇ ਰੋਸ ਧਰਨਾ ਦਿੱਤਾ ਗਿਆ ਤੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਬੋਲਦਿਆਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਕੇਂਦਰ ਦੇ ਇਸ਼ਾਰੇ 'ਤੇ ਹਰਿਆਣਾ ਸਰਕਾਰ ਦੀਆਂ ਹਦਾਇਤਾਂ 'ਤੇ ਸ਼ੰਭੂ ਬੈਰੀਅਰ ਵਿਖੇ ਦਿੱਲੀ ਜਾਣ ਲਈ ਕਿਸਾਨਾਂ ਨਾਲ ਧੱਕੇਸ਼ਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਰਤੀਆ ਹਲਕੇ ਲਈ ਕਰੋੜਾਂ ਰੁਪਏ ਦੇ ਨਿਰਮਾਣ ਕਾਰਜਾਂ ਨੂੰ ਮਨਜ਼ੂਰੀ: ਨਾਪਾ

**ਰਤੀਆ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਲਛਮਣ ਨਾਪਾ ਦੇ ਯਤਨਾਂ ਸਦਕਾ ਰਤੀਆ ਵਿਧਾਨ ਸਭਾ ਹਲਕੇ ਲਈ ਕਰੋੜਾਂ ਰੁਪਏ ਦੇ ਕਈ ਨਿਰਮਾਣ ਕਾਰਜ ਮਨਜ਼ੂਰ ਹੋ ਚੁੱਕੇ ਹਨ। ਵਿਧਾਇਕ ਨੇ ਦੱਸਿਆ ਕਿ ਪਿੰਡ ਅਲੀਕਾ ਵਿੱਚ 1 ਕਰੋੜ 19 ਲੱਖ 31 ਹਜ਼ਾਰ ਰੁਪਏ ਦੀ ਲਾਗਤ ਨਾਲ ਚਾਰੇ ਪਾਸੇ ਫਿਰਨੀ ਬਣਾਈ ਜਾਵੇਗੀ। ਪਿੰਡ ਵਿੱਚ 3 ਲੱਖ 56 ਹਜ਼ਾਰ ਰੁਪਏ ਨਾਲ ਸ਼ਮਸ਼ਾਨਘਾਟ ਲਈ ਸ਼ੈੱਡ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਿੰਡ ਹਡੋਲੀ ਵਿੱਚ 14 ਲੱਖ 60 ਹਜ਼ਾਰ ਰੁਪਏ ਨਾਲ ਸ਼ਮਸ਼ਾਨਘਾਟ ਦੀ ਚਾਰਦੀਵਾਰੀ ਬਣਾਈ ਜਾਵੇਗੀ।

ਵਿਧਾਇਕ ਲਛਮਣ ਨਾਪਾ ਨੇ ਦੱਸਿਆ ਕਿ ਰਤੀਆ ਖੇਤਰ ਦੇ 9 ਪਿੰਡਾਂ ਕੁਨਾਲ, ਸੁਖਮਨਪੁਰ, ਬਲਿਆਲਾ, ਰੋਜਾਵਾਲੀ, ਕੰਵਲਗੜ੍ਹ, ਰੱਤਾਖੇੜਾ, ਭੂੰਦੜਵਾਸ, ਮੁਨਸ਼ੀਵਾਲੀ ਅਤੇ ਢਾਣੀ ਬਿਲਾਸਪੁਰ ਵਿੱਚ 6 ਕਰੋੜ 16 ਲੱਖ 77 ਹਜ਼ਾਰ ਰੁਪਏ ਦੀ ਲਾਗਤ ਨਾਲ ਗ੍ਰਾਮ ਸਕੱਤਰੇਤ ਬਣਾਏ ਜਾਣਗੇ।

# ਫੁਟਬਾਲ ਮੈਚ 'ਚ ਮਾਹਿਲਪੁਰ ਨੇ ਬੱਡੋਂ ਨੂੰ 2-1 ਨਾਲ ਹਰਾਇਆ

**ਗੜ੍ਹਸ਼ੰਕਰ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਮੈਦਾਨਾਂ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਕਰਵਾਏ ਜਾ ਰਹੇ 61ਵੇਂ ਆਲ ਇੰਡੀਆ ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਟੂਰਨਾਮੈਂਟ ਦੇ ਅੱਜ ਦੂਜੇ ਦਿਨ ਦਿਲਚਸਪ ਮੁਕਾਬਲੇ ਦੇਖਣ ਨੂੰ ਮਿਲੇ। ਕਾਲਜ ਵਰਗ ਦੇ ਪਹਿਲੇ ਮੈਚ ਵਿੱਚ ਪ੍ਰਿੰਸੀਪਲ ਹਰਭਜਨ ਸਿੰਘ ਫੁਟਬਾਲ ਅਕੈਡਮੀ ਮਾਹਿਲਪੁਰ ਨੇ ਫੁਟਬਾਲ ਅਕੈਡਮੀ ਬੱਡੋਂ ਨੂੰ 2-0 ਦੇ ਫਰਕ ਨਾਲ ਹਰਾਇਆ। ਪਹਿਲਾ ਗੋਲ ਜੇਤੂ ਟੀਮ ਦੇ ਖਿਡਾਰੀ ਹਰਮਨਦੀਪ ਸਿੰਘ ਨੇ 12ਵੇਂ ਮਿੰਟ ਵਿੱਚ ਕੀਤਾ। ਦੂਜਾ ਗੋਲ ਤਨਵੀਰ ਸਿੰਘ ਨੇ 48ਵੇਂ ਮਿੰਟ ਵਿੱਚ ਕੀਤਾ। ਇਸ ਤੋਂ ਪਹਿਲਾਂ ਮੁੱਖ ਮਹਿਮਾਨ ਵੱਜੋਂ ਰੋਸ਼ਨਜੀਤ ਸਿੰਘ ਪਨਾਮ, ਅਨੂਪ ਸਿੰਘ, ਵਿੰਗ ਕਮਾਂਡਰ ਹਰਦੇਵ ਸਿੰਘ ਢਿਲੋਂ ਅਤੇ ਦਲਜੀਤ ਸਿੰਘ ਬੈਂਸ ਨੇ ਸ਼ਿਰਕਤ ਕੀਤੀ। ਉਨ੍ਹਾਂ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਟੂਰਨਾਮੈਂਟ ਦਾ ਦੂਜਾ ਲੀਗ ਮੈਚ ਸੀਆਰਪੀਐੱਫ ਜਲੰਧਰ ਅਤੇ ਇੰਟਰਨੈਸ਼ਨਲ ਫੁਟਬਾਲ ਕਲੱਬ ਫਗਵਾੜਾ ਦੀਆਂ ਟੀਮਾਂ ਵਿਚਕਾਰ 1-1 ਦੀ ਬਰਾਬਰੀ 'ਤੇ ਖਤਮ ਹੋਇਆ। ਮੈਚ ਦਾ ਪਹਿਲਾ ਗੋਲ ਫਗਵਾੜਾ ਕਲੱਬ ਵੱਲੋਂ ਨਵਜਿੰਦਰ ਸਿੰਘ ਨੇ ਮੈਚ ਦੇ 13ਵੇਂ ਮਿੰਟ ਵਿੱਚ ਕੀਤਾ ਜਦਕਿ ਵਿਰੋਧੀ ਟੀਮ ਦੇ ਖਿਡਾਰੀ ਦਰਸ਼ਪ੍ਰੀਤ ਸਿੰਘ ਨੇ ਮੈਚ ਦੇ 89ਵੇਂ ਮਿੰਟ ਵਿੱਚ ਗੋਲ ਕਰਕੇ ਮੁਕਾਬਲਾ ਬਰਾਬਰ ਕਰ ਦਿੱਤਾ। ਇਸ ਮੌਕੇ ਤਹਿਸੀਲਦਾਰ ਵਿਵੇਕ ਕੁਮਾਰ, ਪ੍ਰਿੰਸੀਪਲ ਜਗਮੋਹਨ ਸਿੰਘ ਬੱਡੋਂ, ਮਲਕੀਤ ਸਿੰਘ ਅਤੇ ਪ੍ਰਿੰਸੀਪਲ ਪਰਵਿੰਦਰ ਸਿੰਘ ਨੇ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ। ਇਸ ਮੌਕੇ ਟੂਰਨਾਮੈਂਟ ਦੇ ਪ੍ਰਬੰਧਕਾਂ ਨੇ ਸਹਿਯੋਗੀ ਸ਼ਖ਼ਸੀਅਤਾਂ ਦਾ ਸਨਮਾਨ ਚਿੰਨ੍ਹ ਦੇ ਕੇ ਸਨਮਾਨ ਕੀਤਾ। ਇਸ ਮੌਕੇ ਦਲਜੀਤ ਸਿੰਘ ਬੈਂਸ, ਸੇਵਕ ਸਿੰਘ ਬੈਂਸ, ਵਿੱਚ ਕੀਤਾ। ਇਸ ਤੋਂ ਪਹਿਲਾਂ ਮੁੱਖ ਮਹਿਮਾਨ ਵੱਜੋਂ ਰੋਸ਼ਨਜੀਤ ਸਿੰਘ ਪਨਾਮ, ਅਨੂਪ ਸਿੰਘ, ਵਿੰਗ ਕਮਾਂਡਰ ਹਰਦੇਵ ਸਿੰਘ ਢਿਲੋਂ ਅਤੇ ਦਲਜੀਤ ਸਿੰਘ ਬੈਂਸ ਨੇ ਸ਼ਿਰਕਤ ਕੀਤੀ। ਉਨ੍ਹਾਂ ਖਿਡਾਰੀਆਂ ਨਾਲ ਜਾਣ-ਪਛਾਣ ਕੀਤੀ ਅਤੇ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਦੀ ਪ੍ਰੇਰਨਾ ਦਿੱਤੀ। ਟੂਰਨਾਮੈਂਟ ਦਾ ਦੂਜਾ ਲੀਗ ਮੈਚ ਸੀਆਰਪੀਐੱਫ ਜਲੰਧਰ ਅਤੇ ਇੰਟਰਨੈਸ਼ਨਲ ਫੁਟਬਾਲ ਕਲੱਬ ਫਗਵਾੜਾ ਦੀਆਂ ਟੀਮਾਂ ਹਰਨੰਦਨ ਖਾਬੜਾ, ਪ੍ਰੋ. ਸਰਵਣ ਸਿੰਘ, ਅਮਨਦੀਪ ਸਿੰਘ ਬੈਂਸ, ਬਲਜਿੰਦਰ ਮਾਨ ਆਦਿ ਹਾਜ਼ਰ ਸਨ।



# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਹਰਿਆਣਾ ਸਰਕਾਰ ਦੀ ਅਲੋਚਨਾ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਨੇ ਹਰਿਆਣਾ ਸਰਕਾਰ ਵੱਲੋਂ ਦਿੱਲੀ ਰੋਸ ਪ੍ਰਦਰਸ਼ਨ ਕਰਨ ਜਾ ਰਹੇ ਕਿਸਾਨਾਂ ਦਾ ਰਾਹ ਰੋਕ ਕੇ ਜਬਰ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਜਾ ਕੇ ਪ੍ਰਦਰਸ਼ਨ ਕਰਨਾ ਕਿਸਾਨਾਂ ਦਾ ਜਮਹੂਰੀ ਹੱਕ ਹੈ, ਉਨ੍ਹਾਂ ਨੂੰ ਇਹ ਹੱਕ ਹਰ ਹਾਲਤ ਵਿੱਚ ਮਿਲਣਾ ਚਾਹੀਦਾ ਹੈ। ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿਰਸਾ, ਪੰਜਾਬ ਪ੍ਰਧਾਨ ਸੁਰਜੀਤ ਜੱਜ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਨੇ ਦੀਪ ਨੇ ਹਰਿਆਣਾ ਸਰਕਾਰ ਕਿਸਾਨਾਂ 'ਤੇ ਜਬਰ ਕਰ ਰਹੀ ਹੈ। ਜਬਰ ਕਾਰਨ ਡੇਢ ਸੌ ਦੇ ਕਰੀਬ ਕਿਸਾਨ ਜ਼ਖ਼ਮੀ ਹੋਏ ਹਨ ਅਤੇ ਇੱਕ ਕਿਸਾਨ ਦੀ ਮੌਤ ਹੋ ਗਈ ਹੈ। ਇਸ ਮੌਕੇ ਉੱਘੇ ਪੰਜਾਬ ਚਿੰਤਕ ਡਾ. ਸਵਰਾਜਬੀਰ, ਪ੍ਰੋ. ਜਗਮੋਹਣ ਸਿੰਘ, ਡਾ. ਪਰਮਿੰਦਰ ਸਿੰਘ, ਡਾ. ਸਰਬਜੀਤ ਸਿੰਘ, ਡਾ. ਪਾਲ ਕੌਰ, ਡਾ. ਗੁਲਜ਼ਾਰ ਪੰਧੇਰ, ਕੇਵਲ ਧਾਲੀਵਾਲ, ਡਾ. ਅਨੂਪ ਸਿੰਘ, ਡਾ. ਸੁਰਜੀਤ ਭੱਟੀ ਹਾਜ਼ਰ ਸਨ।

## ABBREVIATIONS

| | |
|---|---|
| AVA | American Victims of Abortion |
| AVC | American Veterans Committee |
| AVDA | American Venereal Disease Association |
| AVDP | Avoirdupois |
| AVES | Australian Voluntary Euthanasia Society |
| AVS | Association for Voluntary Sterilization |
| AWMA | American Women's Medical Association |
| AWOL | Absent without leave |
| AZT | Azidothymidine |
| BA | Bachelor of Arts |
| BACAOR | Bay Area Coalition Against Operation Rescue |



# ਨਿਆਂ ਵਿਵਸਥਾ ਅਤੇ ਕਾਨੂੰਨ ਦੇ ਖੇਤਰ 'ਚ ਮੌਕੇ

ਭਾਰਤੀ ਸਮਾਜ 'ਚ ਨਿਆ ਵਿਵਸਥਾ ਅਤੇ ਕਾਨੂੰਨ ਦੇ ਖੇਤਰ 'ਚ ਹਮੇਸ਼ਾ ਤੋਂ ਇਕ ਖ਼ਾਸ ਮੁਕਾਮ ਰਿਹਾ ਹੈ। ਸਮੇਂ ਦੇ ਨਾਲ ਇਸ ਪੇਸ਼ੇ 'ਚ ਮੌਕੇ ਵਧੇ ਹਨ ਅਤੇ ਇਸ ਵੱਲ ਆਕਰਸ਼ਕ ਹੋਣ ਵਾਲੇ ਨੌਜਵਾਨਾਂ ਦੀ ਸੰਖਿਆ ਵੀ। ਆਰਥਿਕ ਉਦਾਰੀਕਰਨ ਤੋਂ ਬਾਅਦ ਕਾਨੂੰਨ ਦੇ ਪੇਸ਼ੇਵਰਾਂ ਦੀਆਂ ਨਵੀਆਂ ਭੂਮਿਕਾਵਾਂ ਪੈਦਾ ਹੋਈਆਂ ਹਨ। ਲੀਗਲ ਟੈਕਨਾਲੋਜੀ 'ਚ ਉਨਤੀ ਵੀ ਲੀਗਲ ਸੈਕਟਰ 'ਚ ਵੱਡੀ ਤਬਦੀਲੀ ਲਿਆਈ ਹੈ। ਭਾਰਤ 'ਚ ਵਿਦੇਸ਼ੀ ਕੰਪਨੀਆਂ ਦੇ ਆਉਣ ਤੋਂ ਬਾਅਦ ਟੈਕਸੇਸ਼ਨ, ਟੈਲੀਕਾਮ, ਬੈਂਕਿੰਗ ਅਤੇ ਫਾਈਨਾਂਸ, ਪਾਵਰ, ਏਵੀਏਸ਼ਨ, ਮੀਡੀਆ, ਇਨਫਾਰਮੇਸ਼ਨ ਟੈਕਨਾਲੋਜੀ ਆਦਿ ਨੂੰ ਧਿਆਨ 'ਚ ਰੱਖਦੇ ਹੋਏ ਨਵੇਂ ਨਿਯਮ ਬਣਾਏ ਗਏ। ਜ਼ਾਹਿਰ ਹੈ ਇਨ੍ਹਾਂ ਸਾਰੇ ਖੇਤਰਾਂ 'ਚ ਕਾਨੂੰਨ ਦੇ ਮਾਹਰਾਂ ਦੀ ਮੰਗ ਵਧਣੀ ਸੀ। ਇਸ ਤੋਂ ਬਾਅਦ ਸਾਰੇ ਕਾਰਪੋਰੇਟ ਹਾਊਸ, ਬੈਂਕ, ਲਾਅ ਫਰਮ ਆਦਿ ਲੀਗਲ ਐਡਵਾਈਜ਼ਰ ਨਿਯੁਕਤ ਕਰਨ ਲੱਗੇ। ਅੱਜ ਲੀਗਲ ਸੈਕਟਰ ਨਵੇਂ ਦੌਰ ਦਾ ਕਰੀਅਰ ਬਣ ਚੁੱਕਾ ਹੈ। ਖੋਜ ਅਨੁਸਾਰ ਭਾਰਤ 'ਚ ਕਾਨੂੰਨੀ ਖੇਤਰ 'ਚ ਜੌਬ ਦੇ ਮੌਕਿਆਂ 'ਚ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਮਈ 2018 'ਚ ਲੀਗਲ ਇੰਡਸਟਰੀ ਜੌਬ ਦੇਣ ਦੇ ਮਾਮਲਿਆਂ 'ਚ ਸਿਖ਼ਰ 'ਤੇ ਰਹੀ ਹੈ। ਉੱਥੇ ਕਾਨੂੰਨੀ ਮਾਹਰਾਂ ਦੀ ਮੰਗ 'ਚ 34 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ।

### ਲਾਅ ਪੇਸ਼ੇਵਰਾਂ ਦੀ ਵਧਦੀ ਮੰਗ

ਲਾਅ ਇਕ ਅਜਿਹਾ ਕਰੀਅਰ ਹੈ, ਜੋ ਬਿਹਤਰੀਨ ਆਮਦਨ ਦੇ ਨਾਲ ਜੌਬ ਸਕਿਓਰਿਟੀ ਦਿੰਦਾ ਹੈ। ਲਾਅ 'ਚ ਗ੍ਰੈਜੂਏਸ਼ਨ ਤੋਂ ਬਾਅਦ ਸਮਾਜਿਕ-ਆਰਥਿਕ ਅਵਸਰਾਂ ਦਾ ਇਕ ਵੱਡਾ ਪੂਲ ਸਾਹਮਣੇ ਹੁੰਦਾ ਹੈ। ਲਾਅ ਗ੍ਰੈਜੂਏਟ ਕਾਰਪੋਰੇਟ ਹਾਊਸ, ਲਾਅ ਫਰਮ, ਵਿੱਤੀ ਸੰਸਥਾਵਾਂ, ਐੱਫਐੱਮਸੀਜੀ ਆਦਿ 'ਚ ਜੌਬ ਸ਼ੁਰੂ ਕਰ ਸਕਦੇ ਹੋ। ਕਿਸੇ ਖੇਤਰ ਵਿਸ਼ੇਸ਼ ਦੇ ਲਾਅ ਐਕਸਪਰਟ ਦੇ ਤੌਰ 'ਤੇ ਕਰੀਅਰ ਅੱਗੇ ਵਧਾ ਸਕਦੇ ਹੋ, ਜਿਵੇਂ ਸਿਵਿਲ ਲਾਅ, ਸਾਇਬਰ ਲਾਅ, ਕ੍ਰਿਮਿਨਲ ਲਾਅ, ਕਾਰਪੋਰੇਟ ਲਾਅ, ਬੈਂਕਿੰਗ ਲਾਅ, ਫੈਮਿਲੀ ਲਾਅ, ਟੈਕਸੇਸ਼ਨ ਲਾਅ, ਲੇਬਰ ਲਾਅ, ਇੰਟਰਨੈਸ਼ਨਲ ਲਾਅ, ਐਡਮਨਿਸਟ੍ਰੇਸ਼ਨ ਲਾਅ, ਪੇਟੇਂਟ ਲਾਅ ਆਦਿ। ਸਾਰੀਆਂ ਵੱਡੀਆਂ ਕੰਪਨੀਆਂ ਅਤੇ ਬੈਂਕ ਲੀਗਲ ਐਡਵਾਈਜ਼ਰ ਨਿਯੁਕਤ ਕਰਦੇ ਹਨ।

### ਲਾਅ ਨਾਲ ਜੁੜੇ ਕਰੀਅਰ ਬਦਲ

**ਲੀਗਲ ਐਨਾਲਿਸਟ** : ਕਾਰਪੋਰੇਟ ਘਰਾਣੇ, ਬੈਂਕ ਅਤੇ ਲਾਅ ਫਰਮ ਆਦਿ 'ਚ ਲੀਗਲ ਐਨਾਲਿਸਟ ਦੀ ਜ਼ਰੂਰਤ ਹੁੰਦੀ ਹੈ, ਜੋ ਕੰਪਨੀ ਅਤੇ ਉਸ ਦੇ ਪਰਿਚਾਲਨ ਨਾਲ ਸਬੰਧਤ ਕਾਨੂੰਨ 'ਤੇ ਕੰਮ ਕਰਦੇ ਹਨ।

**ਲੀਗਲ ਐਡਵਾਈਜ਼ਰ** : ਅੱਜ-ਕੱਲ੍ਹ ਹਰ ਵੱਡੀ ਕੰਪਨੀ, ਕਾਰਪੋਰੇਟ ਫਰਮ, ਮੀਡੀਆ ਹਾਊਸ, ਐੱਨਜੀਓ, ਵਿੱਤੀ ਸੰਸਥਾ ਲੀਗਲ ਐਡਵਾਈਜ਼ਰ ਨਿਯੁਕਤ ਕਰਦੇ ਹਨ। ਲੀਗਲ ਐਡਵਾਈਜ਼ਰ ਉਨ੍ਹਾਂ ਦੇ ਕਾਨੂੰਨੀ ਕਰਤੱਵਾਂ, ਹੋਰ ਕੰਪਨੀਆਂ ਦੇ ਨਾਲ ਕਾਨੂੰਨੀ ਸਬੰਧਾਂ ਆਦਿ 'ਤੇ ਸਲਾਹਕਾਰ ਦੇ ਰੂਪ 'ਚ ਕੰਮ ਕਰਦੇ ਹਨ।

**ਡਾਕੂਮੈਂਟ ਡ੍ਰਾਫਟਿੰਗ ਲਾਇਰ** : ਇਹ ਲਾਇਰ ਲੀਗਲ ਸਮਝੌਤੇ, ਨਿਯਮ ਅਤੇ ਸ਼ਰਤ ਆਦਿ ਦੇ ਵੱਖ-ਵੱਖ ਦਸਤਾਵੇਜ਼ ਤਿਆਰ ਕਰਨ 'ਚ ਮਾਹਿਰ ਹੁੰਦੇ ਹਨ।

**ਸਾਇਬਰ ਲਾਇਰ** : ਸਾਇਬਰ ਲਾਇਰ ਇੰਟਰਨੈੱਟ ਦੀ ਵਰਤੋਂ ਨਾਲ ਸਬੰਧਤ ਕਾਨੂੰਨੀ ਮਾਮਲੇ ਦੇਖਦੇ ਹਨ। ਸੋਸ਼ਲ ਮੀਡੀਆ ਅਤੇ ਸਾਇਬਰ ਸਪੇਸ ਦੀ ਵਧਦੀ ਵਰਤੋਂ ਦੇ ਨਾਲ, ਸਾਇਬਰ ਦੀ ਦੁਨੀਆ 'ਚ ਜੁਲਮ ਵੀ ਵੱਧ ਰਹੇ ਹਨ, ਇਸ ਲਈ ਸਾਇਬਰ ਲਾਇਰ ਭੂਮਿਕਾ ਵੀ ਵੱਧ ਗਈ ਹੈ।

**ਲੀਗਲ ਜਰਨਲਿਸਟ** : ਇਹ ਕ੍ਰਾਈਮ ਬੀਟ ਕਵਰ ਕਰਦੇ ਹਨ, ਜਿਸ 'ਚ ਅਦਾਲਤਾਂ, ਮੱਧ-ਅਦਾਲਤਾਂ, ਅੰਤਰ-ਰਾਸ਼ਟਰੀ ਅਦਾਲਤਾਂ 'ਚ ਹੋਣ ਵਾਲੇ ਕਾਰਜ ਸ਼ਾਮਲ ਹਨ।

**ਸੋਸ਼ਲ ਵਰਕ ਲਾਇਰ** : ਵੱਡੀ ਸੰਖਿਆ 'ਚ ਲਾਅ ਗ੍ਰੈਜੂਏਟ ਐੱਨਜੀਓ ਨਾਲ ਜੁੜ ਰਹੇ ਹਨ, ਸਮਾਜਿਕ-ਕਾਨੂੰਨੀ ਮੁੱਦਿਆਂ 'ਤੇ ਲੋਕਾਂ ਲਈ ਕੰਮ ਕਰਦੇ ਹਨ।

**ਹਿਊਮਨ ਰਾਈਟਸ ਲਾਇਰ** : ਇਹ ਵਕੀਲ ਮਾਨਵ-ਅਧਿਕਾਰ ਦੇ ਮਾਹਰ ਹੁੰਦੇ ਹਨ ਅਤੇ ਆਮ ਜਨਤਾ ਦੇ ਅਧਿਕਾਰਾਂ ਦੀ ਲੜਾਈ 'ਚ ਮਦਦ ਕਰਦੇ ਹਨ।

**ਅਕੈਡਮੀਸ਼ਿਅਨ** : ਕੁਝ ਲਾਅ ਗ੍ਰੈਜੂਏਟ ਕਰੀਅਰ ਦੇ ਰੂਪ 'ਚ ਟੀਚਿੰਗ ਦਾ ਰਸਤਾ ਅਪਨਾਉਂਦੇ ਹਨ। ਇਸ ਦੇ ਨਾਲ ਹੀ ਕਾਨੂੰਨ ਨਾਲ ਸਬੰਧਤ ਸਾਰੇ ਪਹਿਲੂਆਂ ਅਤੇ ਸਮਾਜ 'ਤੇ ਇਸ ਦੇ ਪ੍ਰਭਾਵ 'ਤੇ ਰਿਸਰਚ ਵੀ ਕਰਦੇ ਹਨ।

**ਲੇਬਰ ਅਤੇ ਇੰਪਲਾਇਮੈਂਟ ਲਾਇਰ** : ਇਹ ਕਰਮਚਾਰੀਆਂ ਅਤੇ ਨਿਯੋਕਤਾਵਾਂ ਵਿਚਕਾਰ ਲੜਾਈ ਅਤੇ ਵਿਵਾਦਾਂ ਨੂੰ ਸੰਭਾਲਦੇ ਹਨ ਅਤੇ ਰੁਜ਼ਗਾਰ ਅਨੁਬੰਧ ਤਿਆਰ ਕਰਨ 'ਚ ਮਦਦ ਕਰਦੇ ਹਨ।

### ਪ੍ਰਵੇਸ਼ ਪ੍ਰੀਖਿਆ

ਕਿਸੇ ਚੰਗੇ ਸੰਸਥਾ 'ਚ ਪੰਜ ਸਾਲ ਇੰਟੀਗ੍ਰੇਟੇਡ ਐੱਲਐੱਲਬੀ ਕੋਰਸ 'ਚ ਪ੍ਰਵੇਸ਼ ਲਈ ਕਾਮਨ ਲਾਅ ਐਡਮਿਸ਼ਨ ਟੈਸਟ (ਕੈਲਟ), ਆਲ ਇੰਡੀਆ ਲਾਅ ਐਂਟ੍ਰੇਂਸ ਟੈਸਟ (ਏਆਈਐੱਲਈਟੀ), ਲਾਅ ਸਕੂਲ ਐਡਮਿਸ਼ਨ ਟੈਸਟ (ਐੱਲਐੱਸਏਟੀ) ਵਰਗੀਆਂ ਪ੍ਰਵੇਸ਼ ਪ੍ਰੀਖਿਆਵਾਂ 'ਚ ਕਿਸੇ ਇਕ 'ਚ ਸਫਲਤਾ ਹਾਸਲ ਕਰਨਾ ਜ਼ਰੂਰੀ ਹੈ। ਤਿੰਨ ਸਾਲ ਐੱਲਐੱਲਬੀ ਪ੍ਰੋਗਰਾਮ 'ਚ ਐਡਮਿਸ਼ਨ ਲਈ ਡੀਯੂਐੱਲਐੱਲਬੀ, ਬੀਐੱਚਯੂ ਐੱਲਐੱਲਬੀ, ਐੱਮਐੱਚ ਸੀਈਟੀ ਆਦਿ ਪ੍ਰਵੇਸ਼ ਪ੍ਰੀਖਿਆਵਾਂ ਆਯੋਜਿਤ ਕੀਤੀਆਂ ਜਾਂਦੀਆਂ ਹਨ।

### ਸੰਸਥਾਵਾਂ

ਪੰਜ ਸਾਲ ਐੱਲਐੱਲਬੀ ਪ੍ਰੋਗਰਾਮ ਲਈ ਮੁੱਖ ਸੰਸਥਾ ਹਨ-

- ਨੈਸ਼ਨਲ ਲਾਅ ਸਕੂਲ ਆਫ਼ ਇੰਡੀਆ ਯੂਨੀਵਰਸਿਟੀ, ਬੰਗਲੌਰ
- ਨਲਸਰ ਯੂਨੀਵਰਸਿਟੀ ਆਫ਼ ਲਾਅ, ਹੈਦਰਾਬਾਦ
- ਨੈਸ਼ਨਲ ਲਾਅ ਯੂਨੀਵਰਸਿਟੀ, ਨਵੀਂ ਦਿੱਲੀ, ਜੋਧਪੁਰ ਤੇ ਭੋਪਾਲ
- ਗੁਜਰਾਤ ਨੈਸ਼ਨਲ ਲਾਅ ਯੂਨੀਵਰਸਿਟੀ, ਗਾਂਧੀਨਗਰ

**ਕੋਰਸ ਤੇ ਸੰਸਥਾਵਾਂ**

*ਕੋਰਸ– ਲਾਅ ਦੀ ਪੜ੍ਹਾਈ ਲਈ ਬਾਰ੍ਹਵੀਂ ਤੋਂ ਬਾਅਦ ਪੰਜ ਸਾਲਾਨਾ ਇੰਟੀਗ੍ਰੇਟੇਡ ਐੱਲਐੱਲਬੀ ਪ੍ਰੋਗਰਾਮ ਜਿਵੇਂ ਬੀਏ ਐੱਲਐੱਲਬੀ (ਆਨਰਜ਼), ਬੀਐੱਸੀਸ ਐੱਲਐੱਲਬੀ (ਆਨਰਜ਼), ਬੀਬੀਏ ਐੱਲਐੱਲਬੀ (ਆਨਰਜ਼) ਜਾਂ ਬੀਕਾਮ ਐੱਲਐੱਲਬੀ (ਆਨਰਜ਼) ਕਰ ਸਕਦੇ ਹੋ। ਇਸ ਤੋਂ ਇਲਾਵਾ ਗ੍ਰੈਜੂਏਸ਼ਨ ਤੋਂ ਬਾਅਦ ਤਿੰਨ ਸਾਲ ਦੇ ਐੱਲਐੱਲਬੀ ਕੋਰਸ ਕਰਨ ਦਾ ਵਿਕਲਪ ਵੀ ਹੈ।*

**ਪਛਾਣ ਬਣਾਉਣ ਦਾ ਮੌਕਾ**

*ਆਰਥਿਕ, ਰਾਜਨੀਤਕ, ਸਮਾਜਿਕ ਸਮੇਤ ਲਗਪਗ ਹਰ ਖੇਤਰ ਨੂੰ ਕਾਨੂੰਨੀ ਮਾਰਗ–ਦਰਸ਼ਨ ਦੀ ਜ਼ਰੂਰਤ ਹੁੰਦੀ ਹੈ। ਕਹਿ ਸਕਦੇ ਹਾਂ ਕਿ ਕਿਸੇ ਦਾ ਵੀ ਕੰਮ ਕਾਨੂੰਨ ਦੇ ਮਾਹਿਰਾਂ ਬਿਨਾਂ ਨਹੀਂ ਚਲਦਾ। ਆਰਥਿਕ ਤੌਰ 'ਤੇ ਆਕਰਸ਼ਕ ਹੋਣ ਤੋਂ ਇਲਾਵਾ ਕਾਨੂੰਨ ਇਕ ਵਧੀਆ ਤੇ ਰੋਮਾਂਚਕ ਕਰੀਅਰ ਹੈ। ਮਹਾਤਮਾ ਗਾਂਧੀ, ਜਵਾਹਰਲਾਲ ਨਹਿਰੂ ਤੋਂ ਲੈ ਕੇ ਸਰਦਾਰ ਵਲਭ ਭਾਈ ਪਟੇਲ ਤਕ ਅਜਿਹੀਆਂ ਸ਼ਖ਼ਸੀਅਤਾਂ ਦੀ ਮੌਜੂਦਗੀ ਦੇਖੀ ਜਾ ਸਕਦੀ ਹੈ। ਜਿਨ੍ਹਾਂ ਨੂੰ ਆਪਣੇ ਕਰੀਅਰ ਦੀ ਸ਼ੁਰੂਆਤ ਕਾਨੂੰਨ ਦੇ ਪੇਸ਼ੇ ਤੋਂ ਕੀਤੀ।*



*ਇਲੈਕਟ੍ਰਾਨਿਕ ਕੰਟੈਂਟ ਸਿੱਖਿਆ ਵਿਭਾਗ ਦਾ ਇਕ ਸ਼ਲਾਘਾਯੋਗ ਕਦਮ ਹੈ ਜਿਸ ਦੇ ਸਾਰਥਿਕ ਸਿੱਟੇ ਨਿਕਲਣਗੇ। ਬੱਚਿਆਂ ਨੂੰ ਗਿਆਨਾਤਮਕ ਅਤੇ ਗੁਣਾਤਮਕ ਸਿੱਖਿਆ ਦੇਣ ਦੇ ਮਕਸਦ ਨੂੰ ਪੂਰਾ ਕਰਨ ਵਿਚ ਈ-ਕੰਟੈਂਟ ਮਹੱਤਵਪੂਰਨ ਭੂਮਿਕਾ ਨਿਭਾਏਗਾ...*

# ਵਰਤਮਾਨ ਸਮੇਂ ਦੀ ਮੁੱਖ ਲੋੜ ਇਲੈਕਟ੍ਰਾਨਿਕ ਕੰਟੈਂਟ



ਚਮਨਦੀਪ ਸ਼ਰਮਾ
95010-33005

ਇਲੈਕਟ੍ਰਾਨਿਕ ਸਿੱਖਿਆ ਅਜੋਕੇ ਵਿਦਿਆਰਥੀਆਂ ਦੀ ਜ਼ਰੂਰਤ ਹੈ। ਸਾਨੂੰ ਬਿਹਤਰ ਨਤੀਜਿਆਂ ਲਈ ਪਰਿਵਰਤਨ ਕਰਨੇ ਹੀ ਪੈਣਗੇ। ਸਿੱਖਿਆ ਦੇ ਖੇਤਰ ਵਿਚ ਪੁਰਾਣੀਆਂ ਵਿਧੀਆਂ ਨੂੰ ਹੀ ਅਪਣਾਏ ਰੱਖਣਾ ਵਾਜਬ ਨਹੀਂ ਹੈ। ਇਲੈਕਟ੍ਰਾਨਿਕ ਕੰਟੈਂਟ ਸਿੱਖਿਆ ਵਿਭਾਗ ਦਾ ਇਕ ਸ਼ਲਾਘਾਯੋਗ ਕਦਮ ਹੈ ਜਿਸਦੇ ਸਾਰਥਿਕ ਸਿੱਟੇ ਨਿਕਲਣਗੇ। ਬੱਚਿਆਂ ਨੂੰ ਗਿਆਨਾਤਮਕ ਅਤੇ ਗੁਣਾਤਮਕ ਸਿੱਖਿਆ ਦੇਣ ਦੇ ਮਕਸਦ ਨੂੰ ਪੂਰਾ ਕਰਨ ਵਿਚ ਈ-ਕੰਟੈਂਟ ਮਹੱਤਵਪੂਰਨ ਭੂਮਿਕਾ ਨਿਭਾਏਗਾ...

ਕਿਸੇ ਵੀ ਦੇਸ਼ ਦੇ ਵਿਕਸਿਤ ਹੋਣ ਪਿੱਛੇ ਉੱਥੋਂ ਦੇ ਸਿੱਖਿਆ ਢਾਂਚੇ ਦਾ ਅਹਿਮ ਰੋਲ ਹੁੰਦਾ ਹੈ। ਇਸ ਗੱਲ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ ਕਿ ਮਜ਼ਬੂਤ ਸਿੱਖਿਆ ਪ੍ਰਣਾਲੀ ਹੀ ਦੇਸ਼ ਦੀ ਉੱਨਤੀ ਦਾ ਆਧਾਰ ਹੁੰਦੀ ਹੈ। ਬੱਚਿਆਂ ਨੂੰ ਮਿਆਰੀ ਵਿੱਦਿਆ ਪ੍ਰਦਾਨ ਨਾ ਹੋਣ ਸਦਕਾ ਅਰਾਜਕਤਾ ਫੈਲਣ ਤੋਂ ਇਲਾਵਾ ਹੋਰ ਅਨੇਕਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ, ਜੋ ਕਿ ਸਮਾਜ ਲਈ ਵਿਨਾਸ਼ਕਾਰੀ ਹੁੰਦੀਆਂ ਹਨ। ਜਿੱਥੋਂ ਤਕ ਸਾਡੇ ਪੰਜਾਬ ਸੂਬੇ ਦੀ ਸਿੱਖਿਆ ਪ੍ਰਣਾਲੀ ਦਾ ਸਵਾਲ ਹੈ ਤਾਂ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਕਈ ਕ੍ਰਾਂਤੀਕਾਰੀ ਫ਼ੈਸਲੇ ਲਏ ਜਾ ਰਹੇ ਹਨ। ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਪਹਿਲੀ ਸ਼੍ਰੇਣੀ ਤੋਂ ਲੈ ਕੇ ਬਾਰ੍ਹਵੀਂ ਸ਼੍ਰੇਣੀ ਤਕ ਵੱਖ-ਵੱਖ ਵਿਸ਼ਿਆਂ ਦੇ ਲਈ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਸ਼ੁਰੂ ਕੀਤਾ ਜਾ ਚੁੱਕਾ ਹੈ।

ਇਸ ਅਧੀਨ ਬੱਚਿਆਂ ਨੂੰ ਉਨ੍ਹਾਂ ਦੇ ਪੱਧਰ ਅਨੁਸਾਰ ਸਿੱਖਿਆ ਦਿੱਤੀ ਜਾ ਰਹੀ ਹੈ।

ਹੁਣ ਵਿਭਾਗ ਨੇ ਬੱਚਿਆਂ ਅੰਦਰੋਂ ਔਖੇ ਵਿਸ਼ਿਆਂ ਦਾ ਡਰ ਕੱਢਣ ਲਈ ਈ-ਕੰਟੈਂਟ ਨੂੰ ਸਿੱਖਿਆ ਦੇਣ ਦੇ ਲਈ ਅਪਨਾਉਣ ਦਾ ਉਪਰਾਲਾ ਕੀਤਾ ਹੈ। ਸਾਧਾਰਨ ਭਾਸ਼ਾ ਵਿਚ ਈ-ਕੰਟੈਂਟ ਤੋਂ ਭਾਵ ਬੱਚਿਆਂ ਨੂੰ ਇਲੈਕਟ੍ਰਾਨਿਕ ਤਕਨੀਕ ਦੁਆਰਾ ਸਿਲੇਬਸ ਸਬੰਧੀ ਸਿੱਖਿਅਕ ਕਰਨਾ ਹੈ। ਅਧਿਆਪਕਾਂ ਨੂੰ ਇਸ ਬਾਬਤ ਲਿੰਕ ਦੇ ਕੇ ਟਰੇਨਿੰਗ ਸੈਮੀਨਾਰਾਂ ਦੌਰਾਨ ਦਿੱਤੀ ਜਾ ਚੁੱਕੀ ਹੈ। ਇਸ ਲਿੰਕ ਨੂੰ ਓਪਨ ਕਰਨ ਲਈ ਸ਼੍ਰੇਣੀ, ਵਿਸ਼ਾ, ਪਾਠ ਦੀ ਆਪਸ਼ਨ ਆਉਂਦੀ ਹੈ। ਜਿਸਨੂੰ ਸਿਲੈਕਟ ਕਰਕੇ ਬੱਚਿਆਂ ਨੂੰ ਜਮਾਤ ਵਿਚ ਵੀਡੀਓ ਦਿਖਾਈ ਜਾਂਦੀ ਹੈ। ਵਿਦਿਆਰਥੀਆਂ ਅੰਦਰ ਵਿਸ਼ਿਆਂ ਪ੍ਰਤੀ ਰੁਚੀ ਵੱਧ ਰਹੀ ਹੈ। ਸ਼ੁਰੂਆਤੀ ਦੌਰ ਹੋਣ ਕਰ ਕੇ ਅਜੇ ਸਾਰੇ ਪਾਠਾਂ ਦੀਆਂ ਵੀਡਿਓਜ਼ ਅਪਲੋਡ ਨਹੀਂ ਕੀਤੀਆਂ ਗਈਆਂ ਹਨ। ਅਪਰ ਪ੍ਰਾਇਮਰੀ ਸਕੂਲਾਂ ਦੇ ਛੇ ਵਿਸ਼ੇ ਵਿਗਿਆਨ, ਸਮਾਜਿਕ ਸਿੱਖਿਆ, ਗਣਿਤ, ਪੰਜਾਬੀ, ਅੰਗਰੇਜ਼ੀ, ਹਿੰਦੀ ਆਦਿ ਵਿਸ਼ਿਆਂ ਨੂੰ ਈ-ਕੰਟੈਂਟ ਦੇ ਨਾਲ ਜੋੜਿਆ ਹੈ।

ਪ੍ਰਾਈਵੇਟ ਸਕੂਲਾਂ ਲਈ ਇਲੈਕਟ੍ਰਾਨਿਕ ਕੰਟੈਂਟ ਕੋਈ ਨਵਾਂ ਨਾਂ ਨਹੀਂ ਹੈ। ਇਨ੍ਹਾਂ ਸਕੂਲਾਂ ਵਿਚ ਇਸਦੀ ਵਰਤੋਂ ਪਹਿਲਾਂ ਤੋਂ ਹੀ ਕਿਸੇ ਨਾ ਕਿਸੇ ਢੰਗ ਨਾਲ ਕੀਤੀ ਜਾ ਰਹੀ ਹੈ ਪਰ ਇਸ ਬਦਲੇ ਬੱਚਿਆਂ ਤੋਂ ਮੋਟੀਆਂ ਫ਼ੀਸਾਂ ਵੀ ਬਟੋਰੀਆਂ ਜਾਂਦੀਆਂ ਹਨ, ਜਦਕਿ ਸਰਕਾਰੀ ਸਕੂਲਾਂ ਦੇ ਵਿਚ ਈ-ਕੰਟੈਂਟ ਦੇ ਲਈ ਕੋਈ ਵਾਧੂ ਫੰਡ ਨਹੀਂ ਲਿਆ ਜਾ ਰਿਹਾ ਹੈ। ਈ-ਕੰਟੈਂਟ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਸਾਰੀਆਂ ਵੀਡਿਓਜ਼ ਐਨੀਮੇਟਡ ਹਨ ਜੋ ਕਿ ਵਿਦਿਆਰਥੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ। ਬੱਚੇ ਬੜੇ ਹੀ ਚਾਅ ਨਾਲ ਦੇਖ ਕੇ ਸਿੱਖਦੇ ਹਨ। ਥੋੜ੍ਹੇ ਸਮੇਂ ਵਿਚ ਹੀ ਮੁਸ਼ਕਿਲ ਸ਼ਬਦਾਂ ਦੇ ਅਰਥ ਅਤੇ ਪਾਠ ਦੀ ਸਟੋਰੀ ਸਮਝ ਆ ਜਾਂਦੀ ਹੈ। ਅਧਿਆਪਕ ਵੀਡਿਓ ਨੂੰ ਆਪਣੀ ਇੱਛਾ ਅਨੁਸਾਰ ਰੋਕ ਕੇ ਵਿਸ਼ੇ ਨੂੰ ਸਪੱਸ਼ਟ ਕਰ ਸਕਦਾ ਹੈ, ਜਦਕਿ ਕਲਾਸ ਵਿਚ ਪਾਠ ਪੜ੍ਹਾਉਣ ਸਮੇਂ ਅਜਿਹਾ ਕੁੱਝ ਨਹੀਂ ਹੁੰਦਾ ਹੈ। ਇਸ ਤਰ੍ਹਾਂ ਪ੍ਰਾਪਤ ਕੀਤਾ ਗਿਆ ਗਿਆਨ ਚਿਰ ਸਥਾਈ ਹੁੰਦਾ ਹੈ ਅਤੇ ਰੱਟੇ ਦੀ ਪਰਵਿਰਤੀ ਦਾ ਨਾਸ਼ ਹੁੰਦਾ ਹੈ।

ਇਸ ਵਿਧੀ ਨਾਲ ਕਲਾਸ ਵਿਚ ਸਿੱਖਣ ਅਤੇ ਸਿਖਾਉਣ ਦਾ ਮਾਹੌਲ ਉਤਪੰਨ ਹੁੰਦਾ ਹੈ ਜੋ ਕਿ ਬੜਾ ਹੀ ਜ਼ਰੂਰੀ ਹੁੰਦਾ ਹੈ। ਇਹ ਵੀ ਦੇਖਣ ਵਿਚ ਆ ਰਿਹਾ ਹੈ ਕਿ ਕਲਾਸ ਵਿਚ ਅਕਸਰ ਸੁਸਤ ਰਹਿਣ ਵਾਲੇ ਬੱਚੇ ਵੀ ਇਸ ਤਕਨੀਕ ਰਾਹੀਂ ਚੁਸਤ ਹੋ ਜਾਂਦੇ ਹਨ। ਅਸੀਂ ਜਾਣਦੇ ਹਾਂ ਕਿ ਅੱਜ ਦਾ ਜ਼ਮਾਨਾ ਇਨਰਨੈੱਟ ਦਾ ਹੈ।

ਗਰੀਬ ਹੋਣ ਦੇ ਬਾਵਜੂਦ ਹਰ ਘਰ ਵਿਚ ਐਂਡਰਾਇਡ ਸੈੱਟ ਉਪਲਬਧ ਹਨ ਕਿਉਂ ਜੋ ਇਹ ਮਨੁੱਖੀ ਲੋੜ ਬਣ ਚੁੱਕੇ ਹਨ। ਬੱਚੇ ਨੂੰ ਇਲੈਕਟ੍ਰਾਨਿਕ ਕੰਟੈਂਟ ਬਾਬਤ ਜਾਣਕਾਰੀ ਦੇ ਕੇ ਬੱਚਿਆਂ ਨੂੰ ਘਰਾਂ ਵਿਚ ਵੀਡਿਓਜ਼ ਦੇਖਣ ਲਈ ਕਿਹਾ ਜਾ ਸਕਦਾ ਹੈ। ਇਸ ਤਰ੍ਹਾਂ ਅਧਿਆਪਕ ਵਰਗ ਵੀ ਬੱਚਿਆਂ ਨੂੰ ਹੋਰ ਸਿਖਾਉਣ ਦੇ ਲਈ ਉਤਸ਼ਾਹਿਤ ਹੋਵੇਗਾ।

ਸਰਕਾਰੀ ਸਕੂਲਾਂ ਵਿਚ ਇਸ ਤਕਨੀਕ ਦੇ ਸਹੀ ਤਰ੍ਹਾਂ ਲਾਗੂ ਹੋ ਜਾਣ ਨਾਲ ਲੋਕਾਂ ਦਾ ਪ੍ਰਾਈਵੇਟ ਸਕੂਲਾਂ ਨਾਲੋਂ ਮੋਹ ਭੰਗ ਹੋਵੇਗਾ। ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵਿਚ ਵਾਧਾ ਹੋਣ ਦੀ ਉਮੀਦ ਕੀਤੀ ਜਾ ਸਕਦੀ ਹੈ।

ਈ-ਕੰਟੈਂਟ ਦਾ ਦਾਇਰਾ ਦਿਨ ਪ੍ਰਤੀ ਦਿਨ ਵਿਸ਼ਾਲ ਹੁੰਦਾ ਜਾ ਰਿਹਾ ਹੈ। ਦੇਸ਼ ਅੰਦਰ ਬਹੁਤ ਸਾਰੇ ਅਜਿਹੇ ਕੋਰਸ ਹਨ ਜੋ ਕਿ ਵੱਖ-ਵੱਖ ਯੂਨੀਵਰਸਿਟੀ, ਸੰਸਥਾਵਾਂ ਵੱਲੋਂ ਈ-ਕੰਟੈਂਟ ਰਾਹੀਂ ਸਫਲਤਾਪੂਰਵਕ ਕਰਵਾਏ ਜਾਂਦੇ ਹਨ ਅਤੇ ਵਿਦਿਆਰਥੀਆਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਕਲਾਸਾਂ ਅਟੈਂਡ ਨਹੀਂ ਕਰਨੀਆਂ ਪੈਂਦੀਆਂ ਹਨ। ਸ਼ੁਰੂਆਤੀ ਸਮੇਂ ਵਿਚ ਈ-ਕੰਟੈਂਟ ਰਾਹੀਂ ਸਿੱਖਿਆ ਪ੍ਰਦਾਨ ਕਰਦੇ ਸਮੇਂ ਅਧਿਆਪਕਾਂ ਨੂੰ ਕੁੱਝ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਇਸਦੀ ਮਹੱਤਤਾ ਨੂੰ ਸਮਝਦੇ ਹੋਏ ਸਮੁੱਚਾ ਅਧਿਆਪਕ ਵਰਗ ਸਹੀ ਯੋਜਨਾਬੰਦੀ ਦੇ ਨਾਲ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰ ਲੈਣਗੇ।








# ਪੰਜਾਬੀ ਯੂਨੀਵਰਸਿਟੀ ਦਾ ਮਕੈਨੀਕਲ ਇੰਜਨੀਅਰਿੰਗ ਵਿਭਾਗ ਮਾਰਚ ਮਹੀਨੇ ਕਰਵਾਏਗਾ ਕਾਨ.ਫਰੰਸ

**ਪਟਿਆਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਵੱਲੋਂ 11 ਅਤੇ 12 ਮਾਰਚ 2024 ਨੂੰ ਇੱਕ ਅੰਤਰਰਾਸ਼ਟਰੀ ਕਾਨਫ਼ਰੰਸ ਕਰਵਾਈ ਜਾ ਰਹੀ ਹੈ। ਇਸ ਪਹਿਲੀ ਅੰਤਰਰਾਸ਼ਟਰੀ ਕਾਨਫ਼ਰੰਸ ਦੌਰਾਨ 'ਮਕੈਨੀਕਲ ਅਤੇ ਸਸਟੇਨੇਬਲ ਇੰਜੀਨੀਅਰਿੰਗ ਵਿੱਚ ਤਰੱਕੀ' (ਐਡਵਾਂਸਿਜ਼ ਇਨ ਮਕੈਨੀਕਲ ਐਂਡ ਸਸਟੇਨੇਬਲ ਇੰਜੀਨੀਅਰਿੰਗ) ਵਿਸ਼ੇ ਉੱਤੇ ਵਿਚਾਰ ਚਰਚਾ ਕੀਤੀ ਜਾਣੀ ਹੈ। ਕਾਨਫ਼ਰੰਸ ਦੇ ਕਨਵੀਨਰ ਪ੍ਰੋ. ਖੁਸ਼ਦੀਪ ਗੋਇਲ ਅਤੇ ਡਾ. ਹਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਕਾਨਫ਼ਰੰਸ ਆਨਲਾਈਨ ਮੋਡ ਰਾਹੀਂ ਕਰਵਾਈ ਜਾਵੇਗੀ। ਇਸ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ ਵਿੱਚ 11 ਮਾਰਚ, 2024 ਨੂੰ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਰੋਪੜ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਤੋਂ ਪ੍ਰੋ. ਡਾ. ਹਰਪ੍ਰੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਇੰਜਨੀਅਰਿੰਗ ਫ਼ੈਕਲਟੀ ਤੋਂ ਡੀਨ ਡਾ. ਗੁਰਮੀਤ ਕੌਰ ਵਿਸ਼ੇਸ਼ ਮਹਿਮਾਨ ਹੋਣਗੇ।

ਇਸ ਮੌਕੇ ਸ਼ਿਰਕਤ ਕਰਨ ਜਾ ਰਹੀਆਂ ਉੱਘੀਆਂ ਸ਼ਖ਼ਸੀਅਤਾਂ ਵਿੱਚ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਐਂਡ ਸਾਇੰਸ, ਦੁਬਈ ਦੇ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਤੋਂ ਡਾ. ਗੁਲਸ਼ਨ ਕੁਮਾਰ, ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਤੋਂ ਪ੍ਰੋਫੈਸਰ ਡਾ. ਅਮਰੀਕ ਸਿੰਘ ਅਤੇ ਕੈਨੇਡਾ ਤੋਂ ਪੋਸਟ ਡਾਕਟਰੇਟ, ਮਕੈਨੀਕਲ ਇੰਜਨੀਅਰਿੰਗ, ਡਾ. ਜਸਦੀਪ ਭਿੰਡਰ, ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਣਗੇ। ਕਾਨ.ਫਰੰਸ ਦੇ ਕੋ-ਕਨਵੀਨਰ-ਕਮ-ਕੋਆਰਡੀਨੇਟਰ ਡਾ. ਚੰਦਨ ਦੀਪ ਸਿੰਘ ਨੇ ਦੱਸਿਆ ਕਿ ਇਸ ਕਾਨਫ਼ਰੰਸ ਦੀ ਇੱਕ ਵਿਲੱਖਣਤਾ ਇਹ ਹੈ ਕਿ ਸਾਰੇ ਪ੍ਰਬੰਧਕ ਅਤੇ ਮਾਹਿਰ ਬੁਲਾਰੇ ਆਪਣੀਆਂ ਸੇਵਾਵਾਂ ਮੁਫ਼ਤ ਦੇ ਅਧਾਰ 'ਤੇ ਦੇ ਰਹੇ ਹਨ ਅਤੇ ਇਸੇ ਤਰ੍ਹਾਂ ਭਾਗ ਲੈਣ ਵਾਲਿਆਂ ਤੋਂ ਵੀ ਕੋਈ ਫੀਸ ਨਹੀਂ ਲਈ ਜਾ ਰਹੀ ਹੈ।

ਕਾਨਫ਼ਰੰਸ ਦੇ ਸਕੱਤਰ ਡਾ. ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਅੰਤਰਰਾਸ਼ਟਰੀ ਕਾਨਫਰੰਸ ਵਿਚ ਪੇਪਰ ਦਾਖਲ ਕਰਨ ਦੀ ਆਖਰੀ ਮਿਤੀ 20 ਫਰਵਰੀ, 2024 ਰੱਖੀ ਗਈ ਹੈ ਅਤੇ ਹੁਣ ਤੱਕ ਪੀਅਰ ਰੀਵਿਊ ਕਮੇਟੀ ਨੂੰ ਦਰਜਨਾਂ ਖੋਜ ਪੱਤਰ ਪ੍ਰਾਪਤ ਹੋ ਚੁੱਕੇ ਹਨ। ਇਸ ਅੰਤਰਰਾਸ਼ਟਰੀ ਕਾਨ.ਫਰੰਸ ਲਈ ਕੋ-ਕੋਆਰਡੀਨੇਟਰ ਵਜੋਂ ਡਾ. ਬਲਜਿੰਦਰ ਰਾਮ, ਡਾ. ਤਲਵਿੰਦਰ ਸਿੰਘ, ਡਾ. ਰਾਜਦੀਪ ਸਿੰਘ, ਡਾ. ਹੇਮੰਤ ਕੁਮਾਰ ਅਤੇ ਡਾ.ਚਰਨਜੀਤ ਸਿੰਘ ਆਪਣੀ ਭੂਮਿਕਾ ਨਿਭਾ ਰਹੇ ਹਨ।

# ਕਿਸਾਨਾਂ ਪ੍ਰਤੀ ਭਾਜਪਾ ਦਾ ਰਵੱਈਆ ਮੰਦਭਾਗਾ, ਅਨਿਲ ਵਿੱਜ ਖ਼ਿਲਾ.ਫ ਦਰਜ ਕੀਤਾ ਜਾਵੇ ਮਾਮਲਾ : ਵੜਿੰਗ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸੀਨੀਅਰ ਆਗੂਆਂ ਦੇ ਇਕ ਵਫ਼ਦ ਨੇ ਅੱਜ ਭਾਜਪਾ ਦੇ ਹਰਿਆਣਾ ਸੂਬਾ ਹੈੱਡਕੁਆਰਟਰ ਅੱਗੇ ਹਰਿਆਣਾ ਦੇ ਗ੍ਰਹਿ ਮੰਤਰੀ ਅਨਿਲ ਵਿੱਜ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਨ ਦੀ ਮੰਗ ਕਰਦਿਆਂ ਭਾਜਪਾ ਖ਼ਿਲਾਫ਼ ਧਰਨਾ ਦਿੱਤਾ। ਧਰਨੇ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਮੋਦੀ ਦੀ ਅਗਵਾਈ ਵਾਲੇ ਭਾਜਪਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੇ ਸ਼ੁਰੂਆਤੀ ਧਰਨੇ ਦੌਰਾਨ ਕੀਤੇ ਵਾਅਦੇ ਪੂਰੇ ਕੀਤੇ ਜਾਣੇ ਲਾਜ਼ਮੀ ਹਨ। ਸਾਡੇ ਦੇਸ਼ ਦੇ ਅੰਨਦਾਤੇ ਨੂੰ ਅੱਤਵਾਦੀਆਂ ਨਾਲੋਂ ਮਾੜਾ ਸਮਝਣਾ ਮੰਦਭਾਗਾ ਹੈ। ਇਸ ਮੋਦੀ ਸਰਕਾਰ ਨੇ ਦੇਸ਼ ਦੀ ਸਥਿਤੀ ਨੂੰ ਪਾਕਿਸਤਾਨ ਵਿਚ ਵੇਖੀਆਂ ਗਈਆਂ ਸਥਿਤੀਆਂ ਦੀ ਯਾਦ ਦਿਵਾ ਦਿੱਤੀ ਹੈ।

ਕਿਸਾਨਾਂ ਦੇ ਵਿਰੋਧ ਦੇ ਚੱਲਦੇ ਉਨ੍ਹਾਂ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨਾਂ 'ਤੇ ਡਰੋਨ ਅਤੇ ਹਥਿਆਰਾਂ ਦੀ ਵਰਤੋਂ ਕਰਦਿਆਂ ਕਿਸਾਨਾਂ 'ਤੇ ਅੱਤਿਆਚਾਰ ਕਰਨਾ ਮੰਦਭਾਗਾ ਹੈ। ਉਹ ਵੀ ਉਦੋਂ ਜਦੋਂ ਉਹ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਹਨ। ਇਹ ਭਾਜਪਾ ਦੀ ਅਗਵਾਈ ਵਾਲੇ ਪ੍ਰਸ਼ਾਸਨ ਵੱਲੋਂ ਸੱਤਾ ਦੀ ਦੁਰਵਰਤੋਂ ਹੈ। ਕਿਸਾਨਾਂ ਦੀ ਦਿੱਲੀ ਵਿਚ ਪ੍ਰਵੇਸ਼ ਕਰਨ ਦੀ ਇੱਛਾ 'ਤੇ ਬੋਲਦਿਆਂ ਰਾਜਾ ਵੜਿੰਗ ਨੇ ਕਿਹਾ ਕਿ ਕਿਸਾਨਾਂ ਨੂੰ ਟਰੈਕਟਰਾਂ ਰਾਹੀਂ ਦਿੱਲੀ ਵਿਚ ਦਾਖਲ ਹੋਣ ਤੋਂ ਕਿਉਂ ਰੋਕਿਆ ਜਾ ਰਿਹਾ ਹੈ? ਟਰੈਕਟਰ




ਦੀ ਵਰਤੋਂ ਵਿਵਾਦਪੂਰਨ ਕਿਵੇਂ ਬਣ ਜਾਂਦੀ ਹੈ? ਸਰਕਾਰ ਸਾਡੇ ਕਿਸਾਨਾਂ ਦਾ ਸ਼ੋਸ਼ਣ ਕਰਦੀ ਰਹਿੰਦੀ ਹੈ ਅਤੇ ਬਾਅਦ ਵਿਚ ਉਨ੍ਹਾਂ ਨੂੰ ਅੱਤਵਾਦੀ ਦੱਸਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਮਾਰੂ ਤਿੰਨ ਖੇਤੀ ਕਾਨੂੰਨਾਂ ਦੇ ਚੱਲਦੇ ਪਹਿਲੇ ਪ੍ਰਦਰਸ਼ਨ ਦੌਰਾਨ 700 ਤੋਂ ਵੱਧ ਕਿਸਾਨਾਂ ਦੀ ਬਲੀ ਲਈ ਗਈ।

ਵੜਿੰਗ ਨੇ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਸਿਰਫ ਉਨ੍ਹਾਂ ਅਰਬਪਤੀਆਂ ਦੀ ਮਦਦ ਕਰਨ ਲਈ ਕੰਮ ਕੀਤਾ ਹੈ, ਜਿਨ੍ਹਾਂ ਕੋਲ ਦੁਨੀਆ ਭਰ ਵਿਚ ਕਾਰੋਬਾਰ ਹਨ ਜਦਕਿ ਉਹ ਸਾਡੇ ਕਿਸਾਨਾਂ ਅਤੇ ਐੱਮ. ਐੱਸ. ਐੱਮ. ਈ. ਮਾਲਕਾਂ ਵਿਰੁੱਧ ਕੰਮ ਕਰਦੇ ਰਹਿੰਦੇ ਹਨ ਜੋ ਦੇਸ਼ ਦੀ ਬਿਹਤਰੀ ਵਿਚ ਯੋਗਦਾਨ ਪਾਉਂਦੇ ਹਨ। ਜੇਕਰ ਕਾਰਪੋਰੇਟ ਦਿੱਗਜਾਂ ਜਿੰਨਾ ਕਰਜ਼ਾ ਸਾਡੇ ਕਿਸਾਨਾਂ ਦਾ ਮੁਆਫ਼ ਕੀਤਾ ਜਾਂਦਾ ਤਾਂ ਸਾਡੀ ਆਰਥਿਕਤਾ ਨੂੰ ਬਹੁਤ ਫਾਇਦਾ ਹੁੰਦਾ ਪਰ ਨਰਿੰਦਰ ਮੋਦੀ ਸਿਰਫ਼ ਆਪਣੇ ਦੋਸਤਾਂ ਲਈ ਹੀ ਕੰਮ ਕਰ ਰਹੇ ਹਨ, ਨਾ ਕਿ ਦੇਸ਼ ਲਈ। ਉਨ੍ਹਾਂ ਕਿਹਾ ਕਿ ਉਹ ਇੱਥੇ ਇਕ ਸਿਆਸਤਦਾਨ ਵਜੋਂ ਨਹੀਂ ਸਗੋਂ ਪੰਜਾਬੀਆਂ ਵਜੋਂ ਇਕੱਠੇ ਹੋਏ ਹਨ। ਅਸੀਂ ਆਪਣੇ ਕਿਸਾਨਾਂ ਵਿਰੁੱਧ ਭਾਜਪਾ ਵੱਲੋਂ ਸੱਤਾ ਦੀ ਦੁਰਵਰਤੋਂ ਦਾ ਮੁਕਾਬਲਾ ਕਰਨ ਲਈ ਸੂਬੇ ਭਰ ਵਿਚ ਪ੍ਰਦਰਸ਼ਨ ਕਰ ਰਹੇ ਹਾਂ। ਮਨੋਹਰ ਲਾਲ ਖੱਟਰ ਅਤੇ ਅਨਿਲ ਵਿੱਜ ਸਿਰਫ਼ ਨਰਿੰਦਰ ਮੋਦੀ ਦੇ ਨਿਰਦੇਸ਼ਾਂ 'ਤੇ ਅਮਲ ਕਰ ਰਹੇ ਹਨ ਅਤੇ ਅਸੀਂ ਅਜਿਹੇ ਤਾਨਾਸ਼ਾਹ ਸਿਆਸੀ ਸ਼ਖਸੀਅਤਾਂ ਵਿਰੁੱਧ ਆਪਣਾ ਵਿਰੋਧ ਜਾਰੀ ਰੱਖਾਂਗੇ।

# ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ 3 ਮਾਰਚ ਨੂੰ ਹੋ ਰਹੀ ਚੋਣ ਲਈ ਮਨੋਰਥ ਪੱਤਰ ਜਾਰੀ

**ਲੁਧਿਆਣਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ 3 ਮਾਰਚ ਨੂੰ ਹੋ ਰਹੀ ਚੋਣ ਲਈ ਲਖਵਿੰਦਰ ਸਿੰਘ ਜੌਹਲ (ਡਾ.) ਦੀ ਅਗਵਾਈ ਵਾਲੀ ਟੀਮ ਵਲੋਂ ਅੱਜ ਮਨੋਰਥ ਪੱਤਰ ਜਾਰੀ ਕਰ ਦਿੱਤਾ ਗਿਆ। ਮਨੋਰਥ ਪੱਤਰ ਅੱਜ ਇਸ ਵਾਰ ਜਨਰਲ ਸਕੱਤਰੀ ਦੇ ਉਮੀਦਵਾਰ ਡਾ. ਗੁਰਇਕਬਾਲ ਸਿੰਘ ਨੇ ਜਾਰੀ ਕੀਤਾ। ਚੋਣ ਮਨੋਰਥ ਪੱਤਰ ਤਿਆਰੀ ਕਮੇਟੀ ਵਿੱਚ ਡਾ. ਲਖਵਿੰਦਰ ਸਿੰਘ ਜੌਹਲ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨਗੀ ਦੇ ਉਮੀਦਵਾਰ ਡਾ. ਸ਼ਿੰਦਰਪਾਲ ਸਿੰਘ ਸਾਬਕਾ ਰਜਿਸਟਰਾਰ ਗੁਰੂ ਗਰੰਥ ਸਾਹਿਬ ਯੂਨੀਵਰਸਿਟੀ ਫ਼ਤਹਿਗੜ੍ਹ ਸਾਹਿਬ, ਜਨਰਲ ਸਕੱਤਰ ਦੇ ਉਮੀਦਵਾਰ ਡਾ. ਗੁਰਇਕਬਾਲ ਸਿੰਘ ਮੀਤ ਪ੍ਰਧਾਨਗੀ ਲਈ ਉਮੀਦਵਾਰ ਡਾ. ਭਗਵੰਤ ਸਿੰਘ ਸੰਪਾਦਕ ਜਾਗੋ, ਡਾ. ਗੁਰਚਰਨ ਕੌਰ ਕੋਚਰ, ਤ੍ਰੈਲੋਚਨ ਲੋਚੀ, ਮਦਨ ਵੀਰਾ ਤੇ ਡਾ. ਇਕਬਾਲ ਸਿੰਘ ਗੋਦਾਰਾ ਸ਼ਾਮਿਲ ਸਨ।

ਡਾ. ਗੁਰਇਕਬਾਲ ਸਿੰਘ ਨੇ ਦੱਸਿਆ ਕਿ 3 ਮਾਰਚ, 2024 ਨੂੰ ਸਾਲ 2024-26 ਲਈ ਹੋ ਰਹੀ ਚੋਣ ਲਈ ਇਸ ਮਨੋਰਥ ਪੱਤਰ ਵਿੱਚ ਪੰਜਾਬੀ ਸਾਹਿੱਤ ਅਕਾਡਮੀ ਦਾ ਸੰਵਿਧਾਨ ਸੋਧਣ ਲਈ ਵਿਸ਼ੇਸ਼ ਸੁਝਾਅ ਕਮੇਟੀ ਦੀ ਸਥਾਪਨਾ ਕੀਤੀ ਜਾਵੇਗੀ।

ਵਿਦੇਸ਼ਾਂ ਵਿਚ ਰਹਿੰਦੇ ਸਰਪ੍ਰਸਤਾਂ ਤੇ ਮੈਂਬਰਜ਼ ਨੂੰ ਅਕਾਡਮੀ ਦੇ ਪ੍ਰਬੰਧ ਵਿਚ ਸੁਚਾਰੂ ਹਿੱਸਾ ਲੈਣ ਲਈ ਭਵਿੱਖ ਮੁਖੀ ਨੇਮ ਬਣਾਏ ਜਾਣਗੇ। ਬਲਰਾਜ ਸਾਹਨੀ ਓਪਨ ਏਅਰ ਥੀਏਟਰ ਦੀ ਮੁਰੰਮਤ ਲਈ ਭਾਰਤ ਸਰਕਾਰ ਜਾਂ ਪੰਜਾਬ ਸਰਕਾਰ ਤੋਂ ਇਲਾਵਾ ਨਿੱਜੀ ਦਾਨਵੀਰਾਂ ਦੀ ਮਦਦ ਨਾਲ, ਇਹ ਕਾਰਜ ਸੰਪੂਰਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਵੱਖ ਵੱਖ ਨਾਟਕ ਟੋਲੀਆਂ ਨੂੰ ਇਥੇ ਪੇਸ਼ਕਾਰੀ ਕਰਨ ਲਈ ਸੰਪਰਕ ਕੀਤਾ ਜਾਵੇਗਾ ਤਾਂ ਜੋ ਪੇਸ਼ਾਵਰ ਰੰਗ ਮੰਚ ਨੂੰ ਵਿਕਸਤ ਕਰਨ ਦਾ ਮਾਹੌਲ ਬਣ ਸਕੇ। ਪੰਜਾਬੀ ਭਵਨ ਦੀ ਇਮਾਰਤ ਦੀ ਦਿੱਖ ਨੂੰ ਰੰਗ-ਰੋਗਨ ਕਰਾ ਕੇ ਨਵਿਆਇਆ ਜਾਵੇਗਾ। ਪੰਜਾਬੀ ਭਵਨ ਰੈਫਰੈਂਸ ਲਾਇਬ੍ਰੇਰੀ ਦੀਆਂ ਕਿਤਾਬਾਂ ਨੂੰ ਵੈੱਬਸਾਈਟ ਉੱਤੇ ਪਾਉਣ ਦੇ ਯਤਨ ਆਰੰਭੇ ਜਾਣਗੇ ਅਤੇ ਗੂਗਲ ਵਲੋਂ ਡਿਜੀਟਲ ਡਾਟਾ ਦਾ ਬਹਾਨਾ ਬਣਾ ਕੇ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਦੂਰ ਕਰਨ ਲਈ ਵੱਖ-ਵੱਖ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਨਾਲ ਮਿਲ ਕੇ ਯੂਨੀਕੋਡ ਫੌਂਟ ਵਿਚ ਡਾਟਾ ਉਪਲੱਬਧ ਕਰਵਾਉਣ ਲਈ ਯਤਨ ਕੀਤੇ ਜਾਣਗੇ।

ਡਾ. ਗੁਰਇਕਬਾਲ ਸਿੰਘ ਨੇ ਦੱਸਿਆ ਕਿ ਅਕਾਡਮੀ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਕਈ ਸਾਲ ਪਹਿਲਾਂ ਮਿਲੀ ਪ੍ਰਵਾਨਗੀ ਦੇ ਆਧਾਰ 'ਤੇ ਪੀ ਐੱਚ ਡੀ ਪ੍ਰਾਪਤ ਮੈਂਬਰਜ਼ ਦੀ ਮਦਦ ਨਾਲ ਖੋਜ ਕੇਂਦਰ ਵਿਕਸਿਤ ਕੀਤਾ ਜਾਵੇਗਾ। ਲੋੜੀਂਦੀਆਂ ਸ਼ਰਤਾਂ ਦੀ ਪੂਰਤੀ ਲਈ ਕਿਸੇ ਵੀ ਸਥਾਨਕ ਪੋਸਟਗਰੈਜੂਏਟ ਕਾਲਿਜ ਨਾਲ ਸਹਿਮਤੀ ਸਮਝੌਤਾ ਲਿਖਤੀ ਰੂਪ ਵਿੱਚ ਕੀਤਾ ਜਾਵੇਗਾ। ਪੰਜਾਬੀ ਲੇਖਕਾਂ ਦੀਆਂ ਕਿਤਾਬਾਂ ਉੱਤੇ ਗੋਸ਼ਟੀਆਂ ਕਰਾਉਣ ਅਤੇ ਪੰਜਾਬ ਦੇ ਵੱਖ-ਵੱਖ ਪਿੰਡਾਂ/ਸ਼ਹਿਰਾਂ ਵਿਚ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਜਾਂ ਹੋਰ ਸੰਸਥਾਵਾਂ ਦੀ ਮੰਗ 'ਤੇ ਅਕਾਡਮੀ ਵੱਲੋਂ ਇੱਕ ਵਿਦਵਾਨ ਭੇਜਣ ਦੀ ਵਿਵਸਥਾ ਕੀਤੀ ਜਾਵੇਗੀ।

ਨਵੇਂ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਵੱਖ ਵੱਖ ਸਾਹਿੱਤ ਰੂਪਾਂ ਦੀ ਸਿਖਲਾਈ ਕਾਰਜਸ਼ਾਲਾਵਾਂ ਦੇ ਪ੍ਰੋਗਰਾਮ ਕਰਵਾਏ ਜਾਣਗੇ।



**ਪਟਿਆਲਾ 'ਚ ਭਾਰਤ ਬੰਦ ਦੇ ਦੌਰਾਨ ਕਿਸਾਨ ਜੱਥੇਬੰਦੀਆਂ ਵਲੋਂ ਸੜਕਾਂ ਦੇ ਧਰਨੇ ਦੇਣ ਦੌਰਾਨ ਕਿਸਾਨ ਨੇਤਾਵਾਂ ਦੇ ਪਰਿਵਾਰ ਦਾ ਇੱਕ ਬੱਚਾ ਅਰਮਾਨ ਵੀਰ ਸਿੰਘ ਆਲ ਇੰਡੀਆ ਕਿਸਾਨ ਸਭਾ ਦਾ ਝੰਡਾ ਚੁੱਕੀ ਕਿਸਾਨਾਂ ਦੀ ਅਵਾਜ ਨੂੰ ਹੋਰ ਬੁਲੰਦ ਕਰਦਾ ਹੋਇਆ। ਫੋਟੋ ਤੇ ਵੇਰਵਾ : ਕੌਮੀ ਪੱਤ੍ਰਿਕਾ**

# ਜੱਸੀ ਸੋਹੀਆਂ ਵਾਲਾ ਨੇ ਰਿਪੁਦਮਨ ਕਾਲਜ ਸਟੇਡੀਅਮ ਦੇ ਨਵੀਨੀਕਰਨ ਲਈ ਮੈਨੇਜਮੈਂਟ ਨਾਲ ਕੀਤੀ ਮੀਟਿੰਗ



**ਨਾਭਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਅੱਜ ਰਿਪੁਦਮਨ ਕਾਲਜ ਵਿਖੇ ਪੁੱਜਕੇ ਰਿਪੁਦਮਨ ਕਾਲਜ ਦੇ ਖੇਡ ਸਟੇਡੀਅਮ ਦਾ ਨਵੀਨੀਕਰਨ ਕਰਨ ਲਈ ਆਪਣੇ ਅਖਤਿਆਰੀ ਕੋਟੇ ਵਿੱਚੋ ਦਿੱਤੀ 20 ਲੱਖ ਰੁਪਏ ਦੇ ਕੰਮਾਂ ਲਈ ਗ੍ਰਾਂਟ ਸਬੰਧੀ ਅੱਜ ਕਾਲਜ ਦੇ ਪ੍ਰਿੰਸੀਪਲ ਹਰਤੇਜ ਕੌਰ ਬੱਲ ਅਤੇ ਮੈਨੇਜਮੈਂਟ ਨਾਲ ਮੀਟਿੰਗ ਕੀਤੀ ਅਤੇ ਸ਼ੁਰੂ ਹੋਣ ਵਾਲੇ ਕੰਮਾਂ ਬਾਰੇ ਵਿਚਾਰ ਚਰਚਾ ਕੀਤੀ।

ਇਸ ਮੌਕੇ ਗੱਲਬਾਤ ਕਰਦਿਆ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪੰਜਾਬ ਨੂੰ ਖੇਡਾਂ ਵਿੱਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮਾਨ ਸਰਕਾਰ ਵਲੋਂ ਸੂਬੇ ਵਿੱਚ ਜਲਦ 1000 ਖੇਡ ਨਰਸਰੀਆਂ ਦਾ ਹੋਵੇਗਾ ਨਿਰਮਾਣ ਕੀਤਾ ਜਾਵੇਗਾ ਜੋ ਪੰਜਾਬ ਨੂੰ ਖੇਡ ਨਕਸ਼ੇ ਉੱਤੇ ਉਭਾਰਨ ਵਿੱਚ ਅਹਿਮ ਰੋਲ ਨਿਭਾਉਣਗੀਆਂ। ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਪਹਿਲੇ ਪੜਾਅ ਵਿੱਚ 205 ਖੇਡ ਨਰਸਰੀਆਂ ਜਲਦ ਸਥਾਪਤ ਕੀਤੀਆਂ ਜਾਣਗੀਆਂ। ਜਿਨ੍ਹਾਂ ਲਈ 21 ਸੁਪਰਵਾਈਜ਼ਰ ਤੇ 205 ਕੋਚਾਂ ਦੀ ਭਰਤੀ ਵੀ ਕੀਤੀ ਜਾਵੇਗੀ। ਜਿਸ ਨਾਲ ਜ਼ਮੀਨੀ ਪੱਧਰ ਉੱਤੇ ਖਿਡਾਰੀਆਂ ਦੀ ਪ੍ਰਤਿਭਾ ਨਿੱਖਰ ਕੇ ਸਾਹਮਣੇ ਆਵੇਗੀ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੇ ਯਤਨਾਂ ਸਦਕਾ ਪੰਜਾਬ ਖੇਡਾਂ ਵਿੱਚ ਮੁੜ ਦੇਸ਼ ਦਾ ਮੋਹਰੀ ਸੂਬਾ ਬਣੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਰਿਪੁਦਮਨ ਕਾਲਜ ਅਤੇ ਕਾਲਜ ਗਰਾਊਂਡ ਦੀ ਭਲਾਈ ਲਈ ਪੌਣੇ 2 ਕਰੋੜ ਰੁਪਏ ਦੇ ਹੋਰ ਫੰਡ ਜਾਰੀ ਕੀਤੇ ਜਾ ਰਹੇ ਹਨ। ਪ੍ਰਿੰਸੀਪਲ ਹਰਤੇਜ ਕੌਰ ਬੱਲ ਨੇ ਦੱਸਿਆ ਕਿ ਸਟੇਡੀਅਮ ਦੇ ਨਵੀਨੀਕਰਨ ਦਾ ਕੰਮ ਆਉਣ ਵਾਲੇ ਦਿਨਾਂ ਵਿੱਚ ਜਲਦ ਹੀ ਸ਼ੁਰੂ ਕਰ ਦਿੱਤਾ ਜਾਵੇਗਾ।

ਇਸ ਮੌਕੇ ਪੀ.ਡਬਲਿਊ.ਡੀ ਦੇ ਜੇ.ਏ ਮਨਦੀਪ ਸਿੰਘ, ਰਾਜੀਵ ਮੁੱਖੀ, ਸਪੋਰਟਸ ਵਿੰਗ ਦੇ ਇੰਚਾਰਜ ਪਰਮਜੀਤ ਸਿੰਘ, ਪ੍ਰੋ. ਸੁਕਾਤ ਮਿੱਤਲ, ਪ੍ਰੋ. ਦੀਪਕ ਕੌਸ਼ਲ ਆਦਿ ਮੌਜੂਦ ਸਨ।

# ਪੰਜਾਬ ਯੂਨੀਵਰਸਿਟੀ ਵਿਖੇ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ 11 ਮਾਰਚ ਨੂੰ

**ਪਟਿਆਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਵੱਲੋਂ 11-12 ਮਾਰਚ, 2024 ਨੂੰ ਇੱਕ ਅੰਤਰਰਾਸ਼ਟਰੀ ਕਾਨਫਰੰਸ ਕਰਵਾਈ ਜਾ ਰਹੀ ਹੈ। ਇਸ ਪਹਿਲੀ ਅੰਤਰਰਾਸ਼ਟਰੀ ਕਾਨਫਰੰਸ ਦਾ ਵਿਸ਼ਾ ਹੈ ਮਕੈਨੀਕਲ ਅਤੇ ਸਸਟੇਨੇਬਲ ਇੰਜੀਨੀਅਰਿੰਗ ਵਿੱਚ ਤਰੱਕੀ ( ਐਡਵਾਂਸਿਜ਼ ਇਨ ਮਕੈਨੀਕਲ ਐਂਡ ਸਸਟੇਨੇਬਲ ਇੰਜੀਨੀਅਰਿੰਗ )। ਕਾਨਫਰੰਸ ਦੇ ਕਨਵੀਨਰ ਪ੍ਰੋਫੈਸਰ ਖੁਸ਼ਦੀਪ ਗੋਇਲ ਅਤੇ ਡਾ: ਹਰਵਿੰਦਰ ਸਿੰਘ ਧਾਲੀਵਾਲ ਨੇ ਦੱਸਿਆ ਕਿ ਇਹ ਕਾਨਫਰੰਸ ਆਨਲਾਈਨ ਮੋਡ ਰਾਹੀਂ ਕਰਵਾਈ ਜਾਵੇਗੀ। ਇਸ ਦੋ-ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਵਿੱਚ 11 ਮਾਰਚ, 2024 ਨੂੰ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ, ਰੋਪੜ ਦੇ ਮਕੈਨੀਕਲ ਇੰਜਨੀਅਰਿੰਗ ਵਿਭਾਗ ਦੇ ਪ੍ਰੋਫੈਸਰ ਡਾ: ਹਰਪ੍ਰੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਇੰਜਨੀਅਰਿੰਗ ਦੀ ਡੀਨ ਫੈਕਲਟੀ ਡਾ: ਗੁਰਮੀਤ ਕੌਰ ਗੈਸਟ ਆਫ ਆਨਰ ਹੋਣਗੇ।

ਉੱਘੀਆਂ ਸ਼ਖਸੀਅਤਾਂ, ਜਿਵੇਂ ਕਿ ਡਾ. ਗੁਲਸ਼ਨ ਕੁਮਾਰ, ਮਕੈਨੀਕਲ ਇੰਜੀਨੀਅਰਿੰਗ ਵਿਭਾਗ, ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ ਐਂਡ ਸਾਇੰਸ, ਦੁਬਈ; ਡਾ: ਅਮਰੀਕ ਸਿੰਘ, ਪ੍ਰੋਫੈਸਰ, ਮਕੈਨੀਕਲ ਇੰਜਨੀਅਰਿੰਗ ਵਿਭਾਗ, ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਅਤੇ ਕੈਨੇਡਾ ਤੋਂ ਡਾ: ਜਸਦੀਪ ਭਿੰਡਰ, ਪੋਸਟ ਡਾਕਟਰੇਟ, ਮਕੈਨੀਕਲ ਇੰਜਨੀਅਰਿੰਗ, ਮੁੱਖ ਬੁਲਾਰੇ ਹੋਣਗੇ। ਕੋ-ਕਨਵੀਨਰ-ਕਮ-ਕੋਆਰਡੀਨੇਟਰ ਡਾ: ਚੰਦਨ ਦੀਪ ਸਿੰਘ ਨੇ ਦੱਸਿਆ ਕਿ ਇਸ ਕਾਨਫਰੰਸ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਇਹ ਹੈ ਕਿ ਸਾਰੇ ਪ੍ਰਬੰਧਕ ਅਤੇ ਸਰੋਤ ਵਿਅਕਤੀ ਆਪਣੀਆਂ ਸੇਵਾਵਾਂ ਮੁਫਤ ਦੇ ਅਧਾਰ 'ਤੇ ਦੇ ਰਹੇ ਹਨ ਅਤੇ ਇਸੇ ਤਰ੍ਹਾਂ ਭਾਗ ਲੈਣ ਵਾਲਿਆਂ ਤੋਂ ਕੋਈ ਫੀਸ ਨਹੀਂ ਲਈ ਜਾ ਰਹੀ ਹੈ। ਕਾਨਫਰੰਸ ਦੇ ਸਕੱਤਰ ਡਾ: ਦਵਿੰਦਰ ਸਿੰਘ ਨੇ ਦੱਸਿਆ ਕਿ ਇਸ ਅੰਤਰਰਾਸ਼ਟਰੀ ਕਾਨਫਰੰਸ ਵਿਚ ਪੇਪਰ ਦਾਖਲ ਕਰਨ ਦੀ ਆਖਰੀ ਮਿਤੀ 20 ਫਰਵਰੀ, 2024 ਰੱਖੀ ਗਈ ਹੈ ਅਤੇ ਹੁਣ ਤੱਕ ਪੀਅਰ ਰੀਵਿਊ ਕਮੇਟੀ ਨੂੰ ਦਰਜਨਾਂ ਖੋਜ ਪੱਤਰ ਪ੍ਰਾਪਤ ਹੋ ਚੁੱਕੇ ਹਨ। ਇਸ ਅੰਤਰਰਾਸ਼ਟਰੀ ਕਾਨਫਰੰਸ ਲਈ ਕੋ-ਕੋਆਰਡੀਨੇਟਰ ਡਾ: ਬਲਜਿੰਦਰ ਰਾਮ, ਡਾ: ਤਲਵਿੰਦਰ ਸਿੰਘ, ਡਾ: ਰਾਜਦੀਪ ਸਿੰਘ, ਡਾ: ਹੇਮੰਤ ਕੁਮਾਰ ਅਤੇ ਡਾ: ਚਰਨਜੀਤ ਨੌਹਰਾ ਹਨ।

# ਪਿਛਲੇ ਸਾਢੇ ਨੌ ਸਾਲਾਂ ਤੋਂ ਹਰਿਆਣਾ ਨੇ ਲਿੰਗਾਨੁਪਾਤ ਵਿਚ ਕੀਤਾ ਵਰਨਣਯੋਗ ਸੁਧਾਰ

**ਚੰਡੀਗੜ੍ਹ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ 22 ਜਨਵਰੀ, 2015 ਨੂੰ ਪਾਣੀਪਤ ਤੋਂ ਸ਼ੁਰੂ ਕੀਤੇ ਗਏ ਰਾਸ਼ਟਰਵਿਆਪੀ ਮੁਹਿੰਮ ਨੂੰ ਹਰਿਆਣਾ ਨੇ ਸਰਕਾਰੀ ਯਤਨਾਂ ਦੇ ਨਾਲ-ਨਾਲ ਸਮਾਜਿਕ ਸੰਗਠਨਾਂ ਤੇ ਖਾਪ ਪੰਚਾਇਤਾਂ ਦੇ ਸਹਿਯੋਗ ਨਾਲ ਸਫਲ ਬਣਾਇਆ ਹੈ, ਜਿਸ ਦੇ ਫਲਸਰੂਪ ਸੂਬੇ ਦਾ ਲਿੰਗਨੁਪਾਤ ਸੁਧਰ ਕੇ 1000 ਮੁੰਡਿਆਂ ਦੇ ਪਿੱਛੇ 916 ਕੁੜੀਆਂ ਦਾ ਦਰਜ ਕੀਤਾ ਗਿਆ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਜੀ ਅਨੁਪਮਾ ਨੇ ਚੰਡੀਗੜ੍ਹ ਵਿਚ ਬੇਟੀ ਬਚਾਓ-ਬੇਟੀ ਪੜਾਓ 'ਤੇ ਰਾਜ ਪੱਧਰੀ ਹਿਤਧਾਰਕਾਂ ਦੀ ਮੀਟਿੰਗ ਦੀ ਅਗਵਾਈ ਕੀਤੀ। ਮੀਟਿੰਗ ਵਿਚ ਮਹਿਲਾ ਅਤੇ ਬਾਲ ਵਿਕਾਸ ਵਿਭਾਗ ਹਰਿਆਣਾ ਦੀ ਕਮਿਸ਼ਨਰ ਅਤੇ ਸਕੱਤਰ ਅਮਨੀਤ ਪੀ ਕੁਮਾਰ ਵੀ ਮੌਜੂਦ ਸੀ। ਮੀਟਿੰਗ ਵਿਚ ਦਸਿਆ ਗਿਆ ਕਿ ਪ੍ਰਧਾਨ ਮੰਤਰੀ ਵੱਲੋਂ ਪਾਣੀਪਤ , ਹਰਿਆਣਾ ਤੋਂ ਇਸ ਆਦਰਸ਼ ਵਾਕ ਦੇ ਨਾਲ ਲਾਂਚ ਕੀਤਾ ਗਿਆ ਸੀ ਸਾਨੂੰ ਕੁੜੀਆਂ ਨੂੰ ਮਾਰਨ ਦਾ ਅਧਿਕਾਰ ਨਹੀਂ ਹੈ ਅਤੇ ਸਾਡਾ ਮੰਤਰ ਬੇਟਾ ਬੇਟੀ ਇਕ ਸਮਾਨ ਹੋਣਾ ਚਾਹੀਦਾ ਹੈ, ਜਿਸ ਨੂੰ ਹਰਿਆਣਾ ਨੇ ਸਫਲ ਕੀਤਾ ਹੈ। ਡਾ. ਜੀ ਅਨੁਪਮਾ ਨੇ ਕਿਹਾ ਕਿ ਮੌਜੂਦਾ ਵਿਚ ਜਨਮ ਦੇ ਸਮੇਂ ਲਿੰਗਨੁਪਾਤ 916 ਹੈ ਅਤੇ ਅਸੀਂ ਹਰਿਆਣਾ ਵਿਚ ਬੀ3ਪੀ ਪ੍ਰੋਗ੍ਰਾਮ ਸ਼ੁਰੂ ਹੋਣ ਦੇ ਬਾਅਦ ਤੋਂ 52000 ਤੋਂ ਵੱਧ ਕੁੜੀਆਂ ਨੂੰ ਬਚਾਇਆ ਹੈ। ਪੰਜ ਜਿਲ੍ਹੇ ਐਸਆਰਬੀ-2023 900 ਤੋਂ ਹੇਠਾਂ ਹਨ ਯਾਨੀ ਰੋਹਤਕ (883) ਨਾਰਨੌਲ (887), ਸੋਨੀਪਤ (894), ਚਰਖੀ ਦਾਦਰੀ (897) ਅਤੇ ਰਿਵਾੜੀ (897)। ਹਰਿਆਣਾ ਵਿਚ ਬੀ3ਪੀ ਪ੍ਰੋਗ੍ਰਾਮ ਨੂੰ ਮਜਬੂਤ ਕਰਨ ਲਈ ਡਬਲਿਯੂਸੀਡੀ, ਐਨਐਚਐਮ ਅਤੇ ਸਿਖਿਆ ਵਿਭਾਗ ਮਿਲ ਕੇ ਕੰਮ ਕਰਣਗੇ ਅਤੇ ਲਿਯਮਤ ਆਧਾਰ 'ਤੇ ਨਿਗਰਾਨੀ ਕਰਣਗੇ। ਪੀਸੀ-ਪੀਐਨਡੀਟੀ (ਪ੍ਰੀ ਨੇਟਲ ਡਾਇਗਨੋਸਟਿਕ)/ਐਮਪੀਟੀ (ਗਰਭ ਦਾ ਮੈਡੀਕਲ ਸਮਾਪਨ) ਐਕਟ ਦਾ ਲਾਗੂ ਕਰਲ। ਪੀਸੀ-ਪੀਐਨਡੀਟੀ/ਐਮਟੀਪੀ ਐਕਟ 'ਤੇ ਪੁਲਿਸ/ਅਭਿਯੋਜਨ/ਸਿਹਤ ਅਧਿਕਾਰੀਆਂ ਦਾ ਨਿਯਮਤ ਸੰਵੇਦੀਕਰਣ। ਐਮਟੀਪੀ ਕਿੱਟ ਦੀ ਆਨਲਾਇਨ ਅਤੇ ਓਟੀਸੀ (ਓਵਰ ਦ ਕਾਊਂਟਰ) ਵਿਕਰੀ 'ਤੇ ਰੋਕ ਲਗਾਉਣਾ। ਅਵੈਧ ਐਮਟੀਪੀ/ਐਮਟੀਪੀ ਕਿੱਟਾਂ ਦੇ ਗਲਤ ਵਰਤੋ ਨੂੰ ਰੋਕਨ ਲਈ ਸਾਰੇ ਅਨੁਮੋਦਿਤ ਐਮਟੀਪੀ ਕੇਂਦਰਾਂ ਦਾ ਆਡਿਟ ਕੀਤਾ ਜਾਣਾ ਜਰੂਰੀ ਹੈ।

# 'ਆਪ ਦੀ ਸਰਕਾਰ ਆਪ ਦੇ ਦੁਆਰ' ਸਕੀਮ ਤਹਿਤ 19 ਨੂੰ ਲਗਾਏ ਜਾਣਗੇ ਕੈਂਪ : ਜੀਤਾ

**ਸ੍ਰੀ ਅਨੰਦਪੁਰ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਪ ਦੀ ਸਰਕਾਰ ਆਪ ਦੇ ਦੁਆਰ ਸਕੀਮ ਤਹਿਤ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਜੀ ਦੀ ਯੋਗ ਅਗਵਾਈ ਹੇਠ ਵੱਖ-ਵੱਖ ਪਿੰਡਾਂ ਅਤੇ ਵੱਖ ਵੱਖ ਵਾਰਡਾਂ ਵਿੱਚ ਲਗਾਤਾਰ ਕੈਂਪ ਲਗਾਏ ਜਾ ਰਹੇ ਹਨ।



ਇਸ ਸਬੰਧੀ ਗੱਲ ਕਰਦਿਆਂ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਨੇ ਕਿਹਾ ਕਿ ਸਿੱਖਿਆ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਜੀ ਦੇ ਯੋਗ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ÷ਆਪ ਦੀ ਸਰਕਾਰ ਆਪ ਦੇ ਦੁਆਰ÷ ਸਕੀਮ ਤਹਿਤ ਕੈਂਪ ਲਗਾਏ ਜਾ ਰਹੇ ਹਨ ਜਿਸ ਵਿੱਚ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਖੁਦ ਪਹੁੰਚ ਕੇ ਮੌਕੇ ਤੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰ ਰਹੇ ਹਨ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਪ ?ਧਾਨ ਜੀਤਾ ਨੇ ਦੱਸਿਆ ਕਿ ਇਸੇ ਸਕੀਮ ਤਹਿਤ 20 ਫਰਵਰੀ 2024 ਦਿਨ ਸੋਮਵਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਦੇ ਵਾਰਡ ਨੰਬਰ 9,10,11,12 ਅਤੇ 13 ਵਿੱਚ ਕੈਂਪ ਲਗਾਏ ਜਾ ਰਹੇ ਹਨ। ਵਾਰਡ ਨੰਬਰ 9 ਦਾ ਕੈਂਪ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਨੇੜੇ ਅਤੇ ਵਾਰਡ ਨੰਬਰ 11 ਦਾ ਕੈਂਪ ਮਿਊਂਸੀਪਲ ਕੌਂਸਲਰ ਸ੍ਰੀਮਤੀ ਬਲਬੀਰ ਕੌਰ ਦੀ ਰਿਹਾਇਸ਼ ਦੇ ਨੇੜੇ ਸਵੇਰੇ 9:30 ਤੋਂ ਦੁਪਹਿਰ 12:30 ਵਜੇ ਤੱਕ ਲਗਾਇਆ ਜਾਵੇਗਾ। ਇਸੇ ਤਰ੍ਹਾਂ ਵਾਰਡ ਨੰਬਰ 10 ਦਾ ਕੈਂਪ ਮਿਊਂਸੀਪਲ ਕੌਂਸਲਰ ਵਿਕਰਮਜੀਤ ਸਿੰਘ ਸੰਧੂ ਦੇ ਘਰ ਦੇ ਸਾਹਮਣੇ, ਵਾਰਡ ਨੰਬਰ 12 ਦਾ ਕੈਂਪ ਪ੍ਰੋਫੈਸਰ ਮਹਿੰਦਰ ਸਿੰਘ ਬਾਗੀ ਦੇ ਘਰ ਦੇ ਕੋਲ ਅਤੇ ਵਾਰਡ ਨੰਬਰ 13 ਦਾ ਕੈਂਪ ਜੰਞ ਘਰ, ਨੇੜੇ ਸੈਣੀ ਜਨਰਲ ਸਟੋਰ ਵਿਖੇ ਦੁਪਹਿਰ 1:30 ਵਜੇ ਤੋਂ ਲੈ ਕੇ 4:30 ਵਜੇ ਤੱਕ ਲਗਾਇਆ ਜਾਵੇਗਾ। ਪ੍ਰਧਾਨ ਜੀਤਾ ਨੇ ਇਹਨਾਂ ਵਾਰਡਾਂ ਦੇ ਵਾਸੀਆਂ ਨੂੰ ਵੱਡੀ ਗਿਣਤੀ ਵਿੱਚ ਇਹਨਾਂ ਕੈਂਪਾਂ ਵਿੱਚ ਪਹੁੰਚ ਕੇ ਲਾਹਾ ਲੈਣ ਦੀ ਅਪੀਲ ਕੀਤੀ।

# ਮਾਤਾ ਮੈਦਾਨਣ ਨੂੰ ਸਮਰਪਿਤ ਧਾਰਮਿਕ ਪ੍ਰੋਗਰਾਮ ਸ਼ਰਧਾ ਭਾਵਨਾ ਦੇ ਨਾਲ ਕਰਵਾਇਆ ਗਿਆ

**ਕੀਰਤਪੁਰ ਸਾਹਿਬ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਤੀਸਰਾ ਧਾਰਮਿਕ ਪ੍ਰੋਗਰਾਮ ਪਿੰਡ ਜਿਓਵਾਲ ਵਿਖੇ ਸ਼ਰਧਾ ਭਾਵਨਾ ਦੇ ਨਾਲ ਕਰਵਾਇਆ ਗਿਆ, ਮਾਤਾ ਮੈਦਾਨਣ ਨੂੰ ਸਮਰਪਿਤ ਇਸ ਧਾਰਮਿਕ ਪ੍ਰੋਗਰਾਮ ਦੇ ਵਿੱਚ ਜਿੱਥੇ ਧਰਮਪਾਲ ਨਾਥ ਐਂਡ ਪਾਰਟੀ ਅੰਬਾਲਾ ਵੱਲੋਂ ਜਾਗਰਣ ਕੀਤਾ ਗਿਆ ਉੱਥੇ ਨਾਲ ਹੀ ਵੱਡੀ ਗਿਣਤੀ ਦੇ ਵਿੱਚ ਸੰਗਤਾਂ ਨੇ ਮੰਦਰ ਦੇ ਵਿੱਚ ਪਹੁੰਚ ਕੇ ਮਾਤਾ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਇਸ ਦੌਰਾਨ ਮੰਦਰ ਪ੍ਰਬੰਧਕ ਅਸ਼ੋਕ ਵਾਲੀਆ ਨੇ ਦੱਸਿਆ ਕਿ ਪਿਛਲੇ ਤਿੰਨ ਸਾਲਾਂ ਤੋਂ ਇਸੇ ਤਰੀਕੇ ਦੇ ਨਾਲ ਮਾਤਾ ਰਾਣੀ ਨੂੰ ਸਮਰਪਿਤ ਧਾਰਮਿਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਜਿਸ ਦੇ ਵਿੱਚ ਵਿਧੀ ਪੂਰਵਕ ਮਾਤਾ ਰਾਣੀ ਦੀ ਪੂਜਾ ਅਰਚਨਾ ਕੀਤੀ ਗਈ ਅਤੇ ਮਾਤਾ ਰਾਣੀ ਦੇ ਮੰਦਰ ਨੂੰ ਬਹੁਤ ਹੀ ਸੁੰਦਰ ਤਰੀਕੇ ਦੇ ਨਾਲ ਸਜਾਇਆ ਗਿਆ ਹੈ ਜਾਗਰਣ



ਦੇ ਆਗਾਜ਼ ਤੋਂ ਪਹਿਲਾਂ ਕੰਜਕ ਪੂਜਨ ਤੋਂ ਅਤੇ ਮਾਤਾ ਰਾਣੀ ਦਾ ਲੰਗਰ ਅਤੁੱਟ ਰੂਪ ਵਿੱਚ ਵਰਤਾਇਆ ਗਿਆ ਉੱਥੇ ਨਾਲ ਹੀ ਦੇਰ ਰਾਤ ਤੱਕ ਮਾਤਾ ਰਾਣੀ ਦਾ ਜਾਗਰਣ ਕੀਤਾ ਗਿਆ ਇਸ ਦੌਰਾਨ ਵੱਡੀ ਗਿਣਤੀ ਦੇ ਵਿੱਚ ਲੋਕਾਂ ਨੇ ਪਹੁੰਚ ਕੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਭਵਿੱਖ ਵਿੱਚ ਵੀ ਉਹ ਅਜਿਹੇ ਪ੍ਰੋਗਰਾਮ ਕਰਦੇ ਰਹਿਣਗੇ ਤਾਂ ਜੋ ਸਾਡੀ ਆਉਣ ਵਾਲੀ ਪੀੜੀ ਧਾਰਮਿਕ ਖਿਆਲਾਂ ਦੇ ਨਾਲ ਜੁੜੀ ਰਹੇ ਇਸ ਦੌਰਾਨ ਭਾਜਪਾ ਆਗੂ ਰਜਨੀਸ਼ ਜੋਸ਼ੀ, ਆਪ ਆਗੂ ਮਨੀਸ਼ ਬਾਵਾ,ਸੰਨੀ ਬਾਵਾ, ਭਗਤ ਸੁਰਮੁਖ ਸਿੰਘ,ਕਰਨ ਕੁਮਾਰ, ਪ੍ਰਵੀਨ ਕੁਮਾਰ,ਵਿਸ਼ਾਲ ਸੁਜਾਨਪੁਰ ,ਸੋਹਣ ਲਾਲ ,ਅਜੇ ਕੁਮਾਰ ਮਹਿੰਦਲੀ ਰਾਮਪਾਲ ,ਸਤੀਸ਼ ਕੁਮਾਰ, ਰਵੀ ਖੰਨਾ ਆਦੀ ਤੋਂ ਇਲਾਵਾ ਵੱਡੀ ਗਿਣਤੀ ਦੇ ਵਿੱਚ ਸੰਗਤ ਮੌਜੂਦ ਸੀ

# ਸ਼੍ਰੀ ਮਦਭਾਗਵਤ ਪੁਰਾਣ ਸਪਤਾਹ ਗਿਆਨ ਯੱਗ ਮੌਕੇ ਰੁਕਮਣੀ ਨਾਲ ਵਿਆਹ ਦਾ ਪ੍ਰਸੰਗ ਸੁਣਾਇਆ ਗਿਆ



**ਗੋਨੇਆਣਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨਿਆਣੇ ਦੇ ਨਾਲ ਲਗਦੇ ਪਿੰਡ ਬਲਾਹੜ ਵਿੰਝੂ ਵਿਖੇ ਸਥਿੱਤ ਡੇਰਾ ਬਾਬਾ ਸਿੱਧ ਤਿਲਕ ਰਾਓ ਜੀ ਵਿਖੇ ਹੋ ਰਹੀ ਸ਼੍ਰੀ ਭਾਗਵਤ ਪੁਰਾਣ ਦੀ ਕਥੇ ਦੇ ਅੱਜ ਛੇਵੇਂ ਦਿਨ ਦੀ ਕਥਾ ਵਿੱਚ ਸ਼੍ਰੀ ਕ੍ਰਿਸ਼ਨ ਭਗਵਾਨ ਦੇ ਰੁਕਮਣੀ ਦੇ ਨਾਲ ਵਿਆਹ ਬਾਰੇ ਵਿਸਥਾਰ ਸਹਿਤ ਵਿਆਖਿਆ ਕੀਤੀ ਗਈ ਇਸ ਜਗ੍ਹਾ ਅਚਾਰੀਆ ਮੋਹਿਤ ਸ਼ਰਮਾ ਜੀ ਮੁੱਖ ਕਥਾ ਵਾਚਕ ਹਨ ਜੋ ਕੇ ਆਪਣੇ ਮੁੱਖ ਨਾਲ ਭਗਵਾਨ ਦਾ ਗੁਣਗਾਨ ਸੁਣਾ ਕੇ ਸਾਰੀ ਸੰਗਤ ਨੂੰ ਪ੍ਰਭੂ ਦੇ ਨਾਲ ਜੋੜ ਰਹੇ ਹਨ ਓਹਨਾ ਦੇ ਨਾਲ ਅਚਾਰੀਆ ਰੋਸ਼ਨ ਸ਼ਰਮਾ ਅਤੇ ਅਚਾਰੀਆ ਤ੍ਰਿਭੁਵਨ ਸ਼ਰਮਾ ਮੌਜੂਦ ਹਨ ਅੱਜ ਦੀ ਆਰਤੀ ਡੇਰੇ ਦੇ ਮੁੱਖ ਸੰਚਾਲਕ ਬਾਬਾ ਬੁੱਧ ਦਾਸ ਜੀ ਨੇ ਅਤੇ ਸਵਾਮੀ ਵਿਵੇਕ ਮੁਨੀ ਜੀ ਤਪਾ ਵਾਲਿਆ ਨੇ ਪੂਰੀ ਮੰਡਲੀ ਸਹਿਤ ਕੀਤੀ।

ਇਸ ਮੌਕੇ ਤੇ ਅਨਿਲ ਸ਼ਾਸ਼ਤਰੀ ਜੀ ਨੇ ਜਾਣਕਰੀ ਦਿੱਤੀ ਕੇ ਕਲ 9 ਵਜੇ ਹਵਨ ਹੋਵੇਗਾ 10 ਵਜੇ ਕਥਾ ਅਤੇ 12 ਵਜੇ ਭੰਡਾਰਾ ਪ੍ਰਭੂ ਇੱਛਾ ਤਕ ਚੱਲੇਗਾ ਸੋ ਕੱਲ ਦਿਨ ਐਤਵਾਰ ਭੰਡਾਰੇ ਦਾ ਦਿਨ ਹੈ ਜੌਅੱਜ ਤੱਕ ਕਥਾ ਵਿਚ ਏਕ ਦਿਨ ਵੀ ਨਹੀਂ ਆਇਆ ਐਤਵਾਰ ਵਾਲੇ ਦਿਨ ਆਪਣੀ ਹਾਜ਼ਰੀ ਲਗਾ ਕੇ ਸਾਰੀ ਕਥਾ ਦਾ ਫ਼ਲ ਪ੍ਰਾਪਤ ਕਰਕੇ ਕ੍ਰਿਸ਼ਨ ਭਗਵਾਨ ਦਾ ਅਸ਼ੀਰਵਾਦ ਜ਼ਰੂਰ ਪ੍ਰਾਪਤ ਕਰੇ ਇਸ ਮੌਕੇ ਤੇ ਲਾਜਪਤ ਰਾਏ ਗੋਇਲ ਸੁਰਜੀਤ ਰਾਓ ਜੀ, ਬਿੱਟੂ ਦਿਉਣ , ਨਰਿੰਦਰ ਬਾਂਸਲ, ,ਕਾਲੂ ਅਗਰਵਾਲ ਆਦਿ ਹਾਜ਼ਿਰ ਸਨ।

# ਸਕਾਊਟ ਗਾਈਡਜ਼ ਦੇ ਜਨਮਦਾਤਾ ਬੈਡਨ ਪਾਵਲ ਦੇ ਜੀਵਨ ਤੋਂ ਸਿਖਿਆ ਲੈਣੀ ਜ਼ਰੂਰੀ : ਰਾਵਿੰਦਰ ਕੋਰ ਸਿੱਧੂ

**ਪਟਿਆਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆ ਦੇ ਵਿਦਿਆਰਥੀਆਂ ਅਧਿਆਪਕਾਂ ਅਤੇ ਕਰਮਚਾਰੀਆਂ ਰਾਹੀਂ ਆਪਣੇ ਦੇਸ਼ ਸਮਾਜ ਘਰ ਪਰਿਵਾਰਾਂ ਵਾਤਾਵਰਨ ਮਾਨਵਤਾ ਅਤੇ ਹਾਦਸਿਆਂ ਘਟਨਾਵਾਂ ਦੇ ਪੀੜਤਾਂ ਪ੍ਰਤੀ ਪ੍ਰੇਮ ਹਮਦਰਦੀ ਅਤੇ ਚੰਗੇਰੇ ਭਵਿੱਖ ਲਈ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਆਪਣੇ ਫ਼ਰਜ਼ਾਂ ਜੁਮੇਵਾਰੀਆਂ ਪ੍ਰਤੀ ਵਫ਼ਾਦਾਰ ਰਹਿਣ ਦੀ ਸੋਚ ਦੇਣ ਵਾਲੇ ਇੰਗਲੈਂਡ ਵਾਸੀ ਲੈਫਟੀਨੈਂਟ ਜਨਰਲ ਬੈਡਨ ਪਾਵਲ ਜੀ ਦੇ ਜਨਮ ਦਿਹਾੜੇ ਮੌਕੇ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਜੀ ਦੀ ਅਗਵਾਈ ਹੇਠ ਗ੍ਰੀਨ ਵੈਲ ਹਾਈ ਸਕੂਲ ਪਟਿਆਲਾ ਵਿਖੇ ਕਰਵਾਏ। ਭਾਰਤ ਸਕਾਊਟ ਗਾਈਡਜ਼ ਦੇ ਸਟੇਟ ਟ੍ਰੇਨਿੰਗ ਕਮਿਸ਼ਨਰ ਰਾਵਿੰਦਰ ਕੋਰ ਸਿੱਧੂ ਰਾਣਾ ਨੇ ਸ੍ਰ ਬੈਡਨ ਪਾਵਲ ਜੀ ਦੇ ਮਹਾਨ ਕਾਰਜਾਂ ਗੁਣਾਂ ਦਲੇਰੀਆਂ ਆਤਮ ਵਿਸ਼ਵਾਸ ਹੌਸਲੇ ਨਾਲ ਕੀਤੀਆਂ ਗਤੀਵਿਧੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਸ਼੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਅਤੇ ਭਾਰਤ ਸਕਾਊਟ ਗਾਈਡਜ਼ ਦੇ ਲਾਈਫ ਮੈਂਬਰ ਨੇ ਦੱਸਿਆ ਕਿ ਇੰਗਲੈਂਡ ਆਰਮੀ ਤੋਂ ਸੇਵਾ ਮੁਕਤ ਹੋਕੇ ਇੰਗਲੈਂਡ ਭਾਰਤ ਅਤੇ ਦੁਨੀਆਂ ਦੇ ਅਨੇਕਾਂ ਦੇਸ਼ਾਂ ਦੇ ਵਿਦਿਆਰਥੀਆਂ ਨੂੰ ਆਰਮੀ ਪੁਲਿਸ ਜਵਾਨਾਂ ਵਜੋ ਤਿਆਰ ਕਰਨ ਲਈ ਸਕਾਊਟ ਅਤੇ ਗਾਈਡਜ਼ ਗਤੀਵਿਧੀਆਂ ਚਲਾਈਆਂ। ਉਨ੍ਹਾਂ ਨੇ ਕਿਹਾ ਕਿ ਅੱਜ਼ ਵਿਦਿਆਰਥੀਆਂ ਨੂੰ ਸਿਹਤ ਤਦੰਰੁਸਤੀ ਸੁਰੱਖਿਆ ਸਨਮਾਨ ਦੂਸਰਿਆਂ ਦੀ ਸੰਕਟ ਸਮੇਂ ਸਹਾਇਤਾ ਕਰਨ ਲਈ ਤਿਆਰ ਕਰਨਾ ਬਹੁਤ ਜ਼ਰੂਰੀ ਹੈ ਇਸ ਲਈ ਹਰੇਕ ਨਾਗਰਿਕ, ਅਧਿਆਪਕ, ਕਰਮਚਾਰੀ ਅਤੇ ਸੀਨੀਅਰ ਸਿਟੀਜਨ ਨੂੰ ਆਪਣੇ ਦੇਸ਼ ਸਮਾਜ ਘਰ ਪਰਿਵਾਰਾਂ ਵਾਤਾਵਰਨ ਦੀ ਸੁਰੱਖਿਆ ਸੰਭਾਲ ਲਈ ਫ਼ਰਜ਼ਾਂ ਜੁਮੇਵਾਰੀਆਂ ਪ੍ਰਤੀ ਜਾਗਰੂਕ ਹੋਣਾ ਅਤੇ ਉਜਵੱਲ ਸੁਰਖਿਅੱਤ ਖੁਸ਼ਹਾਲ ਸਿਹਤਮੰਦ ਭਵਿੱਖ ਲਈ ਯਤਨਸ਼ੀਲ਼ ਹੋਣਾ ਚਾਹੀਂਦਾ ਹੈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਨੇ ਸਕਾਊਟ ਗਾਈਡਜ਼ ਦੇ ਨਿਯਮਾਂ ਅਸੂਲਾਂ ਪ੍ਰਣ ਪ੍ਰਤਿਗਿਆ ਗਤੀਵਿਧੀਆਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਸ਼੍ਰੀਮਤੀ ਮਨਜੀਤ ਕੌਰ ਆਜ਼ਾਦ ਸਾਬਕਾ ਪ੍ਰਿੰਸੀਪਲ ਅਤੇ ਸ਼੍ਰੀਮਤੀ ਅਲਕਾ ਅਰੋੜਾ ਜੀ ਨੇ ਕਿਹਾ ਕਿ ਪੰਜਾਬ ਅਤੇ ਭਾਰਤ ਦੇ ਖੁਸ਼ਹਾਲ ਸੁਰੱਖਿਅਤ ਸਿਹਤਮੰਦ ਵਰਤਮਾਨ ਅਤੇ ਭਵਿੱਖ ਲਈ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ ਸਮੇਂ ਦੀ ਲੋੜ ਹੈ ਕਿਉਂਕਿ ਅੱਜ ਦੇ ਬੱਚਿਆਂ ਅਤੇ ਨੋਜਵਾਨਾਂ ਨੂੰ ਆਪਣੇ ਭਵਿੱਖ ਦੀ ਚਿੰਤਾ ਹੈ ਪਰ ਆਪਣੇ ਦੇਸ਼ ਸਮਾਜ ਘਰ ਪਰਿਵਾਰਾਂ ਵਾਤਾਵਰਨ ਸਿਹਤ ਤਦੰਰੁਸਤ ਭਵਿੱਖ ਦੀ ਸੰਭਾਲ ਸੁਰੱਖਿਆ ਬਚਾਉ ਮਦਦ ਸਨਮਾਨ ਉੱਨਤੀ ਲਈ ਯਤਨਸ਼ੀਲ਼ ਘਟ ਹਨ। ਪ੍ਰਿੰਸੀਪਲ ਸ਼੍ਰੀਮਤੀ ਮੰਜੂ ਜੀ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਹਮੇਸ਼ਾ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਸੰਸਕਾਰ ਮਰਿਆਦਾਵਾਂ ਸਹਿਣਸ਼ੀਲਤਾ ਨਿਮਰਤਾ ਫਰਜ਼ਾਂ ਅਤੇ ਉਜਵੱਲ ਭਵਿੱਖ ਲਈ ਤਿਆਰ ਕੀਤਾ ਜਾਵੇ ਜਿਸ ਹਿੱਤ ਸਕੂਲਾਂ ਨੂੰ ਸ਼੍ਰੀ ਕਾਕਾ ਰਾਮ ਵਰਮਾ, ਰਾਵਿੰਦਰ ਕੋਰ ਸਿੱਧੂ, ਮਨਜੀਤ ਕੌਰ ਆਜ਼ਾਦ, ਅਲਕਾ ਅਰੋੜਾ ਅਤੇ ਕਈ ਹੋਰ ਬੁਧੀਜੀਵੀਆਂ ਗਿਆਨਵਾਨ ਵਿਦਵਾਨ ਲੋਕਾਂ ਦਾ ਹਮੇਸ਼ਾ ਸਹਿਯੋਗ ਮਿਲਦਾ ਹੈ। ਬੱਚਿਆਂ ਨੇ ਪ੍ਰਣ ਕੀਤਾ ਕਿ ਉਹ ਆਪਣੇ ਦੇਸ਼ ਸਮਾਜ ਮਾਨਵਤਾ ਵਾਤਾਵਰਨ ਨੂੰ ਸ਼ੁੱਧ ਸੁਰੱਖਿਅਤ ਸਿਹਤਮੰਦ ਖੁਸ਼ਹਾਲ ਬਣਾਉਣ ਲਈ ਯਤਨਸ਼ੀਲ਼ ਰਹਿਣਗੇ। ਇਸ ਮੌਕੇ ਸਕੂਲ ਵਲੋਂ ਆਏ ਮਹਿਮਾਨਾਂ ਦਾ ਸਨਮਾਨ ਕੀਤਾ।




# ਸਾਰੀਆਂ .ਫਸਲਾਂ ਤੇ ਐਮ.ਐਸ.ਪੀ. ਦੇਣ ਦੀ ਪੱਕੀ ਗਰੰਟੀ ਨੂੰ ਪੂਰਾ ਨਾ ਕੀਤੇ ਜਾਣ ਤੇ ਮਾਨ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਕੇ ਕੀਤਾ ਪ੍ਰਦਰਸ਼ਨ

**ਪਟਿਆਲਾ, 20 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਰੀਆਂ ਫਸਲਾਂ ਤੇ ਐਮ.ਐਸ.ਪੀ. ਦੇਣ ਦੀ ਪੱਕੀ ਗਰੰਟੀ ਦਿੱਤੀ ਸੀ ਜਿਸ ਤੇ ਭਰੋਸਾ ਕਰ ਕਿਸਾਨਾਂ ਨੇ ਆਪਣੀਆਂ ਕੀਮਤੀ ਵੋਟਾਂ ਪਾ ਕੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਪਰ ਆਪ ਦੀ ਸਰਕਾਰ ਬਣੀ ਨੂੰ 2 ਸਾਲ ਬੀਤ ਜਾਣ ਮਗਰੋਂ ਵੀ ਐਮ.ਐਸ.ਪੀ. ਦੀ ਗਾਰੰਟੀ ਨੂੰ ਲਾਗੂ ਨਾ ਕੀਤੇ ਜਾਣ ਤੇ ਨਿਊ ਪਟਿਆਲਾ ਵੈਲਫੇਅਰ ਕਲੱਬ ਵੱਲੋਂ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਮਾਨ ਸਰਕਾਰ ਖਿਲਾਫ ਨਾਅਰੇਬਾਜੀ ਕਰ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਸਾਨਾਂ ਦੇ ਹਿੱਤਾਂ ਸਬੰਧੀ ਵਿਸ਼ੇਸ਼ ਤੌਰ ਤੇ ਮੰਗ ਕਰਦਿਆਂ ਕਿਹਾ ਕਿ ਮਾਨ ਸਰਕਾਰ ਵਲੋਂ ਸਾਰੀਆਂ ਫਸਲਾਂ ਤੇ ਐਮ.ਐਸ.ਪੀ. ਦੀਆਂ ਕੀਮਤਾਂ ਤੈਅ (ਫਿਕਸ) ਕੀਤੀਆ ਜਾਣ। ਜਿਸ ਨਾਲ



ਕਿਸਾਨਾਂ ਨੂੰ ਉਹਨਾਂ ਦੀ ਮਿਹਨਤ ਦਾ ਲਾਭ ਪ੍ਰਾਪਤ ਹੋ ਸਕੇ ਕਿਉਂਕਿ ਜਿਹੜੀਆਂ ਫਸਲਾਂ ਬਜਾਰਾਂ ਵਿੱਚ ਮਹਿੰਗੇ ਭਾਅ ਵਿਕਦੀਆਂ ਹਨ ਇਸ ਦਾ ਫਾਇਦਾ ਕਿਸਾਨਾਂ ਨੂੰ ਨਹੀਂ ਮਿਲਦਾ ਜਿਵੇਂ ਕਿ ਆਲੂ ਅੱਜ 15 ਜਾਂ 20 ਰੁਪਏ ਪ੍ਰਤੀ ਕਿਲੋ ਵਿੱਕ ਰਿਹਾ ਹੈ ਉਹ ਆਲੂ 2 ਜਾਂ 3 ਰੁਪਏ ਪ੍ਰਤੀ ਕਿਲੋ ਕਿਸਾਨਾਂ ਤੋਂ ਖਰੀਦਿਆਂ ਜਾਂਦਾ ਹੈ ਜਿਸ ਦਾ ਕਿਸਾਨਾਂ ਨੂੰ ਲਾਭ ਹੋਣ ਦੀ ਬਜਾਏ ਘਾਟਾ ਹੀ ਹੁੰਦਾ ਹੈ। ਇਹ ਹਾਲ ਸਾਰੀਆ ਫਸਲਾਂ ਦਾ ਹੈ ਕਿਸਾਨਾਂ ਵੱਲੋਂ ਆਪਣੀਆਂ ਫਸਲਾਂ ਲਗਾਉਣ ਦੌਰਾਨ ਕੀਤੀ ਗਈ ਸਖਤ ਮਿਹਨਤ ਦਾ ਮੁੱਲ ਕਿਸਾਨਾਂ ਦੀ ਝੋਲੀ ਵਿੱਚ ਪਾਉਣ ਲਈ ਮਾਨ ਸਰਕਾਰ ਵਿਸ਼ੇਸ਼ ਤੌਰ ਤੇ ਕਦਮ ਚੁੱਕਣੇ ਚਾਹੀਦੇ ਹਨ। ਇਹੋ ਜਿਹੀਆਂ ਯੋਜਨਾਵਾਂ ਅਮਲ ਵਿੱਚ ਲਿਆਉਣ ਤਾਂ ਜੋ ਭਵਿੱਖ ਵਿੱਚ ਕਿਸੇ ਕਿਸਾਨ ਨੂੰ ਕਰਜਿਆਂ ਦੀ ਮਾਰ ਹੇਠ ਆਉਣ ਦੀ ਨੌਬਤ ਨਾ ਆਵੇ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਕਿਹਾ ਕਿ ਪੰਜਾਬ ਦਾ ਕਿਸਾਨ ਪੂਰੇ ਦੇਸ਼ ਦਾ ਢਿੱਡ ਭਰਦਾ ਹੈ ਅੱਜ ਉਹੀ ਭੁੱਖਾ ਰਹਿਣ ਲਈ ਮਜਬੂਰ ਹੋ ਰਿਹਾ ਹੈ। ਜੇਕਰ ਅੱਜ ਵੀ ਸਰਕਾਰ ਵੱਲੋਂ ਠੋਸ ਤੇ ਸਖਤ ਕਦਮ ਨਾ ਚੁੱਕੇ ਗਏ ਤਾਂ ਲੋਕ ਖੇਤੀ ਧੰਦਿਆਂ ਵਲ ਜਾਣਾ ਬੰਦ ਕਰ ਦੇਣਗੇ। ਜਿਸ ਦਾ ਆਉਣ ਵਾਲੇ ਸਮੇਂ ਦੌਰਾਨ ਖਮਿਆਜਾ ਪੰਜਾਬ ਵਾਸੀਆਂ ਨੂੰ ਅਨਾਜ ਦੀ ਭਾਰੀ ਕਮੀ ਦੇ ਰੂਪ ਵਿੱਚ ਭੁਗਤਣਾ ਪੈ ਸਕਦਾ ਹੈ। ਮੌਜੂਦਾ ਸਰਕਾਰ ਨੇ ਵੀ ਪਿਛਲੀਆਂ ਸਰਕਾਰਾਂ ਵਾਂਗ ਕਿਸਾਨਾਂ ਦੇ ਜਖਮਾਂ ਤੇ ਲੂਣ ਛਿੜਕਣ ਵਾਲਾ ਕੰਮ ਕਰ ਕਿਸਾਨ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ, ਇਹ ਸਰਕਾਰ ਵੀ ਦਿੱਲੀ ਵਾਲੀਆਂ ਦੀ ਕੱਠਪੁਤਲੀ ਬਣ ਕੇ ਵੱਡੇ-ਵੱਡੇ ਉਦਯੋਗ ਨਾਲ ਸਬੰਧਤ ਪੂੰਜੀਪਤੀਆਂ ਦੇ ਹੱਥੋਂ ਵਿੱਕ ਚੁੱਕੀ ਹੈ ਤੇ ਪੰਜਾਬ ਦੇ ਗਰੀਬ ਕਿਸਾਨ ਵਰਗ ਆਰਥਿਕ ਪੱਖੋਂ ਪਛੜਦਾ ਜਾ ਰਿਹਾ ਹੈ, ਜਿਹੜੀਆਂ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਵਿੱਚ ਆਪ ਦੀ ਸਰਕਾਰ ਬਣੀ ਸੀ ਉਹਨਾਂ ਸਮੱਸਿਆਵਾਂ ਨੂੰ ਭੁਲਾਕੇ ਦਾਲ ਆਟੇ ਦੀਆਂ ਸਕੀਮਾਂ ਵਿੱਚ ਪੰਜਾਬ ਦੇ ਲੋਕਾਂ ਨੂੰ ਉਲਝਾ ਕੇ ਰੱਖਿਆ ਹੋਇਆ ਹੈ। ਜਦੋਂ ਤੱਕ ਕਿਸਾਨਾਂ ਨੂੰ ਸਾਰੀਆਂ ਫਸਲਾਂ ਤੇ ਐਮ.ਐਸ.ਪੀ. ਨਹੀਂ ਮਿਲਦੀ ਹੈ ਉਦੋ ਤੱਕ ਸੰਘਰਸ਼ ਲਗਾਤਾਰ ਜਾਰੀ ਰਹੇਗਾ। ਇਸ ਮੌਕੇ ਪਰਮਜੀਤ ਸਿੰਘ, ਹੁਕਮ ਸਿੰਘ, ਹਰਜੀਤ ਸਿੰਘ, ਗੁਰਦੀਪ ਸਿੰਘ, ਨਰਿੰਦਰ ਪਾਲ ਸਿੰਘ, ਹੈਪੀ ਸਿੰਘ, ਮਾਨ ਸਿੰਘ, ਸੰਤ ਸਿੰਘ, ਪ੍ਰਕਾਸ਼ ਸਿੰਘ, ਬੀ.ਐਮ. ਗੋਤਮ, ਜਗਤਾਰ ਸਿੰਘ, ਸੰਨੀ ਰਾਜਪੁਤ, ਨਰੇਸ਼ ਕੁਮਾਰ, ਸੋਨੂੰ ਸਿੰਘ, ਸਾਮਵੀਰ, ਧਰਮਪਾਲ, ਬਿੱਟੂ ਸਿੰਘ ਆਦਿ ਹਾਜਰ ਸਨ।







# ਫ਼ੈਸ਼ਨ ਕੋਰਿਓਗ੍ਰਾਫ਼ੀ
# ਕ੍ਰਿਏਟੀਵਿਟੀ ਨਾਲ ਸਜਾਓ ਖ਼ੂਬਸੂਰਤ ਕਰੀਅਰ

ਕਿਸੇ ਵੀ ਫ਼ੈਸ਼ਨ ਸ਼ੋਅ ਦੀ ਸਫ਼ਲਤਾ ਸਿਰਫ਼ ਡਿਜ਼ਾਈਨਰ ਦੁਆਰਾ ਤਿਆਰ ਕੀਤੇ ਗਏ ਖ਼ੂਬਸੂਰਤ ਕੱਪੜਿਆਂ ’ਤੇ ਹੀ ਨਿਰਭਰ ਨਹੀਂ ਕਰਦੀ, ਬਲਕਿ ਮਾਡਲਜ਼ ਨੇ ਉਨ੍ਹਾਂ ਕੱਪੜਿਆਂ ਨੂੰ ਕਿੰਨੀ ਖ਼ੂਬਸੂਰਤੀ ਨਾਲ ਪਹਿਨਿਆ ਹੈ, ਉਨ੍ਹਾਂ ਨੂੰ ਪਹਿਨ ਕੇ ਕਿਸ ਅੰਦਾਜ਼ ਨਾਲ ਐਂਟਰੀ ਕਰਦੀਆਂ ਹਨ, ਉਨ੍ਹਾਂ ਦੇ ਚੱਲਣ ਅਤੇ ਖੜ੍ਹੇ ਹੋਣ ਦਾ ਅੰਦਾਜ਼ ਕਿਹਾ ਜਿਹਾ ਹੈ, ਸ਼ੋਅ ਸਟਾਪਰ ਦੇ ਨਾਲ ਚੱਲਣ ਵਾਲੀਆਂ ਮਾਡਲਜ਼ ਕਿਵੇਂ ਅਤੇ ਕਿੱਥੇ ਖੜੀਆਂ ਹੁੰਦੀਆਂ ਹਨ, ਇਹ ਬਾਰੀਕੀਆਂ ਦਰਸ਼ਕਾਂ ਦਾ ਧਿਆਨ ਆਕਰਸ਼ਕ ਕਰਨ ’ਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਫ਼ੈਸ਼ਨ ਸ਼ੋਅ ਨਾਲ ਜੁੜੀਆਂ ਇਨ੍ਹਾਂ ਮਹੱਤਵਪੂਰਨ ਗੱਲਾਂ ’ਤੇ ਪਾਰਖ਼ੂ ਨਜ਼ਰ ਰੱਖਣ ਵਾਲੇ ਦੀ ਜ਼ਿੰਮੇਵਾਰੀ ਹੁੰਦੀ ਹੈ- ਫ਼ੈਸ਼ਨ ਕੋਰਿਓਗ੍ਰਾਫ਼ਰ ਦੀ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਇਕ ਫ਼ੈਸ਼ਨ ਸ਼ੋਅ ਨੂੰ ਦੂਜਿਆਂ ਤੋਂ ਵੱਖ ਅਤੇ ਸਫ਼ਲ ਬਣਾਉਣ ’ਚ ਫ਼ੈਸ਼ਨ ਕੋਰਿਓਗ੍ਰਾਫ਼ਰ ਦਾ ਯੋਗਦਾਨ ਕਾਫ਼ੀ ਮਹੱਤਵਪੂਰਨ ਹੁੰਦਾ ਹੈ।

### ਚੁਣੌਤੀਆਂ

ਇਕ ਫ਼ੈਸ਼ਨ ਕੋਰਿਓਗ੍ਰਾਫ਼ਰ ਨੂੰ ਇਕ ਸਮੇਂ ਕਈ ਸਾਰੇ ਕੰਮ ਕਰਨੇ ਹੁੰਦੇ ਹਨ। ਉਸ ਨੂੰ ਫ਼ੈਸ਼ਨ ਸ਼ੋਅ ਦੀ ਥੀਮ ਤੇ ਮਿਊਜ਼ਿਕ ਦੀ ਚੋਣ, ਮਾਡਲਜ਼ ਤੇ ਡਿਜਾਈਨਰ ਤੋਂ ਡ੍ਰੈੱਸ ਦੀ ਫਿਟਿੰਗ ਚੈੱਕ ਕਰਾਉਣਾ, ਸ਼ੋਅ ਨੂੰ ਡਾਇਰੈਕਟ ਕਰਨਾ, ਡੀਜੇ ਮਿਊਜ਼ਿਕ ਅਤੇ ਲਾਈਟ ਇੰਜੀਨੀਅਰ ਨਾਲ ਕੋਆਰਡੀਨੇਟ ਕਰਨਾ ਹੁੰਦਾ ਹੈ। ਇਸ ਕਾਰਨ ਇਸ ਪ੍ਰੋਫੈਸ਼ਨ ਨੂੰ ਅਪਨਾਉਣ ਵਾਲੇ ਵਿਦਿਆਰਥੀਆਂ ’ਚ ਚੀਜ਼ਾਂ ਨੂੰ ਬਾਰੀਕੀ ਨਾਲ ਦੇਖਣ ਦੀ ਖ਼ੂਬੀ, ਲੰਮੇ ਸਮੇਂ ਤਕ ਕੰਮ ਕਰਨ ਦੀ ਸਮਰੱਥਾ, ਰੰਗਾਂ ਅਤੇ ਸਟਾਈਲ ਦੀ ਚੰਗੀ ਸਮਝ, ਆਪਣੀ ਗੱਲ ਨੂੰ ਚੰਗੀ ਤਰ੍ਹਾਂ ਨਾਲ ਕਮਿਊਨੀਕੇਟ ਕਰਨ ਦਾ ਸਕਿੱਲ ਅਤੇ ਫ਼ੈਸ਼ਨ ਸ਼ੋਅ ਨੂੰ ਸਫ਼ਲ ਬਣਾਉਣ ਦੌਰਾਨ ਆਉਣ ਵਾਲੀਆਂ ਵੱਖ-ਵੱਖ ਚਣੌਤੀਆਂ ਦਾ ਸਾਹਮਣਾ ਕਰਨ ਦੇ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ।

### ਸੰਭਾਵਨਾਵਾਂ

ਫ਼ੈਸ਼ਨ ਸ਼ੋਅ, ਇਡਸਟਰੀ ’ਚ ਹੋ ਰਹੀਆਂ ਤਬਦੀਲੀਆਂ ਨੂੰ ਜਾਣਨ ਦਾ ਬਿਹਤਰੀਨ ਮਾਧਿਅਮ ਹੈ। ਇਸ ਲਈ ਵੱਖ-ਵੱਖ ਬ੍ਰਾਂਡ ਦੁਆਰਾ ਹਰ ਦਿਨ ਫ਼ੈਸ਼ਨ ਸ਼ੋਅ ਆਰਗਨਾਈਜ਼ ਕੀਤੇ ਜਾਂਦੇ ਹਨ। ਅਜਿਹੇ ’ਚ ਫ਼ੈਸ਼ਨ ਦੇ ਖੇਤਰ ’ਚ ਫ਼ੈਸ਼ਨ ਕੋਰੀਓਗ੍ਰਾਫ਼ਰਜ਼ ਲਈ ਸੰਭਾਵਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇੱਥੇ ਡਿਜ਼ਾਈਨਰਜ਼ ਤੋਂ ਲੈ ਕੇ ਫ਼ੈਸ਼ਨ ਬ੍ਰਾਂਡ ਤਕ ਆਪਣੇ ਸ਼ੋਅ ਨੂੰ ਹਿੱਟ ਬਣਾਉਣ ਲਈ ਕੈਟਵਾਕ ਕੋਰੀਓਗ੍ਰਾਫ਼ਰ ਨੂੰ ਹਾਇਰ ਕਰ ਰਹੇ ਹਨ। ਨੌਜਵਾਨਾਂ ’ਚ ਫ਼ੈਸ਼ਨ ਦੇ ਕ੍ਰੇਜ ਨੂੰ ਦੇਖਦੇ ਹੋਏ ਕਾਲਜਾਂ ’ਚ ਵੀ ਫ਼ੈਸ਼ਨ ਸ਼ੋਅ ਕਰਵਾਏ ਜਾ ਰਹੇ ਹਨ। ਫ਼ੈਸ਼ਨ ਕੋਰੀਓਗ੍ਰਾਫ਼ਰ ਦੇ ਰੂਪ ’ਚ ਤੁਹਾਡੇ ਲਈ ਕੰਮਾਂ ਦੇ ਹਜ਼ਾਰਾਂ ਮੌਕੇ ਉਪਲਬਧ ਹਨ।

### ਅਨੁਭਵ ਨਾਲ ਵੱਧਦੀ ਆਮਦਨ

*ਇਕ ਫ਼ੈਸ਼ਨ ਕੋਰੀਓਗ੍ਰਾਫ਼ਰ ਦੇ ਰੂਪ ’ਚ ਤੁਸੀਂ ਕਿੰਨਾ ਕਮਾ ਸਕਦੇ ਹੋ। ਇਹ ਪੂਰੀ ਤਰ੍ਹਾਂ ਤੁਹਾਡੀ ਰੁਚੀ ਅਤੇ ਤੁਹਾਡੇ ਦੁਆਰਾ ਕੀਤੀ ਕੋਰਿਓਗ੍ਰਾਫਿਕ ਫ਼ੈਸ਼ਨ ਸ਼ੋਅ ਦੀ ਸਫ਼ਲਤਾ ’ਤੇ ਨਿਰਭਰ ਕਰਦਾ ਹੈ। ਸ਼ੁਰੂਆਤੀ ਸਮੇਂ ’ਚ ਤੁਸੀਂ ਕਿਸੇ ਅਨੁਭਵੀ ਕੋਰਿਓਗ੍ਰਾਫ਼ੀ ਕੋਲ ਅਸਿਸਟੈਂਟ ਦੇ ਰੂਪ ’ਚ 15 ਤੋਂ 20 ਹਜ਼ਾਰ ਤਕ ਦੀ ਤਨਖ਼ਾਹ ਪ੍ਰਾਪਤ ਕਰ ਸਕਦੇ ਹੋ। ਸਮੇਂ ਅਤੇ ਅਨੁਭਵ ਨਾਲ ਤੁਸੀਂ ਜਿੰਨੇ ਜ਼ਿਆਦਾ ਸ਼ੋਅ ਨੂੰ ਸਫ਼ਲ ਬਣਾ ਸਕੋਗੇ, ਤੁਹਾਡੀ ਕਮਾਈ ਵੀ ਉਸ ਅਨੁਸਾਰ ਤੈਅ ਹੋਵੇਗੀ।*

### ਪੜ੍ਹਾਈ

*ਫ਼ੈਸ਼ਨ ਕੋਰਿਓਗ੍ਰਾਫ਼ਰ ਬਣਨ ਲਈ ਵਿਦਿਆਰਥੀ ਦਾ ਕਿਸੇ ਵਿਸ਼ੇਸ਼ ਵਿਸ਼ੇ ਨਾਲ ਪਾਸ ਹੋਣਾ ਜ਼ਰੂਰੀ ਨਹੀਂ ਹੁੰਦਾ, ਬਲਕਿ ਇਸ ਖੇਤਰ ’ਚ ਉਹ ਆਪਣੀ ਰੁਚੀ ਨਾਲ ਸਫ਼ਲਤਾ ਦਾ ਸਫ਼ਰ ਤੈਅ ਕਰਦਾ ਹੈ। ਇਹ ਹੀ ਕਾਰਨ ਹੈ ਕਿ ਸੰਸਥਾਵਾਂ ਦੁਆਰਾ ਫ਼ੈਸ਼ਨ ਕੋਰਿਓਗ੍ਰਾਫ਼ਰ ਲਈ ਸਿੱਧੇ ਤੌਰ ’ਤੇ ਕਿਸੇ ਤਰ੍ਹਾਂ ਦੇ ਕੋਰਸ ਦੀ ਸ਼ੁਰੂਆਤ ਨਹੀਂ ਕੀਤੀ ਜਾਂਦੀ। ਫ਼ੈਸ਼ਨ ਡਿਜਾਈਨਿੰਗ ਤਹਿਤ ਹੀ ਇਸ ਨਾਲ ਸਬੰਧਤ ਸਿੱਖਿਆ ਪ੍ਰਾਪਤ ਕੀਤੀ ਜਾ ਸਕਦੀ ਹੈ। ਨੈਸ਼ਨਲ ਇੰਸਟੀਚਿਊਟ ਆਫ਼ ਟੈਕਨਾਲੋਜੀ ਤੇ ਹੋਰ ਕਈ ਸੰਸਥਾਵਾਂ ਹਨ, ਜੋ ਫ਼ੈਸ਼ਨ ਡਿਜਾਈਨਿੰਗ ਦੇ ਤਹਿਤ ਫ਼ੈਸ਼ਨ ਕੋਰਿਓਗ੍ਰਾਫ਼ੀ ਦਾ ਕੋਰਸ ਕਰਾਉਂਦੇ ਹਨ। ਕਿਸੇ ਵੀ ਵਿਸ਼ੇ ’ਚ ਘੱਟ ਤੋਂ ਘੱਟ 50 ਫ਼ੀਸਦੀ ਅੰਕਾਂ ਨਾਲ ਬਾਰ੍ਹਵੀਂ ਪਾਸ ਕਰਨ ਵਾਲੇ ਵਿਦਿਆਰਥੀ ਫ਼ੈਸ਼ਨ ਡਿਜਾਈਨਿੰਗ ਦੇ ਕੋਰਸ ’ਚ ਦਾਖ਼ਲਾ ਲੈ ਸਕਦੇ ਹਨ। ਇਸ ਤਹਿਤ ਤੁਸੀਂ ਚਾਹੋ ਤਾਂ ਕਿਸੇ ਅਨੁਭਵੀ ਫ਼ੈਸ਼ਨ ਕੋਰਿਓਗ੍ਰਾਫ਼ਰ ਦੇ ਨਾਲ ਸਹਾਇਕ ਦੇ ਰੂਪ ’ਚ ਜੁੜ ਕੇ ਵੀ ਫ਼ੈਸ਼ਨ ਕੋਰਿਓਗ੍ਰਾਫ਼ੀ ਦੀਆਂ ਬਾਰੀਕੀਆਂ ਸਿਖ ਸਕਦੇ ਹੋ।*

### ਕਿੱਥੋਂ ਕਰੀਏ ਕੋਰਸ

- ਨੈਸ਼ਨਲ ਇੰਸਟੀਚਿਊਟ ਆਫ਼ ਫ਼ੈਸ਼ਨ ਟੈਕਨਾਲੋਜੀ, ਨਵੀਂ ਦਿੱਲੀ www.nift.ac.in
- ਨੈਸ਼ਨਲ ਇੰਸਟੀਚਿਊਟ ਆਫ਼ ਡਿਜ਼ਾਈਨ, ਅਹਿਮਦਾਬਾਦ www.nid.edu
- ਏਪੀਜੀ ਸ਼ਿਮਲਾ ਯੂਨੀਵਰਸਿਟੀ, ਸ਼ਿਮਲਾ www.apg.edu.in
- ਸਕੂਲ ਆਫ਼ ਫ਼ੈਸ਼ਨ ਟੈਕਨਾਲੋਜੀ, ਪੁਨੇ www.soft.ac.in •

# ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ

• **ਰਾਜਵਿੰਦਰ ਰੌਂਤਾ**
98764-86187

ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ ਗੁਰੂ ਚੇਲੇ ਦਾ ਰਿਸ਼ਤਾ ਹੈ। ਕਹਾਵਤ ਵੀ ਹੈ ਕਿ ਗੁਰੂ ਬਿਨਾਂ ਗਤ ਨਹੀਂ ਸ਼ਾਹ ਬਿਨਾਂ ਪੱਤ ਨਹੀਂ। ਅੱਜ ਦੇ ਪਦਾਰਥਵਾਦੀ ਯੁੱਗ ਨੇ ਹੋਰਨਾਂ ਰਿਸ਼ਤਿਆਂ ਵਾਂਗ ਸਵਾਰਥ ਭਰ ਦਿੱਤਾ ਹੈ। ਸਕੂਲ ਦੇ ਨਿੱਜੀਕਰਨ ਤੇ ਆਪਸੀ ਮੁਕਾਬਲੇਬਾਜ਼ ਦੇ ਯੁੱਗ ਵਿਚ ਦਾਖ਼ਲਾ ਪੂਰਤੀ ਲਈ ਅਣਦੇਖਿਆ ਜਾਂ ਚੁੱਪ ਵੱਟਣ ਦੀਆਂ ਕਨਸੋਆਂ ਅਕਸਰ ਹੀ ਮਿਲਦੀਆਂ ਹਨ।

ਵਿਦਿਆਰਥੀ ਨੂੰ ਲੋੜੋਂ ਵੱਧ ਢਿੱਲ ਤੇ ਲੋੜੋਂ ਵੱਧ ਸਖ਼ਤੀ ਕਈ ਵਾਰ ਗੰਭੀਰ ਰੂਪ ਧਾਰਨ ਕਰ ਬਹਿੰਦੀ ਹੈ ਅਤੇ ਕਈ ਵਾਰ ਦੁੱਖਦਾਇਕ ਤੇ ਦਿਲ ਨੂੰ ਝੰਜੋੜਨ ਵਾਲੀਆਂ ਤੇ ਸ਼ਰਮਨਾਕ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਜਿਸ ਨਾਲ ਗੁਰੂ ਚੇਲੇ ਦਾ ਰਿਸ਼ਤਾ ਵੀ ਪਤਿਤ ਹੁੰਦਾ ਹੈ। ਅਧਿਆਪਕ ਤੇ ਵਿਦਿਆਰਥੀ ਦੇ ਰਿਸ਼ਤੇ ਵਿਚਲੀਆਂ ਸਾਂਝਾਂ ਨੂੰ ਪੀਡੀਆਂ ਕਰਨ ਲਈ ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਦੀ ਲੋੜ ਹੈ। ਅਧਿਆਪਕ ਤੇ ਬੱਚੇ ਦਾ ਰਿਸ਼ਤਾ ਮਾਪਿਆਂ ਵਰਗਾ ਹੋਵੇ ਕਿਉਂਕਿ ਮਾਪੇ ਅਧਿਆਪਕ ’ਤੇ ਵਿਸ਼ਵਾਸ ਕਰ ਕੇ ਮਾਪਾ ਸਮਝ ਕੇ ਛੱਡ ਕੇ ਜਾਂਦੇ ਹਨ।

ਵਿਦਿਆਰਥੀ ਦੇ ਕੋਮਲ ਮਨ ’ਤੇ ਹਰ ਘਟਨਾ ਤੇ ਹਰ ਗੱਲ ਅਸਰ ਕਰਦੀ ਹੈ। ਵਿਦਿਆਰਥੀ ਦੇ ਮਨ ਵਿਚ ਇਹ ਗੱਲ ਬਿਠਾਉਣ ਦੀ ਲੋੜ ਹੈ ਕਿ ਅਧਿਆਪਕ ਉਸ ਦਾ ਗੁਰੂ ਹੈ ਜੋ ਕਿ ਰੱਬ ਸਮਾਨ ਹੈ। ਜੋ ਕਦੇ ਵੀ ਆਪਣੇ ਵਿਦਿਆਰਥੀ ਦਾ ਬੁਰਾ ਨਹੀਂ ਕਰ ਸਕਦਾ। ਵਿਦਿਆਰਥੀ ਤੇ ਅਧਿਆਪਕ ਦਾ ਗੁਰੂ ਚੇਲੇ ਦਾ ਰਿਸ਼ਤਾ ਪਵਿੱਤਰ ਤੇ ਸਵਾਰਥ ਰਹਿਤ ਹੈ। ਇਸ ਰਿਸ਼ਤੇ ਤੋਂ ਨੇੜਲਾ ਰਿਸ਼ਤਾ ਕੋਈ ਨਹੀਂ ਹੈ ਜਿਸਦਾ ਇਤਿਹਾਸ ਵੀ ਗਵਾਹ ਹੈ। ਬੱਚੇ ਦੀ ਕਮਾਈ ’ਚੋਂ ਭੋਰਾ ਹਿੱਸਾ ਵੀ ਅਧਿਆਪਕ ਨੂੰ ਨਹੀਂ ਜਾਣਾ ਹੁੰਦਾ ਇਸ ਲਈ ਅਧਿਆਪਕ ਮਹਾਨ ਅਤੇ ਸਤਿਕਾਰਯੋਗ ਹੈ। ਅਧਿਆਪਕ ਨੂੰ ਵੀ ਅੱਜ



ਦੇ ਸੰਦਰਭ ਵਿਚ ਸਵੈ-ਚਿੰਤਨ ਕਰਨ ਦੀ ਲੋੜ ਹੈ। ਪੁਰਾਣੇ ਸਮੇਂ ਵਿਚ ਮਾਪੇ ਆਪ ਕਹਿੰਦੇ ਸਨ ਕਿ ਇਹਨੂੰ ਕੁਟਿਆ ਕਰੋ ਜੀ, ਪੜ੍ਹਦਾ ਨਹੀਂ ਜਾਂ ਜਿੰਨਾਂ ਮਰਜੋ ਕੁੱਟੋ ਮਾਰੋ, ਬਸ ਪੜ੍ਹਨਾ ਚਾਹੀਦਾ ਹੈ। ਹੁਣ ਵਕਤ ਦਾ ਤਕਾਜਾ ਸਮਝਣ ਦੀ ਵੀ ਲੋੜ ਹੈ।

ਅਧਿਆਪਕ ਵੀ ਵਿਦਿਆਰਥੀ ਨੂੰ ਗੁੱਸੇ ਨਾਲ ਜਾਂ ਕਿਸੇ ਰੰਜਸ਼ ਤਹਿਤ ਪਸ਼ੂਆਂ ਵਾਂਗ ਗਿੱਦੜ ਕੁੱਟ ਨਾ ਕੁੱਟੇ। ਜੇ ਅਧਿਆਪਕ ਕਿਸੇ ਮਾਨਸਿਕ ਰੋਗ ਜਾਂ ਤਣਾਅ ਤੋਂ ਪੀੜਤ ਹੈ ਤਾਂ ਛੁੱਟੀ ਲੈ ਲੈਣੀ ਚਾਹੀਦੀ ਹੈ। ਅਧਿਆਪਕ ਦਾ ਹੁਲਾਸ ਭਰਿਆ ਮਨ ਚੰਗੀ ਸਿੱਖਿਆ ਤੇ ਵਿਦਿਆਰਥੀ ਦੇ ਸਰਬਪੱਖੀ ਵਿਕਾਸ ਲਈ ਕਾਰਗਰ ਸਾਬਤ ਹੋ ਸਕਦਾ ਹੈ। ਕਈ ਵਾਰ ਵਿਦਿਆਰਥੀ ਨੂੰ ਭਰੀ ਸਭਾ ਵਿਚ ਮਿਲੀ ਵੱਡੀ ਸਜ਼ਾ ਉਸ ਦਾ ਦਿਮਾਗ਼ ਘੁੰਮਾ ਕੇ ਮਰਨ ਮਾਰਨ ਤੱਕ ਵੀ ਪਹੁੰਚਾ ਦਿੰਦੀ ਹੈ। ਉਸਨੂੰ ਪਿਆਰ ਨਾਲ ਉਸਦੀ ਗ਼ਲਤੀ ਦਾ ਅਹਿਸਾਸ ਕਰਵਾਇਆ ਜਾਵੇ। ਦੇਖਿਆ ਗਿਆ ਹੈ ਕਿ ਅੱਜ ਦਾ ਮਾਸੂਮ ਬੱਚਾ ਵੀ, ਓਏ ਨਹੀਂ ਸਹਾਰਦਾ। ਗੁੱਸੇ ਦੀ ਬਜਾਇ ਮੋਹ ਦੀ ਭਾਸ਼ਾ ਹਰ ਮਰਜ਼ ਦੀ ਦਵਾ ਮੰਨੀ ਜਾਂਦੀ ਹੈ। ਮੁਆਫ਼ ਕਰਨਾ, ਮੁਆਫ਼ੀ ਮੰਗਣਾਂ ਅਤੇ ਗ਼ਲਤੀ ਸੁਧਾਰਨ ਦਾ ਮੌਕਾ ਦੇਣਾ ਬਹੁਤ ਵੱਡੇ ਇਨਸਾਨੀ ਗੁਣ ਮੰਨੇ ਜਾਂਦੇ ਹਨ। ਸਮੂਹ ਅਧਿਆਪਕ ਵਰਗ ਨੂੰ ਸੁਚੇਤ ਹੋ ਸਵੇਰ ਦੀ ਸਭਾ ਵਿਚ ਦੁਖਦਾਈ ਘਟਨਾ ਬਾਰੇ ਸਾਰੇ ਵਿਦਿਆਰਥੀਆਂ ਨਾਲ ਵਿਚਾਰ ਚਰਚਾ ਕਰਵਾਉਣ ਦੀ ਲੋੜ ਹੈ। ਅਧਿਆਪਕ ਵੀ ਮਿਲ ਬੈਠ ਕੇ ਸਮੁੱਚੇ ਰੂਪ ਵਿਚ ਚਿੰਤਨ ਕਰਨ ਤਾਂ ਜੋ ਭਵਿੱਖ ਵਿਚ ਵਿਦਿਆਰਥੀ ਦੇ ਮਨ ਵਿਚ ਆਪਣੇ ਗੁਰੂ ਅਧਿਆਪਕ ’ਤੇ ਹੱਥ ਚੁੱਕਣ ਦਾ ਖਿਆਲ ਤੱਕ ਨਾ ਆਵੇ। ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ ਪੁੱਤਾਂ ਧੀਆਂ ਤੋਂ ਨੇੜਲਾ ਬਣ ਸਕੇ। •

# ਲਾਇਲਪੁਰ ਖ਼ਾਲਸਾ ਕਾਲਜ ਦੀਆਂ ਨਵੀਆਂ ਵਿੱਦਿਅਕ ਪੇਸ਼ਕਸ਼ਾਂ

• **ਪ੍ਰੋ: ਸੁਦੀਪ ਸਿੰਘ ਢਿੱਲੋਂ**
9888787220

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਇਕ ਅਜਿਹੀ ਵਿੱਦਿਅਕ ਸੰਸਥਾ ਹੈ ਜਿਸ ਨੇ ਵਿੱਦਿਆ ਦੇ ਖੇਤਰ ਵਿਚ ਨਿੱਤ ਨਵੀਆਂ ਪੁਲਾਂਘਾ ਪੁੱਟਦੇ ਹੋਏ ਇਕ ਬੇਹੱਦ ਖ਼ਾਸ ਮੁਕਾਮ ਹਾਸਲ ਕੀਤਾ ਹੈ। ਜਿਸ ਵੇਲੇ ਸਾਡੇ ਪੰਜਾਬ ਅੰਦਰ ਸਿੱਖਿਆ ਅਤੇ ਵਿੱਦਿਅਕ ਖੇਤਰ ਦੇ ਹਾਲਾਤ ਉੱਤੇ ਸਿੱਖਿਆ ਸ਼ਾਸਤਰੀ ਅਤੇ ਸੂਝਵਾਨ ਲੋਕ ਚਿੰਤਾ ਕਰ ਰਹੇ ਹਨ ਉਸ ਵੇਲੇ ਇਕ ਵਿੱਦਿਅਕ ਅਦਾਰਾ ਅਜਿਹਾ ਵੀ ਹੈ ਜੋ ਪੂਰੇ ਪੰਜਾਬ ਅਤੇ ਖਾਸਕਰ ਦੁਆਬੇ ਲਈ ਨਿੱਤ ਦਿਨ ਨਵਾਂ ਮਾਣ ਹਾਸਲ ਕਰ ਰਿਹਾ ਹੈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਨਵੇਂ ਵਿੱਦਿਅਕ ਸੈਸ਼ਨ ਭਾਵ ਇਸ ਵਾਰ ਦੇ 2018-19 ਸੈਸ਼ਨ ਲਈ ਕਾਲਜ ਦੀ ਤਾਜ਼ਾ ਤਰੀਨ ਪਹਿਲਕਦਮੀ ਵਿਦਿਆਰਥੀਆਂ ਨੂੰ ਨਵੇਂ ਕੋਰਸ ਮੁਹੱਈਆ ਕਰਾਉਣ ਦੇ ਖੇਤਰ ਵਿਚ ਹੋਈ ਹੈ। ਜਿੱਥੇ ਕਾਲਜ ਨੇ ਐੱਮਏ. ਸੰਗੀਤ (ਵੋਕਲ), ਬੀਏ. ਵਿਦ ਸਾਈਕਾਲੋਜੀ (ਕੋ-ਐਡ), ਡਿਪਲੋਮਾ ਇਨ ਕੰਪਿਊਟਰ ਐਨੀਮੇਸ਼ਨ ਦੇ ਨਾਲ-ਨਾਲ ਸਰਟੀਫਿਕੇਸ਼ਨ ਕੋਰਸ ਇਨ ਉਰਦੂ ਵੀ ਸ਼ੁਰੂ ਕਰ ਕਰ ਦਿੱਤਾ ਹੈ। ਇਹ ਸਾਰੇ ਉਹ ਕੋਰਸ ਹਨ ਜੋ ਵਿਦਿਆਰਥੀਆਂ ਨੂੰ ਅੱਜ ਦੇ ਸਮੇਂ ਅਨੁਸਾਰ ਢੁੱਕਵੀਂ ਅਤੇ ਲੀਕ ਤੋਂ ਹਟਕੇ ਵਿੱਦਿਆ ਪ੍ਰਦਾਨ ਕਰਨਗੇ।

ਕਿਸੇ ਵੀ ਵਿੱਦਿਅਕ ਅਦਾਰੇ ਦਾ ਮੁੱਖ ਕੰਮ ਹੈ ਪੜ੍ਹਾਈ ਲਿਖਾਈ ਅਤੇ ਇੱਥੋਂ ਹੀ ਲਾਇਲਪੁਰ ਖ਼ਾਲਸਾ ਕਾਲਜ ਦੀਆਂ ਪ੍ਰਾਪਤੀਆਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਲਾਇਲਪੁਰ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਪਿਛਲੇ ਤਿੰਨ ਸਾਲਾਂ ਵਿਚ ਯੂਨੀਵਰਸਿਟੀ ਇਮਤਿਹਾਨਾਂ ਵਿਚ ਸੈਂਕੜਿਆਂ ਦੇ ਹਿਸਾਬ ਨਾਲ ਮੈਰਿਟ ਸਥਾਨ ਪ੍ਰਾਪਤ ਕੀਤੇ ਹਨ। ਠੀਕ ਇਸੇ ਤਰ੍ਹਾਂ ਨਾਲ ਖੇਡਾਂ ਦੇ ਖੇਤਰ ਵਿਚ ਬਹੁਤ ਫ਼ਖਰ ਵਾਲੀ ਗੱਲ ਹੈ ਕਿ ਕਾਲਜ ਦੇ ਖਿਡਾਰੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਟੀ ਦੀ ‘ਤੇਜਾ ਸਿੰਘ ਸਮੁੰਦਰੀ ਓਵਰਆਲ ਜਨਰਲ ਚੈਪੀਅਨਸ਼ਿਪ ਟਰਾਫੀ’ ਰਿਕਾਰਡ 22 ਵਾਰ ਜਿੱਤੀ ਹੈ ਅਤੇ ਕਾਲਜ ਦੇ ਖਿਡਾਰੀ ਯੂਨੀਵਰਸਿਟੀ ਦੀ ਟੀਮ ਦੇ ਨਾਲ-ਨਾਲ ਕੌਮੀ ਤੇ ਕੌਮਾਂਤਰੀ ਪਧਰ ਉੱਤੇ ਮੱਲਾਂ ਮਾਰ ਰਹੇ ਹਨ। ਰਾਸ਼ਟਰੀ ਪੱਧਰ ਉੱਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀਆਂ ਸੱਭਿਆਚਾਰਕ ਟੀਮਾਂ ਅਤੇ ਉਨ੍ਹਾਂ ਦੀ ਕਾਮਯਾਬੀ ਵਿਚ ਵੀ ਲਾਇਲਪੁਰ ਖ਼ਾਲਸਾ ਕਾਲਜ ਦਾ ਹਮੇਸ਼ਾ ਭਾਰੀ ਯੋਗਦਾਨ ਹੁੰਦਾ ਹੈ।

ਕਾਲਜ ਵੱਲੋਂ ਖਿਡਾਰੀਆਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੇ ਨਾਲ-ਨਾਲ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ, ਲੋੜਵੰਦਾਂ ਅਤੇ ਵੱਖ-ਵੱਖ ਵਜ਼ੀਫਿਆਂ ਤਹਿਤ ਕੁੱਲ ਮਿਲਾ ਕੇ 35-40 ਤਰੀਕਿਆਂ ਨਾਲ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਅਤੇ ਹੌਂਸਲਾ ਅਫਜ਼ਾਈ ਕੀਤੀ ਜਾਂਦੀ ਹੈ। ਕਾਲਜ ਵੱਲੋਂ ਹਰ ਸਾਲ ਵਿਦਿਆਰਥੀਆਂ ਨੂੰ ਉਚੇਰੀ ਵਿਦਿਆਂ ਪ੍ਰਾਪਤ ਕਰਨ ਲਈ 10 ਲੱਖ ਦੀ ਮਾਈਕਲ ਸਹਿਗਲ ਸਕਾਲਰਸ਼ਿਪ ਵੀ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਪਲੇਸਮੈਂਟ ਵਿਭਾਗ ਰਾਹੀਂ ਜ਼ਿੰਮੇਵਾਰੀ ਨਾਲ ਕਾਲਜ ਦੇ ਵਿਦਿਆਰਥੀਆਂ ਦਾ ਭਵਿੱਖ ਵੀ ਬਣਾਇਆ ਜਾ ਰਿਹਾ ਹੈ। ਇਸ ਕਾਲਜ ਨਾਲ ਸਬੰਧਤ ਹਰ ਸ਼ਖ਼ਸ ਇਸ ਗੱਲ ਨਾਲ ਸਹਿਮਤ ਹੈ ਕਿ ਕਾਲਜ ਗਵਰਨਿੰਗ ਕੌਂਸਲ ਦੀ ਪ੍ਰਧਾਨ ਸਰਦਾਰਨੀ ਬਲਬੀਰ ਕੌਰ ਦੀ ਸੁਚੱਜੀ ਅਗਵਾਈ ਅਤੇ ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਦੀ ਦੇਖ-ਰੇਖ ਹੇਠ ਕਾਲਜ ਦੁਆਰਾ ਕੀਤੀਆਂ ਵਿਲੱਖਣ ਪ੍ਰਾਪਤੀਆਂ ਕਾਰਨ ਹੀ ਇਹ ਐਵਾਰਡ ਮਿਲੇ ਹਨ। ਕਾਲਜ ਨੂੰ ਪਿਛਲੇ ਪੰਜ ਸਾਲਾਂ ਵਿਚ ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਕੋਲੋਂ ਇਨਫਰਾਸਟਰਕਚਰ ਰਿਸਰਚ ਗਰਾਂਟ, ਡਿਵੈਲਪਮੈਂਟ ਗਰਾਂਟ, ਫਿਸਟ ਲੈਵਲ-ਓ ਕੈਟਾਗਿਰੀ ਗਰਾਂਟ, ਸਟਾਰ ਕਾਲਜ ਸਕੀਮ, ਰਿਸਰਚ ਪ੍ਰੋਜੈਕਟ ਗਰਾਂਟ ਤੋਂ ਇਲਾਵਾ ਕਾਨਫਰੰਸਾਂ, ਵਰਕਸ਼ਾਪ ਅਤੇ ਸੈਮੀਨਾਰਾਂ ਆਦਿ ਵਾਸਤੇ ਗਰਾਟਾਂ ਲਗਾਤਾਰ ਮਿਲੀਆਂ ਹਨ।

ਕਾਲਜ ਦੀਆਂ ਵਿੱਦਿਆ ਦੇ ਖੇਤਰ ਵਿਚ ਮਾਣਮੱਤੀਆਂ ਪ੍ਰਾਪਤੀਆਂ ਸਦਕਾ ‘ਸਕਿੱਲ ਕਾਉਂਸਿਲ ਆਫ਼ ਇੰਡੀਆ’ ਦੁਆਰਾ ਲਗਾਤਾਰ ਕੋਰਸ ਦਿੱਤੇ ਜਾ ਰਹੇ ਹਨ। ਕਾਲਜ ਵਿਚ ਪੜ੍ਹਾਈ ਕਰ ਰਹੇ ਅਤੇ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਲਈ ਚੰਗੀ ਗੱਲ ਇਹ ਹੈ ਕਿ ਇਹ ਸਮੂਹ ਗ੍ਰਾਂਟਾਂ ਕਾਲਜ ਵਿਚ ਅਧਿਆਪਨ ਦਾ ਮਿਆਰ ਵਧਾਉਣ ਲਈ, ਖੋਜ ਕੇਂਦਰ ਅਧਿਆਪਨ ਲਈ, ਕਾਲਜ ਵਿਚ ਉਪਕਰਨ ਲੈਬ ਸਥਾਪਤ ਕਰਨ ਲਈ, ਵੱਡੇ ਪੱਧਰ ’ਤੇ ਡਾਟਾ ਨਿਰੀਖਣ ਕਰਨ ਲਈ ਅਤੇ ਵਿਦਿਆਰਥੀਆਂ ਦੀ ਖੋਜ ਕੇਂਦਰਤ ਪੜ੍ਹਾਈ ਕਰਨ ਲਈ ਖ਼ਰਚ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਸਿਧੇ ਤੌਰ ਉੱਤੇ ਵਿਦਿਆਰਥੀਆਂ ਨੂੰ ਫਾਇਦਾ ਹੋਇਆ ਹੈ। ਇਸ ਤੋਂ ਪਹਿਲਾਂ, ਯੂਨੀਵਰਸਿਟੀ ਗ੍ਰਾਂਟ ਕਮਿਸ਼ਨ ਭਾਵ ਯੂ.ਜੀ.ਸੀ ਵਲੋਂ ਕਾਲਜ ਨੂੰ ‘ਪੋਟੈਂਸ਼ੀਅਲ ਫਾਰ ਐਕਸੀਲੈਂਸ’ ਦਾ ਵੱਕਾਰੀ ਐਵਾਰਡ ਵੀ ਦਿੱਤਾ ਜਾ ਚੁੱਕਿਆ ਹੈ। ਯੂ.ਜੀ.ਸੀ ਵੱਲੋਂ ਇਹ ਐਵਾਰਡ ਕਾਲਜ ਦੀਆਂ ਪਿਛਲੇ ਤਿੰਨਾਂ ਸਾਲਾਂ ਦੀ ਅਕਾਦਮਿਕ ਪਰਫਾਰਮੈਂਸ, ਮੈਰਿਟ ਹੋਲਡਰ ਲਿਸਟ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫਰੰਸ, ਖੇਡਾਂ ਅਤੇ ਹੋਰ ਸੱਭਿਆਚਾਰਕ ਸਰਗਰਮੀਆਂ ਆਦਿ ਨੂੰ ਦੇਖ ਕੇ ਦਿੱਤਾ ਜਾਂਦਾ ਹੈ ਅਤੇ ਨਾਲ ਹੀ ਕਾਲਜ ਨੂੰ ਡੇਢ ਕਰੋੜ ਦੀ ਗ੍ਰਾਂਟ ਵੀ ਦਿੱਤੀ ਜਾਂਦੀ ਹੈ। ਇੱਥੇ ਇਹ ਗੱਲ ਵੀ ਖ਼ਾਸ ਤੌਰ ’ਤੇ ਦੱਸਣ ਵਾਲੀ ਹੈ ਕਿ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਨੂੰ ਇਸ ਵੱਕਾਰੀ ਐਵਾਰਡ ਤੋਂ ਪਹਿਲਾਂ ਵੀ ਯੂ.ਜੀ.ਸੀ ਨਾਲ ਸਬੰਧਤ ਇਕ ਹੋਰ ਸ਼ਾਖਾ ਭਾਵ ‘ਨੈਕ’ ਵੱਲੋਂ ਚੋਟੀ ਦਾ ਗ੍ਰੇਡ ਅਤੇ ਉਸ ਦੇ ਨਾਲ 3.74/4 ਦਾ ਸਕੋਰ ਵੀ ਪ੍ਰਾਪਤ ਹੋ ਚੁੱਕਾ ਹੈ।



**ਬਲਬੀਰ ਕੌਰ**
ਪ੍ਰਧਾਨ



**ਡਾ. ਗੁਰਪਿੰਦਰ ਸਿੰਘ ਸਮਰਾ**
ਪ੍ਰਿੰਸੀਪਲ

*ਪ੍ਰਾਪਤੀਆਂ ਮਗਰੋਂ ਟਿਕ ਕੇ ਬੈਠ ਜਾਣਾ ਇਕ ਆਮ ਗੱਲ ਹੈ ਪਰ ਲਾਇਲਪੁਰ ਖ਼ਾਲਸਾ ਕਾਲਜ ਨਿਰੰਤਰ ਅੱਗੇ ਵਧਦਾ ਰਹਿੰਦਾ ਹੈ ਤੇ ਹੁਣ ਭਵਿੱਖ ਦੀ ਤਿਆਰੀ ਵੱਜੋਂ ਕਾਲਜ ਨੇ ਆਪਣੇ ਢਾਂਚੇ ’ਚ ਹੋਰ ਵੀ ਵਾਧਾ ਕੀਤਾ ਹੈ। ਅੱਜ-ਕੱਲ੍ਹ ਦੇ ਜ਼ਮਾਨੇ ਦਾ ਹਰ ਕੋਰਸ ਕਾਲਜ ’ਚ ਮੁਹੱਈਆ ਕਰਵਾ ਦਿੱਤਾ ਹੈ...*




ਇਸ ਕਾਲਜ ਅੰਦਰ ਸਾਰਥਕ ਖੋਜ ਦਾ ਵੀ ਬਹੁਤ ਕੰਮ ਹੋ ਰਿਹਾ ਹੈ। ਬਹੁਤ ਸਾਰੇ ਅਧਿਆਪਕਾਂ ਨੇ ਯੂ.ਜੀ.ਸੀ. ਤੋਂ ਮਾਈਨਰ ਪ੍ਰੋਜੈਕਟ ਅਤੇ ਮੇਜਰ ਪ੍ਰੋਜੈਕਟ ਵੀ ਪ੍ਰਾਪਤ ਕੀਤੇ ਹਨ ਜਦਕਿ ਸਟਾਫ਼ ਦਾ ਵੱਡਾ ਹਿੱਸਾ ਪੀ.ਐੱਚ.ਡੀ ਹੋ ਚੁੱਕਾ ਅਤੇ ਹੋ ਰਿਹਾ ਹੈ। ਕਾਲਜ ਦੇ ਬਹੁਤ ਸਾਰੇ ਪੋਸਟ ਗਰੈਜੂਏਟ ਵਿਭਾਗਾਂ ਵੱਲੋਂ ਛਿਮਾਹੀ ਅਤੇ ਸਾਲਾਨਾ ਰਿਸਰਚ ਮੈਗਜ਼ੀਨ ਵੀ ਕੱਢੇ ਜਾਂਦੇ ਹਨ। ਕਾਲਜ ਵਿਚ ਇੱਕੋ ਵੇਲੇ ਕਈ ਰਿਸਰਚ ਸੈਂਟਰ ਜਿਵੇਂ ਸੈਂਟਰ ਆਫ਼ ਹਿਸਟੌਰੀਕਲ ਸਟੱਡੀਜ਼, ਸੈਂਟਰ ਫਾਰ ਗੁਰੂ ਗ੍ਰੰਥ ਸਾਹਿਬ ਸੱਟਡੀਜ਼, ਪੰਜਾਬ ਸੈਂਟਰ ਫਾਰ ਮਾਈਗ੍ਰੇਸ਼ਨ ਸੱਟਡੀਜ਼, ਸ. ਬਲਬੀਰ ਸਿੰਘ ਸੈਂਟਰ ਫਾਰ ਸਾਇੰਸ, ਪੰਜਾਬੀ ਭਾਸ਼ਾ ਵਿਕਾਸ ਕੇਂਦਰ ਅਤੇ ਪੰਜਾਬੀ ਸੱਭਿਆਚਾਰ ਅਤੇ ਲੋਕ ਧਾਰਾ ਅਧਿਐਨ ਕੇਂਦਰ ਵੀ ਆਪਣੇ ਪੱਧਰ ਉੱਤੇ ਖੋਜ ਕਾਰਜਾਂ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਇਸ ਤਰ੍ਹਾਂ ਲਾਇਲਪੁਰ ਖ਼ਾਲਸਾ ਕਾਲਜ ਵਿਚ ਇਹੋ ਜਿਹੇ ਮਾਹੌਲ ਕਾਰਨ ਪ੍ਰਾਪਤੀਆਂ ਦਾ ਆਉਣਾ ਸੁਭਾਵਕ ਹੀ ਹੈ।

ਪ੍ਰਾਪਤੀਆਂ ਮਗਰੋਂ ਟਿਕ ਕੇ ਬੈਠ ਜਾਣਾ ਇਕ ਆਮ ਗੱਲ ਹੈ ਪਰ ਲਾਇਲਪੁਰ ਖ਼ਾਲਸਾ ਕਾਲਜ ਨਿਰੰਤਰ ਅੱਗੇ ਵਧਦਾ ਰਹਿੰਦਾ ਹੈ ਅਤੇ ਹੁਣ ਭਵਿੱਖ ਦੀ ਤਿਆਰੀ ਵੱਜੋਂ ਕਾਲਜ ਨੇ ਆਪਣੇ ਢਾਂਚੇ ਵਿਚ ਹੋਰ ਵੀ ਵਾਧਾ ਕੀਤਾ ਹੈ। ਅੱਜ ਕੱਲ੍ਹ ਦੇ ਜ਼ਮਾਨੇ ਦਾ ਲਗਪਗ ਹਰ ਕੋਰਸ ਕਾਲਜ ਵਿਚ ਮੁਹੱਈਆ ਕਰਵਾ ਦਿੱਤਾ ਹੈ ਅਤੇ ਭਵਿੱਖ ਲਈ ਵੀ ਯੋਜਨਾਵਾਂ ਹਨ। ਇਸੇ ਦੀ ਇਕ ਉਦਾਹਰਨ ਇਹ ਵੀ ਹੈ ਕਿ ਪ੍ਰਿੰਸੀਪਲ ਡਾਃ ਸਮਰਾ ਵੱਲੋਂ ਇਸ ਖਿੱਤੇ ਦੀ ਲੋੜ ਮੁਤਾਬਕ ਅਤੇ ਅਗਲੇ ਸਾਲ 2019 ਲਈ ਖੇਤੀਬਾੜੀ ਅਤੇ ਪੰਜਾਬੀ ਰਿਵਾਇਤੀ ਸੱਭਿਆਚਾਰ ਵਰਗੇ ਮਹੱਤਵਪੂਰਨ ਵਿਸ਼ਾ ਲਿਆਉਣ ਲਈ ਵੀ ਹੁਣੇ ਤੋਂ ਹੀ ਟੀਚਾ ਅਤੇ ਕੰਮ ਮਿਥਿਆ ਗਿਆ ਹੈ। ਕਾਲਜ ਦੇ ਇਹ ਵੱਧਦੇ ਕਦਮ ਸਾਡੇ ਖਿੱਤੇ ਲਈ ਕਾਫ਼ੀ ਅਹਿਮ ਸਾਬਤ ਹੋਣਗੇ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਨੌਕਰੀਆਂ ਲਈ ਤਿਆਰ ਕਰਨ ਲਈ ਵੱਖ ਵੱਖ ਕੰਪਨੀਆਂ ਕਾਲਜ ’ਚ ਆਉਂਦੀਆਂ ਹਨ। •

## ਹਰਿਆਣਾ ਦੇ ਗੁਰੂ ਘਰਾਂ ਅੰਦਰ ਪੁਲਸ ਵੱਲੋਂ ਮਰਿਆਦਾ ਤੋਂ ਉਲਟ ਹਰਕਤਾਂ ਨਿੰਦਣਯੋਗ : ਐਡਵੋਕੇਟ ਧਾਮੀ

ਅੰਮ੍ਰਿਤਸਰ 20 ਫਰਵਰੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਸਰਕਾਰ ਵੱਲੋਂ ਨਾਮਜਦ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਅੰਬਾਲਾ ਦੇ ਇਤਿਹਾਸਕ ਗੁਰਦੁਆਰਾ ਸਾਹਿਬਾਨ ਸ੍ਰੀ ਮੰਜੀ ਸਾਹਿਬ ਤੇ ਸ੍ਰੀ ਪੰਜੋਖਰਾ ਸਾਹਿਬ ਵਿਖੇ ਪੁਲਸ ਵਾੜ ਕੇ ਮਰਿਆਦਾ ਦੀ ਉਲੰਘਣਾ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ



ਕੀਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੀ ਸੰਗਤ ਵੱਲੋਂ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਸ਼ੰਭੂ ਬਾਰਡਰ 'ਤੇ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਰੋਕਣ ਲਈ ਸੱਦੀ ਗਈ ਪੁਲਸ ਨੂੰ ਇਨ੍ਹਾਂ ਗੁਰੂ ਘਰਾਂ ਦੀਆਂ ਸਰਾਵਾਂ ਵਿਚ ਰਿਹਾਇਸ਼ ਦਾ ਪ੍ਰਬੰਧ ਕਰ ਕੇ ਦਿੱਤਾ ਗਿਆ ਹੈ। ਸੰਗਤ ਵੱਲੋਂ ਸ਼ਿਕਾਇਤਾਂ ਪੁੱਜੀਆਂ ਹਨ ਕਿ ਪੁਲਸ ਅਧਿਕਾਰੀਆਂ ਨੇ ਸਰਾਵਾਂ ਅੰਦਰ ਸ਼ਰਾਬ, ਤੰਬਾਕੂ ਆਦਿ ਨਸ਼ਿਆਂ ਦਾ ਸੇਵਨ ਕੀਤਾ ਹੈ, ਜੋ ਕਿ ਮੌਕੇ ਤੋਂ ਬਰਾਮਦ ਵੀ ਕੀਤੇ ਗਏ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਸੰਗਤ ਦਾ ਖਦਸ਼ਾ ਸਹੀ ਸਾਬਤ ਹੋ ਰਿਹਾ ਹੈ ਅਤੇ ਸਰਕਾਰ ਆਪਣੇ ਵੱਲੋਂ ਨਾਮਜਦ ਕਮੇਟੀ ਨੂੰ ਪ੍ਰਭਾਵਿਤ ਕਰ ਕੇ ਗੁਰੂ ਘਰਾਂ ਅੰਦਰ ਮਨਮਰਜ਼ੀਆਂ ਕਰਦਿਆਂ ਪਾਵਨ ਮਰਿਆਦਾ ਦੀ ਉਲੰਘਣਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸ਼੍ਰੋਮਣੀ ਕਮੇਟੀ ਤੋੜ ਕੇ ਸਰਕਾਰ ਵੱਲੋਂ ਜਬਰੀ ਹਰਿਆਣਾ ਗੁਰਦੁਆਰਾ ਕਮੇਟੀ ਬਣਾਈ ਜਾ ਰਹੀ ਸੀ ਤਾਂ ਉਸ ਸਮੇਂ ਅਜਿਹੀਆਂ ਹੀ ਮਰਯਾਦਾ ਦੇ ਉਲਟ ਅਤੇ ਆਪਹੁਦਰੀ ਕਾਰਵਾਈਆਂ ਦੀ ਸੰਭਾਵਨਾ ਦੇ ਮੱਦੇਨਜ਼ਰ ਹੀ ਸਿੱਖ ਜਗਤ ਨੇ ਵਿਰੋਧ ਕੀਤਾ ਸੀ।

### ਅੱਧਾ ਕਿਲੋਮੀਟਰ ਤੱਕ ਖਿੱਲਰੇ ਵਿਅਕਤੀ ਦੇ ਸਰੀਰ ਦੇ ਟੁਕੜੇ

ਲੁਧਿਆਣਾ 20 ਫਰਵਰੀ। ਸਾਹਨੇਵਾਲ ਏਅਰਪੋਰਟ ਨੇੜੇ ਰੇਲਵੇ ਲਾਈਨਾਂ 'ਤੇ ਇਕ ਵਿਅਕਤੀ ਟਰੇਨ ਦੀ ਲਪੇਟ 'ਚ ਆ ਗਿਆ। ਇਸ ਹਾਦਸੇ ਕਾਰਨ ਵਿਅਕਤੀ ਦੇ ਸਰੀਰ ਦੇ ਕਈ ਟੁਕੜੇ ਹੋ ਗਏ, ਜਿਸ ਨੂੰ ਦੇਖਣ ਵਾਲਿਆਂ ਦੀ ਰੂਹ ਕੰਬ ਗਈ। ਜਾਣਕਾਰੀ ਮੁਤਾਬਕ ਜੀ. ਆਰ. ਪੀ. ਦੇ ਜਾਂਚ ਅਧਿਕਾਰੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਏਅਰਪੋਰਟ ਦੇ ਬਿਲਕੁਲ ਸਾਹਮਣੇ ਰੇਲਵੇ ਟਰੈਕ 'ਤੇ ਇਕ ਵਿਅਕਤੀ ਦੀ ਲਾਸ਼ ਪਈ ਹੈ। ਜਦੋਂ ਉਹ ਮੌਕੇ 'ਤੇ ਪਹੁੰਚੇ ਤਾਂ ਪਤਾ ਲੱਗਿਆ ਕਿ ਵਿਅਕਤੀ 'ਵੰਦੇ ਭਾਰਤ' ਟਰੇਨ ਦੀ ਲਪੇਟ 'ਚ ਆਇਆ ਹੈ। ਉਸ ਦੇ ਸਰੀਰ ਦੇ ਟੁਕੜੇ ਅੱਧਾ ਕਿਲੋਮੀਟਰ ਤੱਕ ਖਿੱਲਰੇ ਹੋਏ ਸਨ, ਜਿਨ੍ਹਾਂ ਨੂੰ ਇਕੱਠਾ ਕੀਤਾ ਗਿਆ।

# ਪੀ. ਜੀ. ਆਈ. ਇਲਾਜ ਕਰਵਾਉਣ ਵਾਲਿਆਂ ਲਈ ਜਰੂਰੀ ਖਬਰ, ਆਈ ਸੈਂਟਰ 'ਚ ਅੱਖਾਂ ਦੇ ਮੁੱਢਲੇ ਟੈਸਟ ਹੋਏ ਮੁਫਤ

ਕਿਸ਼ਨ ਪਾਲ

ਚੰਡੀਗੜ੍ਹ 20 ਫਰਵਰੀ। ਪੀ. ਜੀ.ਆਈ. ਦੇ ਐਡਵਾਂਸਡ ਆਈ ਸੈਂਟਰ 'ਚ ਰੋਜਾਨਾ ਇਕ ਹਜਾਰ ਮਰੀਜ ਪਹਿਲਾਂ ਕਤਾਰਾਂ 'ਚ ਕਾਰਡ ਬਣਵਾਉਣ ਤੋਂ ਬਾਅਦ ਆਪਣੀ ਵਾਰੀ ਦੇ ਹਿਸਾਬ ਨਾਲ ਚੈਕਅਪ ਕਰਵਾਉਂਦੇ ਹਨ। ਡਾਕਟਰ ਸਭ ਤੋਂ ਪਹਿਲਾਂ ਅੱਖਾਂ ਦਾ ਬੇਸਿਕ ਟੈਸਟ ਲਿਖਦੇ ਹਨ ਅਤੇ ਹਰ ਮਰੀਜ ਨੂੰ ਇਸ ਮੁੱਢਲੇ ਟੈਸਟ ਦੀ ਫੀਸ ਅਦਾ ਕਰਨੀ ਪੈਂਦੀ ਹੈ ਅਤੇ ਫਿਰ ਗਰਾਊਂਡ ਮੰਜਿਲ 'ਤੇ ਆ ਕੇ, ਫੀਸ ਅਦਾ ਕਰਨੀ ਪੈਂਦੀ ਹੈ ਅਤੇ ਕਤਾਰ ਵਿ'ਚ ਖੜ੍ਹੇ ਹੋਣ ਲਈ ਉਪਰਲੀ ਮੰਜ?ਿਲ 'ਤੇ ਜਾਣਾ ਪੈਂਦਾ ਹੈ। ਇਹ ਟੈਸਟ ਕਰਵਾਉਣ ਤੋਂ ਬਾਅਦ, ਮਰੀਜ ਦੁਬਾਰਾ ਡਾਕਟਰ ਨੂੰ ਮਿਲਣ ਲਈ ਆਪਣੀ ਵਾਰੀ ਦਾ ਇੰਤਜਾਰ ਕਰਦਾ ਹੈ ਅਤੇ ਚੈਕਅਪ ਤੋਂ ਬਾਅਦ, ਉਸ ਨੂੰ ਦੁਬਾਰਾ ਆਪਣੇ ਵੀਜ਼ੂਅਲ ਫੀਡਲ ਦਾ ਟੈਸਟ ਲਿਖਿਆ ਜਾਂਦਾ ਹੈ। ਇਸ ਟੈਸਟ ਦੀ ਫੀਸ ਭਰਨ ਤੋਂ ਬਾਅਦ ਗਰਾਊਂਡ ਫਲੋਰ 'ਤੇ ਜਾਣਾ ਪੈਂਦਾ ਹੈ ਅਤੇ ਫੀਸ ਭਰਨ ਤੋਂ ਬਾਅਦ ਦੁਬਾਰਾ ਜਾਂਚ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਕਈ ਵਾਰ ਸਾਰਾ ਦਿਨ ਬੀਤ ਜਾਂਦਾ ਹੈ ਅਤੇ ਮਰੀਜ ਦੀ ਅਸਲ ਬੀਮਾਰੀ ਦਾ ਵੀ ਪਤਾ ਨਹੀਂ ਲੱਗਦਾ ਪਰ ਹੁਣ ਪੀ.ਜੀ.ਆਈ. ਨੇ ਇਨ੍ਹਾਂ ਮਰੀਜਾਂ ਦੇ ਦੋਵੇਂ ਮੁੱਢਲੇ ਟੈਸਟਾਂ ਦੀ ਫੀਸ ਖਤਮ ਕਰ ਦਿੱਤੀ ਹੈ। ਹਾਲਾਂਕਿ ਇਨ੍ਹਾਂ ਟੈਸਟਾਂ ਦੀ ਫੀਸ ਜ?ਿਆਦਾ ਨਹੀਂ ਹੈ ਪਰ ਇਸ ਦਾ ਉਦੇਸ ਮਰੀਜਾਂ ਦਾ ਸਮਾਂ ਬਚਾਉਣਾ ਅਤੇ ਉਨ੍ਹਾਂ ਨੂੰ ਸਮੇਂ ਸਿਰ ਇਲਾਜ ਮੁਹੱਈਆ ਕਰਵਾਉਣਾ ਹੈ ਤਾਂ ਜੋ ਉਨ੍ਹਾਂ ਦਾ ਦਿਨ ਬਰਬਾਦ ਨਾ ਹੋਵੇ। ਐਡਵਾਂਸਡ ਆਈ ਸੈਂਟਰ ਦੇ ਮੁਖੀ ਡਾ. ਐੱਸ. ਐੱਸ. ਪਾਂਡਵ ਅਨੁਸਾਰ ਮਰੀਜਾਂ ਨੂੰ ਬਿਹਤਰ ਦੇਖਭਾਲ ਅਤੇ ਇਲਾਜ ਮੁਹੱਈਆ ਕਰਵਾਉਣ ਲਈ ਯਤਨ ਕੀਤੇ ਜਾ ਰਹੇ ਹਨ। ਅੱਖਾਂ ਵਿਭਾਗ ਦੀ ਸੇਵਾ ਨੂੰ ਹੋਰ ਆਸਾਨ




ਬਣਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ। ਟੈਸਟਾਂ ਦੇ ਨਾਲ, ਅਸੀਂ ਆਨਲਾਈਨ ਰਜਿਸਟ੍ਰੇਸ਼ਨਾਂ ਦੀ ਗਿਣਤੀ ਵੀ ਵਧਾ ਦਿੱਤੀ ਹੈ। ਇਸ ਤੋਂ ਇਲਾਵਾ, ਲਾਈਨਾਂ ਦਾ ਬਿਹਤਰ ਪ੍ਰਬੰਧਨ ਕਰਨ ਲਈ, ਅਸੀਂ ਰਜਿਸਟ੍ਰੇਸ਼ਨ ਕਾਊਂਟਰ 'ਤੇ ਟੋਕਨ ਸਿਸਟਮ ਵੀ ਸੁਰੂ ਕੀਤਾ ਹੈ। ਡਿਜੀਟਲ ਓ. ਪੀ. ਡੀ. ਅਤੇ ਕਲੀਨੀਕਲ ਰਿਕਾਰਡ ਚੀਜਾਂ ਨੂੰ ਸੌਖਾ ਬਣਾ ਰਹੀ ਹੈ, ਜਿਸ ਨਾਲ ਮਰੀਜਾਂ ਦਾ ਸਮਾਂ ਬਚਣ ਦੇ ਨਾਲ ਹੀ ਡਾਕਟਰ ਵੱਧ ਤੋਂ ਵੱਧ ਮਰੀਜਾਂ ਨੂੰ ਦੇਖ ਪਾਉਂਦਾ ਹੈ। ਡਾਇਰੈਕਟਰ ਪੀ. ਜੀ. ਆਈ. ਪਿਛਲੇ ਲੰਬੇ ਸਮੇਂ ਤੋਂ ਪੀ. ਜੀ. ਆਈ. 'ਚ ਮਰੀਜ ਪੱਖੀ ਸੇਵਾਵਾਂ ਵਧਾਉਣ 'ਤੇ ਜੋਰ ਦੇ ਰਹੇ ਹਨ। ਆਮ ਤੌਰ 'ਤੇ, ਜਦੋਂ ਕੋਈ ਮਰੀਜ ਅੱਖਾਂ ਦੇ ਕੇਂਦਰ 'ਚ ਆਉਂਦਾ ਹੈ ਤਾਂ ਜਦੋਂ ਉਹ ਟੈਸਟ ਨੰਬਰ ਅਤੇ ਕਾਊਂਟਰ 'ਤੇ ਪਹੁੰਚਦਾ ਹੈ ਤਾਂ ਇਹ ਬੰਦ ਹੋ ਜਾਂਦਾ ਹੈ। ਅਜਿਹੇ 'ਚ ਦੂਰ-ਦੁਰਾਡੇ ਤੋਂ ਆਉਣ ਵਾਲੇ ਮਰੀਜਾਂ ਨੂੰ ਮੁੜ ਉਕਤ ਟੈਸਟਾਂ ਲਈ ਆਉਣਾ ਪਿਆ। ਟੈਸਟ ਮੁਫਤ ਕਰਨ ਦਾ ਫੈਸਲਾ ਪਿਛਲੇ 10 ਦਿਨਾਂ 'ਚ ਲਿਆ ਗਿਆ ਹੈ। ਡਾਇਰੈਕਟਰ ਦੇ ਧਿਆਨ 'ਚ ਆਉਂਦੇ ਹੀ ਉਨ੍ਹਾਂ ਨੇ ਤੁਰੰਤ ਇਸ 'ਤੇ ਫੈਸਲਾ ਲਿਆ। ਪੀ. ਜੀ. ਆਈ. 'ਚ ਕਰਵਾਏ ਜਾ ਰਹੇ ਇਨ੍ਹਾਂ ਟੈਸਟਾਂ ਨਾਲ ਪੀ. ਜੀ. ਆਈ. ਨੂੰ ਹਰ ਮਹੀਨੇ 27 ਲੱਖ ਰੁਪਏ ਦੀ ਰਾਸੀ ਮਿਲ ਰਹੀ ਸੀ ਪਰ ਡਾਇਰੈਕਟਰ ਪੀ. ਜੀ. ਆਈ. ਨੇ ਮਰੀਜਾਂ ਦੇ ਸਮੇਂ ਨੂੰ ਜਿਆਦਾ ਮਹੱਤਵ ਦਿੰਦਿਆਂ ਇਸ ਨੂੰ ਮੁਫਤ ਕਰ ਦਿੱਤਾ। ਪਿਛਲੇ ਕੁਝ ਸਾਲਾਂ ਤੋਂ ਪੀ. ਜੀ. ਆਈ. ਹਸਪਤਾਲ 'ਚ ਤਕਨੀਕ ਦੇ ਪੱਧਰ ਨੂੰ ਲਾਗੂ ਕਰ ਰਿਹਾ ਹੈ, ਜਿਸ ਨਾਲ ਕੰਮ 'ਚ ਤੇਜੀ ਦੇ ਨਾਲ-ਨਾਲ ਪਾਰਦਰਸਤਾ ਵੀ ਆਈ ਹੈ। ਇਸ 'ਚ ਆਨਲਾਈਨ ਰਜਿਸਟ੍ਰੇਸਨ ਅਤੇ ਫੀਸ ਕਾਊਂਟਰ ਨੂੰ ਵਧਾਉਣਾ ਸਾਮਲ ਹੈ। ਇਸ ਤੋਂ ਇਲਾਵਾ ਹਸਪਤਾਲ 'ਚ ਈ-ਆਫਿਸ ਐਪਲੀਕੇਸਨ ਨੂੰ ਵੀ ਸੁਰੂ ਕੀਤਾ ਗਿਆ ਹੈ।

## ਲੁਟੇਰਾ ਗਿਰੋਹ ਦਾ ਪਰਦਾਫਾਸ਼, 2 ਕਾਬੂ, 5 ਮੋਬਾਇਲ ਫੋਨ, 1 ਮੋਟਰਸਾਈਕਲ ਤੇ ਤੇਜਧਾਰ ਹਥਿਆਰ ਬਰਾਮਦ

ਜਲੰਧਰ 20 ਫਰਵਰੀ। ਜਲੰਧਰ ਕਮਿਸ਼ਨਰੇਟ ਪੁਲਸ ਨੇ ਲੁਟੇਰਾ ਗਿਰੋਹ ਦਾ ਪਰਦਾਫਾਸ਼ ਕਰਦੇ ਹੋਏ ਗਿਰੋਹ ਦੇ 2 ਮੈਂਬਰਾਂ ਨੂੰ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਮੁਲਜਮਾਂ ਕੋਲੋਂ ਪੁਲਸ ਨੇ 5 ਮੋਬਾਇਲ ਫੋਨ, 1 ਮੋਟਰਸਾਈਕਲ ਅਤੇ ਤੇਜਧਾਰ ਹਥਿਆਰ ਵੀ ਬਰਾਮਦ ਕੀਤੇ ਹਨ। ਪੁਲਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ 15 ਫਰਵਰੀ ਨੂੰ ਹੁਸ਼ਿਆਰਪੁਰ ਰੇਲਵੇ ਕਰਾਸਿੰਗ ਨੇੜੇ ਅਣਪਛਾਤੇ ਮੋਟਰਸਾਈਕਲ ਸਵਾਰ ਲੁਟੇਰਿਆਂ ਨੇ ਇਕ ਵਿਅਕਤੀ ਤੋਂ ਮੋਬਾਇਲ ਖੋਹਿਆ ਸੀ, ਜਿਸ ਤੋਂ ਬਾਅਦ ਪੁਲਸ ਨੇ ਪੀੜਤ ਧਿਰ ਦੇ ਬਿਆਨਾਂ 'ਤੇ ਥਾਣਾ ਨੰਬਰ 3 ਵਿਚ ਐੱਫ. ਆਈ. ਆਰ. ਨੰਬਰ 17 ਧਾਰਾ 379-ਬੀ, 34 ਆਈ. ਪੀ. ਸੀ. ਤਹਿਤ ਮਾਮਲਾ ਦਰਜ ਕੀਤਾ ਸੀ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਤੋਂ ਬਾਅਦ ਪੁਲਸ ਨੇ ਅੱਡਾ ਹੁਸ਼ਿਆਰਪੁਰ ਰੇਲਵੇ ਕਰਾਸਿੰਗ ਨੇੜਿਓਂ ਹੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 2 ਮੁਲਜਮਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜਮਾਂ ਦੀ ਪਛਾਣ ਜਤਿੰਦਰ ਸਿੰਘ ਨਿਵਾਸੀ ਸੁੰਦਰ ਨਗਰ ਅਤੇ ਰਾਹੁਲ ਕੁਮਾਰ ਨਿਵਾਸੀ ਨੂਰਪੁਰ ਕਾਲੋਨੀ ਦੇ ਰੂਪ ਵਿਚ ਹੋਈ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜਮਾਂ ਕੋਲੋਂ ਪੁਲਸ ਨੇ ਐੱਮ. ਆਈ. ਅਤੇ ਸੈਮਸੰਗ ਬ੍ਰਾਂਡ ਦੇ 2-2 ਮੋਬਾਇਲ ਫੋਨ ਅਤੇ 1 ਰੈੱਡਮੀ ਕੰਪਨੀ ਦਾ ਮੋਬਾਇਲ ਫੋਨ, ਇਕ ਦਾਤਰ ਅਤੇ 1 ਚੋਰੀ ਦਾ ਮੋਟਰਸਾਈਕਲ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜਮਾਂ ਵਿਚੋਂ ਜਤਿੰਦਰ ਖ?ਿਲਾਫ ਪਹਿਲਾਂ ਵੀ ਥਾਣਾ ਨੰਬਰ 2 ਵਿਚ ਨਸ਼ੇ ਵਾਲੇ ਪਦਾਰਥ ਦੀ ਸਮੱਗਲਿੰਗ ਦਾ ਮਾਮਲਾ ਦਰਜ ਹੈ।

## ਭਲਕੇ ਕੇਸ਼ੋਪੁਰ-ਮਿਆਣੀ ਕਮਿਊਨਟੀ ਰਿਜ਼ਰਵ ਵਿਖੇ ਪੰਛੀਆਂ ਦਾ ਮਨਾਇਆ ਜਾਵੇਗਾ ਤਿਉਹਾਰ: ਹਿਮਾਂਸ਼ੂ ਅਗਰਵਾਲ



ਦੀਨਾਨਗਰ 20 ਫਰਵਰੀ। ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਪੰਜਾਬ ਵੱਲੋਂ 20 ਫਰਵਰੀ 2024 ਦਿਨ ਸ਼ਨੀਵਾਰ ਨੂੰ ਕੇਸ਼ੋਪੁਰ-ਮਿਆਣੀ ਕਮਿਊਨਟੀ ਰਿਜ਼ਰਵ (ਰਾਮਸਰ ਸਾਇਟ) ਵਿਖੇ 5ਵਾਂ ਰਾਜ ਪੱਧਰੀ ਪੰਛੀਆਂ ਦਾ ਤਿਉਹਾਰ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ 20 ਫਰਵਰੀ ਨੂੰ ਸਵੇਰੇ 10:00 ਵਜੇ ਇਹ ਪ੍ਰੋਗਰਾਮ ਸ਼ੁਰੂ ਹੋਵੇਗਾ, ਜੋ ਕਿ ਦੁਪਹਿਰ 12:00 ਵਜੇ ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕੈਬਨਿਟ ਮੰਤਰੀ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਇਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ। ਇਸ ਦੇ ਨਾਲ ਵਿਕਾਸ ਗਰਗ (ਆਈ.ਏ.ਐੱਸ) ਵਿੱਤੀ ਕਮਿਸ਼ਨਰ (ਵਣ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ 5ਵੇਂ ਰਾਜ ਪੱਧਰੀ ਪੰਛੀਆਂ ਦੇ ਤਿਉਹਾਰ ਮੌਕੇ ਪੰਛੀਆਂ ਦੀ ਫ਼ੋਟੋਗ੍ਰਾਫੀ, ਪੰਛੀਆਂ ਦੀ ਪ੍ਰਦਰਸ਼ਨੀ, ਵਰਕਸ਼ਾਪ, ਗਾਈਡਿੰਗ ਬਰਡ ਵਾਚ ਟੂਰਜ਼ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਹੋਣਗੇ। ਉਨ੍ਹਾਂ ਸਮੂਹ ਪੰਛੀ ਅਤੇ ਕੁਦਰਤ ਪ੍ਰੇਮੀਆਂ ਨੂੰ ਸੱਦਾ ਦਿੱਤਾ ਹੈ ਕਿ ਆਓ ਅਸੀਂ ਇਨ੍ਹਾਂ ਸਰਦੀਆਂ ਵਿੱਚ ਪੰਛੀਆਂ ਦਾ ਤਿਉਹਾਰ ਕੇਸ਼ੋਪੁਰ-ਮਿਆਣੀ ਛੰਬ ਵਿੱਚ ਮਨਾਈਏ ਅਤੇ ਕਾਦਰ ਦੀ ਖ਼ੂਬਸੂਰਤ ਕਾਇਨਾਤ ਨੂੰ ਨੇੜੇ ਤੋਂ ਨਿਹਾਰੀਏ।

## ਭਲਕੇ ਹੋਵੇਗੀ ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੀ ਚੋਣ : ਡਾ. ਨਿੱਝਰ

ਏਜੰਸੀਆਂ

ਅੰਮ੍ਰਿਤਸਰ 20 ਫਰਵਰੀ। ਚੀਫ ਖਾਲਸਾ ਦੀਵਾਨ ਦੇ 6 ਅਹੁਦੇਦਾਰਾਂ ਲਈ 20 ਫਰਵਰੀ ਨੂੰ ਹੋਣ ਜਾ ਰਹੀ ਚੋਣ ਦੇ ਮੱਦੇਨਜ਼ਰ ਬੀਤੇ ਦਿਨ ਡਾ. ਇੰਦਰਬੀਰ ਨਿੱਝਰ ਧੜੇ ਦੀ ਵੱਡੀ ਮੀਟਿੰਗ ਸਵਿੰਦਰ ਸਿੰਘ ਕੱਥੂਨੰਗਲ ਦੇ ਗ੍ਰਹਿ ਵਿਖੇ ਹੋਈ, ਜਿਸ ਵਿਚ 150 ਦੇ ਕਰੀਬ ਮੈਂਬਰਾਂ ਨੇ ਸ਼ਮੂਲੀਅਤ ਕਰ ਕੇ ਇਸ ਚੋਣ ਨੂੰ ਲਗਭਗ ਇਕ ਤਰਫਾ ਹੀ ਕਰ ਦਿੱਤਾ ਉਨ੍ਹਾਂ ਕਿਹਾ ਕਿ ਦੀਵਾਨ ਇਕ ਪਵਿੱਤਰ ਸੰਸਥਾ ਹੈ, ਇਸ ਸੰਸਥਾ ਰਾਹੀਂ ਧਰਮ ਪ੍ਰਚਾਰ ਅਤੇ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਲਈ ਵਿਦਿਅਕ ਅਦਾਰੇ ਚਲਾਏ ਜਾ ਰਹੇ ਹਨ। ਕੁਝ ਕੁ ਵਿਅਕਤੀ ਅਖੌਤੀ ਦੀਵਾਨ ਬਚਾਓ ਸੰਸਥਾ ਬਣਾ ਕੇ ਅਤੇ ਇਕ ਧੜੇ ਦੇ ਸਮਰਥਨ ਵਿਚ ਖੜ੍ਹੇ ਹੋ ਕੇ ਝੂਠ ਦੀ ਰਾਜਨੀਤੀ ਕਰਦਿਆਂ ਕੂੜ ਪ੍ਰਚਾਰ ਦੇ ਨਾਲ-ਨਾਲ ਤੇ ਦੀਵਾਨ ਦੇ ਅਕਸ ਨੂੰ ਬਦਨਾਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਫਸੋਸ ਹੈ ਕਿ ਇਕ ਧੜਾ ਉਨ੍ਹਾਂ ਲੋਕਾਂ ਦਾ ਸਾਥ ਲੈ ਰਿਹਾ ਹੈ, ਜਿਨ੍ਹਾਂ ਨੂੰ ਪਹਿਲਾਂ ਹੀ ਦੀਵਾਨ ਦੇ ਜਰਨਲ ਹਾਊਸ ਨੇ ਕੂੜ ਪ੍ਰਚਾਰ ਕਰਨ ਦੇ ਦੋਸ਼



ਹੇਠ ਕੱਢਿਆ ਹੈ। ਇਨ੍ਹਾਂ ਪੰਜਾਂ ਵਿਅਕਤੀਆਂ ਵਿਚ ਪ੍ਰੋਫੈਸਰ ਬਲਜਿੰਦਰ ਸਿੰਘ, ਪ੍ਰੋਫੈਸਰ ਹਰੀ ਸਿੰਘ, ਅਮਰਜੀਤ ਸਿੰਘ ਭਾਟੀਆ, ਅਵਤਾਰ ਸਿੰਘ ਤੇ ਨਵਦੀਪ ਸਿੰਘ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹ ਲੋਕ ਇਸੇ ਤਰ੍ਹਾਂ ਸਿੱਖ ਸੰਸਥਾਵਾਂ ਨੂੰ ਬਦਨਾਮ ਕਰਨ ਦੀ ਨੀਤੀ ਨੂੰ ਅਪਣਾਉਂਦੇ ਰਹਿਣਗੇ ਤਾਂ ਕਿਤੇ ਨਾ ਕਿਤੇ ਇਨ੍ਹਾਂ ਨੂੰ ਵੀ ਆਪਣੇ ਜੀਵਨ ਵਿਚ ਖਮਿਆਜਾ ਝੱਲਣਾ ਪਵੇਗਾ। ਉਨ੍ਹਾਂ ਕਿਹਾ ਕਿ ਦੀਵਾਨ ਇਕ ਪਵਿੱਤਰ ਸੰਸਥਾ ਹੈ, ਜਿਸ ਵਿਚ ਝੂਠ ਦੀ ਰਾਜਨੀਤੀ ਨਹੀਂ ਹੋਣੀ ਚਾਹੀਦੀ, ਜੇਕਰ ਉਪਰੋਕਤ ਅਖੌਤੀ ਸੰਸਥਾ ਦੇ ਮੈਂਬਰ ਸਾਡੇ ਵਿਰੁੱਧ ਪ੍ਰਚਾਰ ਕਰਨ ਦਾ ਯਤਨ ਕਰ ਰਹੇ ਹਨ ਤਾਂ ਉਹ ਤੱਥਾਂ 'ਤੇ ਸਬੂਤਾਂ ਦੇ ਆਧਾਰ 'ਤੇ ਪ੍ਰਚਾਰ ਕਰਨ। ਉਨ੍ਹਾਂ ਕਿਹਾ ਕਿ ਮੀਡੀਆ ਦੇ ਸਾਹਮਣੇ ਝੂਠ ਬੋਲ ਕੇ ਇਹ ਝੂਠ ਦੀ ਰਾਜਨੀਤੀ ਕਰ ਰਹੇ ਹਨ, ਕਿਸੇ ਵੀ ਤਰ੍ਹਾਂ ਦੇ ਤੱਥ ਜਾਂ ਸਬੂਤ ਇਨ੍ਹਾਂ ਪਾਸ ਮੌਜੂਦ ਨਹੀਂ ਹਨ। ਜਿਹੜੇ ਮੈਂਬਰ ਦੀਵਾਨ ਦੇ ਹਾਊਸ ਵੱਲੋਂ ਕੱਢੇ ਗਏ ਹਨ, ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਬਣਦਾ ਕਿ ਉਹ ਦੀਵਾਨ ਦੀਆਂ ਚੋਣਾਂ ਵਿਚ ਦੀਵਾਨ ਦੇ ਮੈਂਬਰਾਂ ਨੂੰ ਗੁੰਮਰਾਹ ਕਰਨ ਲਈ ਕੂਟ ਨੀਤੀ ਦਾ ਪ੍ਰਯੋਗ ਕਰਦੇ ਹੋਏ ਦੀਵਾਨ ਦੀ ਬਦਨਾਮੀ ਕਰਨ।

# ਬੰਦੀ ਸਿੰਘਾਂ ਦੀ ਰਿਹਾਈ ਲਈ ਮੋਦੀ ਗੰਭੀਰ ਨਹੀਂ : ਗਿਆਨੀ ਰਘਬੀਰ ਸਿੰਘ

ਏਜੰਸੀਆਂ

ਅੰਮ੍ਰਿਤਸਰ 20 ਫਰਵਰੀ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦੋਹਾ ਵਿਚ 8 ਭਾਰਤੀਆਂ ਨੂੰ ਹੋਈ ਫਾਂਸੀ ਦੀ ਸਜਾ ਮਾਫ ਕਰਵਾਉਣ ਵਾਲੀ ਸ?ਿੱਦਤ ਦਹਾਕਿਆਂ ਤੋਂ ਭਾਰਤ ਦੀਆਂ ਜੇਲ੍ਹਾਂ ਵਿਚ ਨਜਰਬੰਦ 'ਬੰਦੀ ਸਿੰਘਾਂ' ਪ੍ਰਤੀ ਵੀ ਦਿਖਾਉਣੀ ਚਾਹੀਦੀ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਤਿੰਨ-ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਜੇਲ੍ਹਾਂ ਵਿਚ ਨਜਰਬੰਦ ਬੰਦੀ ਸਿੰਘ, ਦੇਸ ਦੇ ਸਿਆਸੀ ਕੈਦੀ ਹਨ, ਜੋ ਕਿ ਅੱਸੀਵਿਆਂ ਦੇ ਦਹਾਕੇ ਦੌਰਾਨ ਸਰਕਾਰੀ ਜਬਰ ਤੋਂ ਤੰਗ ਆ ਕੇ ਸੰਘਰਸ ਲੜਨ ਲਈ ਮਜਬੂਰ ਹੋਏ ਸਨ। ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋਹਾ ਵਿਚ ਫਾਂਸੀ ਦੀ ਸਜਾ ਪ੍ਰਾਪਤ 8 ਭਾਰਤੀਆਂ ਦੀ ਸਜਾ ਮਾਫ ਕਰਵਾਉਣ ਤੋਂ ਬਾਅਦ ਦੋਹਾ ਜਾ ਕੇ ਉਥੋਂ ਦੀ ਸਰਕਾਰ ਦਾ ਧੰਨਵਾਦ ਕਰ ਰਹੇ ਹਨ ਪਰ ਇਹੀ ਪਹੁੰਚ ਆਪਣੇ ਹੀ ਦੇਸ ਦੀਆਂ ਜੇਲ੍ਹਾਂ ਵਿਚ ਨਜਰਬੰਦ ਸਿਆਸੀ ਸਿੱਖ ਕੈਦੀਆਂ ਪ੍ਰਤੀ ਅਪਨਾਉਣ ਤੋਂ ਇਨਕਾਰ ਕਿਉਂ ਕੀਤਾ ਜਾ ਰਿਹਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਦੇਸ ਦੀ ਸਰਕਾਰ ਬੰਦੀ ਸਿੰਘਾਂ ਪ੍ਰਤੀ ਬਿਲਕੁਲ ਨਿਆਂਪੂਰਨ ਪਹੁੰਚ ਨਹੀਂ ਅਪਨਾ ਰਹੀ ਹੈ, ਜਿਸ ਕਾਰਨ ਸਿੱਖ ਕੌਮ ਵਿਚ ਆਪਣੇ ਹੀ ਦੇਸ ਅੰਦਰ ਬੇਗਾਨਗੀ ਦਾ ਅਹਿਸਾਸ ਵੱਧ ਰਿਹਾ ਹੈ। ਉਨ੍ਹਾਂ ਆਖਿਆ ਕਿ ਕੇਂਦਰ ਸਰਕਾਰ ਨੂੰ ਬਲਵੰਤ ਸਿੰਘ ਰਾਜੋਆਣਾ ਪ੍ਰਤੀ ਮਨੁੱਖਤਾਵਾਦੀ ਵਿਹਾਰ ਕਿਉਂ ਨਹੀਂ ਚੇਤੇ ਆ ਰਿਹਾ, ਜੋ ਪਿਛਲੇ ਲਗਭਗ 17 ਸਾਲਾਂ ਤੋਂ ਫਾਂਸੀ ਵਾਲੀ ਚੱਕੀ ਵਿਚ ਨਜਰਬੰਦ ਹਨ ਅਤੇ ਉਨ੍ਹਾਂ ਦੀ ਫਾਂਸੀ ਦੀ ਸਜਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਸਬੰਧੀ ਲਗਭਗ 12 ਸਾਲ ਬੀਤਣ 'ਤੇ ਵੀ ਕੋਈ ਫੈਸਲਾ ਨਾ ਹੋਣਾ ਮਨੁੱਖੀ ਅਧਿਕਾਰਾਂ ਦਾ ਬਹੁਤ ਵੱਡਾ ਉਲੰਘਣ ਹੈ।



## ਜੇ ਕਾਰਪੋਰੇਟ ਘਰਾਣਿਆਂ ਦਾ ਕਰਜਾ ਮੁਆਫ ਹੋ ਸਕਦੈ ਤਾਂ ਕਿਸਾਨਾਂ ਦਾ ਕਿਉਂ ਨਹੀਂ : ਸਾਬਕਾ ਮੇਅਰ ਰਿੰਟੂ

ਏਜੰਸੀਆਂ

ਅੰਮ੍ਰਿਤਸਰ 20 ਫਰਵਰੀ। ਫਸਲਾਂ 'ਤੇ ਐੱਮ. ਐੱਸ. ਪੀ. ਲੈਣ ਸਮੇਤ ਬਾਕੀ ਭਖਦੀਆਂ ਮੰਗਾਂ ਨੂੰ ਲੈ ਕੇ ਸ਼ਾਂਤਮਈ ਢੰਗ ਨਾਲ ਦਿੱਲੀ ਕੂਚ ਕਰ ਰਹੇ ਕਿਸਾਨਾਂ 'ਤੇ



ਕੇਂਦਰ ਦੀ ਭਾਜਪਾ ਸਰਕਾਰ ਤਸ਼ੱਦਦ ਢਾਹ ਕੇ ਅੱਤਵਾਦੀਆਂ ਵਰਗਾ ਸਲੂਕ ਕਰ ਰਹੀ ਹੈ। ਇਹ ਵਿਚਾਰ ਸਾਬਕਾ ਮੇਅਰ ਕਰਮਜੀਤ ਸਿੰਘ ਰਿੰਟੂ ਨੇ ਗੱਲਬਾਤ ਕਰਦਿਆਂ ਪ੍ਰਗਟਾਏ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੇਕਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਉਨ੍ਹਾਂ ਦੇ ਕਰਜ 'ਤੇ ਮੁਕੰਮਲ ਲਕੀਰ ਫੇਰ ਸਕਦੇ ਹਨ ਤਾਂ ਫਿਰ ਉਹ ਅਨਾਜ ਨਾਲ ਦੇਸ਼ ਦਾ ਭੰਡਾਰ ਭਰਨ ਵਾਲੇ ਕਿਸਾਨਾਂ ਨਾਲ ਵਿਤਕਰੇਬਾਜੀ ਕਿਉਂ ਕਰ ਰਹੇ ਹਨ। ਸਾਬਕਾ ਮੇਅਰ ਰਿੰਟੂ ਨੇ ਕਿਹਾ ਕਿ ਕੇਂਦਰ ਵਿਚਲੀ ਭਾਜਪਾ ਸਰਕਾਰ ਦੀ ਬੇਰੁਖੀ ਕਾਰਨ ਕਿਸਾਨ ਪਹਿਲਾਂ ਹੀ ਕਰਜੇ ਦੀ ਮਾਰ ਹੇਠ ਆਉਣ ਸਦਕਾ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ, ਕਿਉਂਕਿ ਆਰਥਿਕ ਸਥਿਤੀ ਵਿਗੜਨ ਕਾਰਨ ਉਨ੍ਹਾਂ ਦੇ ਹਾਲਾਤ ਦਿਨੋਂ ਦਿਨ ਡਾਵਾਂਡੋਲ ਹੋ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਦਿੱਲੀ 'ਚ ਲੰਮਾ ਸਮਾਂ ਅੰਦੋਲਨ ਕਰਨ ਵਾਲੇ ਕਿਸਾਨਾਂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਿਹੜੇ ਵਾਅਦੇ ਕਰ ਕੇ ਅੰਦੋਲਨ ਖਤਮ ਕਰਵਾਇਆ ਸੀ, ਜੇਕਰ ਉਹ ਸਭ ਵਾਅਦੇ ਸੰਜੀਦਗੀ ਨਾਲ ਪੂਰੇ ਕਰ ਦਿੱਤੇ ਹੁੰਦੇ ਤਾਂ ਅੱਜ ਮੁੜ ਕਿਸਾਨ ਭਾਈਚਾਰੇ ਨੂੰ ਸੰਘਰਸ਼ ਦਾ ਰਸਤਾ ਅਖਤਿਆਰ ਕਰਨ ਦੀ ਲੋੜ ਹੀ ਨਹੀਂ ਪੈਣੀ ਸੀ। ਉਨ੍ਹਾਂ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਲਈ ਦਿੱਲੀ ਕੂਚ ਕਰ ਰਹੇ ਕਿਸਾਨਾਂ ਦੇ ਰਾਹ ਰੋਕਣ ਲਈ ਹਰਿਆਣਾ ਦੀ ਸਰਹੱਦ 'ਤੇ ਕੇਂਦਰ ਸਰਕਾਰ ਨੇ ਜੋ ਹਾਲਾਤ ਪੈਦਾ ਕਰ ਦਿੱਤੇ ਹਨ, ਉਸ ਕਾਰਨ ਆਮ ਨਾਗਰਿਕ ਵੀ ਬੇਹੱਦ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਜਲਦ ਲੱਗਣ ਵਾਲੇ ਚੋਣ ਜਾਬਤੇ ਤੋਂ ਪਹਿਲਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਸਭ ਮੰਗਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।

### ਰੰਜਿਸ਼ ਦੇ ਚੱਲਦਿਆਂ ਚਚੇਰੇ ਭਰਾਵਾਂ 'ਤੇ ਦਾਤਰਾਂ ਨਾਲ ਹਮਲਾ

ਬਟਾਲਾ 20 ਫਰਵਰੀ। ਪਿੰਡ ਸੰਘੇੜਾ ਵਿਖੇ ਰੰਜਿਸ਼ ਤਹਿਤ ਚਚੇਰੇ ਭਰਾਵਾਂ 'ਤੇ ਦਾਤਰ ਨਾਲ ਹਮਲਾ ਕਰ ਕੇ ਗੰਭੀਰ ਜ਼ਖਮੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਸਿਵਲ ਹਸਪਤਾਲ ਵਿਚ ਜ਼ੇਰੇ ਇਲਾਜ ਹਰਪ੍ਰੀਤ ਸਿੰਘ ਪੁੱਤਰ ਵੀਰ ਸਿੰਘ ਵਾਸੀ ਪਿੰਡ ਸੰਘੇੜਾ ਨੇ ਦੱਸਿਆ ਕਿ ਸਾਡੀ ਗੁਆਂਢੀਆਂ ਨਾਲ ਪੁਰਾਣੀ ਰੰਜਿਸ਼ ਚਲਦੀ ਆ ਰਹੀ ਸੀ ਅਤੇ ਅੱਜ ਜਦੋਂ ਸਵੇਰੇ ਮੈਂ ਕੰਮ 'ਤੇ ਜਾਣ ਲਈ ਘਰੋਂ ਨਿਕਲਿਆ ਤਾਂ ਗੁਆਂਢੀਆਂ ਨੇ ਗਲੀ ਵਿਚ ਮੈਨੂੰ ਗਾਲੀ-ਗਲੋਚ ਕਰਨਾ ਸ਼ੁਰੂ ਕਰ ਦਿੱਤਾ ਅਤੇ ਸਬੰਧਤ ਵਿਅਕਤੀਆਂ ਜਿਨ੍ਹਾਂ ਦੀ ਗਿਣਤੀ 4 ਤੋਂ 5 ਸੀ, ਨੇ ਮੇਰੇ 'ਤੇ ਦਾਤਰਾਂ ਨਾਲ ਹਮਲਾ ਕਰ ਦਿੱਤਾ। ਇਹ ਸਭ ਦੇਖ ਮੇਰਾ ਚਚੇਰਾ ਭਰਾ ਨਵਪ੍ਰੀਤ ਸਿੰਘ ਪੁੱਤਰ ਤਰਸੇਮ ਸਿੰਘ ਮੈਨੂੰ ਛੁਡਵਾਉਣ ਲਈ ਅੱਗੇ ਆਇਆ ਤਾਂ ਸਬੰਧਤ ਵਿਅਕਤੀਆਂ ਨੇ ਉਸਦੇ ਵੀ ਦਾਤਰ ਮਾਰੇ, ਜਿਸ ਨਾਲ ਮੇਰੇ ਸਮੇਤ ਉਹ ਵੀ ਜ਼ਖਮੀ ਹੋ ਗਿਆ ਅਤੇ ਉਪਰੰਤ ਸਾਨੂੰ ਦੋਵਾਂ ਨੂੰ ਪਰਿਵਾਰ ਵਾਲਿਆਂ ਨੇ ਸਿਵਲ ਹਸਪਤਾਲ ਬਟਾਲਾ ਵਿਖੇ ਇਲਾਜ ਲਈ ਦਾਖਲ ਕਰਵਾਇਆ।

# ਸ਼ਰਾਬ ਠੇਕੇਦਾਰਾਂ ਲਈ ਅਹਿਮ ਖਬਰ, ਨਵੀਂ ਆਬਕਾਰੀ ਨੀਤੀ ਤਹਿਤ ਸਰਕਾਰ ਬਣਾ ਰਹੀ ਇਹ ਯੋਜਨਾ

ਜਲੰਧਰ 20 ਫਰਵਰੀ। ਸੂਬੇ ਦੇ ਸ਼ਰਾਬ ਠੇਕੇਦਾਰਾਂ ਨੇ ਨਵੀਂ ਆਬਕਾਰੀ ਨੀਤੀ ਤਹਿਤ ਮਾਲੀਏ ਵਿਚ 5 ਫੀਸਦੀ ਵਾਧੇ ਨਾਲ ਆਪਣੇ ਠੇਕੇ ਰਿਨਿਊ ਕਰਵਾਉਣ ਦਾ ਸਰਕਾਰ ਨੂੰ ਪ੍ਰਸਤਾਵ ਦਿੱਤਾ ਹੈ। ਠੇਕੇਦਾਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਪਿਛਲੇ ਸਾਲ ਵੱਡੀ ਗਿਣਤੀ 'ਚ ਸ਼ਰਾਬ ਦੇ ਠੇਕਿਆਂ ਨੂੰ ਰਿਨਿਊ ਕਰ ਦਿੱਤਾ ਸੀ। ਇਸ ਨਾਲ ਇਕ ਤਾਂ ਸਰਕਾਰ ਨੂੰ ਲੋੜੀਂਦੀ ਮਾਤਰਾ ਵਿਚ ਮਾਲੀਆ ਮਿਲ ਗਿਆ ਸੀ ਅਤੇ ਦੂਜੇ ਪਾਸੇ ਠੇਕੇਦਾਰਾਂ ਨੂੰ ਵੀ ਵਿੱਤੀ ਨੁਕਸਾਨ ਤੋਂ ਰਾਹਤ ਮਿਲ ਗਈ ਸੀ। ਠੇਕੇਦਾਰਾਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਨਵੀਂ ਆਬਕਾਰੀ ਨੀਤੀ ਬਣਾਉਣ 'ਚ ਲੱਗੀ ਹੋਈ ਹੈ। ਅਜਿਹੀ ਹਾਲਤ 'ਚ ਸਰਕਾਰ ਜਿੱਥੇ ਇਕ ਪਾਸੇ ਆਪਣਾ ਮਾਲੀਆ ਵਧਾਉਣ ਦੀ ਇੱਛੁਕ ਹੈ, ਉੱਥੇ ਹੀ ਦੂਜੇ ਪਾਸੇ ਠੇਕੇਦਾਰ ਵੀ ਸਰਕਾਰ ਨੂੰ 5 ਫੀਸਦੀ ਦਾ ਵਾਧਾ ਦੇਣ ਲਈ ਤਿਆਰ ਹਨ। ਜੇ ਸਰਕਾਰ ਅਜਿਹਾ ਕਰਦੀ ਹੈ ਤਾਂ ਉਸ ਨੂੰ ਤਾਂ ਲਾਭ ਹੋਵੇਗਾ ਹੀ, ਨਾਲ ਹੀ ਠੇਕੇਦਾਰਾਂ ਨੂੰ ਹੋਰ ਗਰੁੱਪਾਂ ਵਿਚ ਜਾ ਕੇ ਕੰਮ ਕਰਨ 'ਚ ਹੋਣ ਵਾਲੇ ਨੁਕਸਾਨ ਤੋਂ ਵੀ ਰਾਹਤ ਮਿਲ ਜਾਵੇਗੀ ਕਿਉਂਕਿ ਇਸ ਵੇਲੇ ਠੇਕੇਦਾਰਾਂ ਨੇ ਸ਼ਰਾਬ ਦੇ ਕਾਰੋਬਾਰ ਸਬੰਧੀ ਆਪਣਾ ਢਾਂਚਾ ਅਤੇ ਆਧਾਰ ਪਹਿਲਾਂ ਹੀ ਤਿਆਰ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਹੋਰ ਗਰੁੱਪਾਂ ਵਿਚ ਅਲਾਟਮੈਂਟ ਹੁੰਦੀ ਹੈ ਤਾਂ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਜਾ ਕੇ ਢਾਂਚਾ ਅਤੇ ਆਧਾਰ ਤਿਆਰ ਕਰਨਾ ਪਵੇਗਾ, ਜਿਸ ਨਾਲ ਪੈਸਿਆਂ ਦੀ ਬਰਬਾਦੀ ਹੋਵੇਗੀ। ਠੇਕੇਦਾਰ ਚਾਹੁੰਦੇ ਹਨ ਕਿ ਸਰਕਾਰ ਪ੍ਰਤੀ ਬੋਤਲ 50 ਰੁਪਏ ਦਾ ਵਾਧਾ ਕਰ ਲਵੇ। ਦੇਸੀ ਬੋਤਲ ਦੀ ਕੀਮਤ ਵਿਚ 20 ਰੁਪਏ ਅਤੇ ਬੀਅਰ ਦੀ ਬੋਤਲ ਵਿਚ 30 ਰੁਪਏ ਦਾ ਵਾਧਾ ਹੋਣ ਨਾਲ ਸਰਕਾਰ ਦੇ ਹਿੱਤ ਵੀ ਸੁਰੱਖਿਅਤ ਰਹਿਣਗੇ ਅਤੇ ਸ਼ਰਾਬ ਠੇਕੇਦਾਰਾਂ ਦੇ ਵੀ। ਇਸ ਵੇਲੇ ਸੂਬੇ ਦੇ ਲਗਭਗ 60 ਫੀਸਦੀ ਠੇਕੇਦਾਰ ਆਪਣਾ ਕਾਰੋਬਾਰ ਰਿਨਿਊ ਕਰਵਾਉਣ ਦੇ ਇੱਛੁਕ ਹਨ। ਠੇਕੇਦਾਰ ਇਹ ਵੀ ਮੰਨਦੇ ਹਨ ਕਿ ਸਰਕਾਰ ਨੂੰ ਨਵੀਂ ਆਬਕਾਰੀ ਨੀਤੀ 'ਚ ਮੌਜੂਦਾ ਠੇਕੇਦਾਰਾਂ ਨੂੰ ਉਕਤ ਰਾਹਤ ਦੇਣੀ ਚਾਹੀਦੀ ਹੈ। ਠੇਕੇ ਰਿਨਿਊ ਹੋਣ ਨਾਲ ਠੇਕੇਦਾਰਾਂ ਦਾ 1 ਤੋਂ 2 ਫੀਸਦੀ ਮਾਰਜਨ ਬਚ ਜਾਵੇਗਾ। ਪਹਿਲਾਂ ਹੀ ਸ਼ਰਾਬ ਦੇ ਕਾਰੋਬਾਰ ਵਿਚ ਮੁਕਾਬਲਾ ਕਾਫੀ ਵਧ ਚੁੱਕਾ ਹੈ। ਇਸ ਲਈ ਨਵੀਂ ਆਬਕਾਰੀ ਨੀਤੀ ਠੇਕੇਦਾਰਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਜਾਣੀ ਚਾਹੀਦੀ ਹੈ।

# ਕੇਸ਼ੋਪੁਰ ਛੰਬ ਨੂੰ ਵਿਕਸਤ ਕਰਨ ਦੇ ਨਾਲ ਪੰਛੀਆਂ ਦੇ ਅਨੁਕੂਲ ਮਹੌਲ ਸਿਰਜਿਆ ਜਾਵੇਗਾ: ਮੰਤਰੀ ਕਟਾਰੂਚੱਕ

ਸਰਦੂਲ ਸਿੰਘ

ਕੇਸ਼ੋਪੁਰ ਛੰਬ/ਗੁਰਦਾਸਪੁਰ 20 ਫਰਵਰੀ। ਪੰਜਾਬ ਸਰਕਾਰ ਵੱਲੋਂ ਦੇਸ ਦੇ ਪਹਿਲੇ ਕਮਿਊਨਿਟੀ ਰਿਜਰਵ ਕੇਸ਼ੋਪੁਰ ਛੰਬ (ਗੁਰਦਾਸਪੁਰ) ਵਿਖੇ ਅੱਜ 5ਵਾਂ ਰਾਜ ਪੱਧਰੀ 'ਪੰਛੀਆਂ ਦਾ ਉਤਸਵ' ਮਨਾਇਆ ਗਿਆ। ਇਸ ਰਾਜ ਪੱਧਰੀ ਸਮਾਗਮ ਦੀ ਪ੍ਰਧਾਨਗੀ ਸੂਬੇ ਦੇ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ ਦੇ ਚੇਅਰਮੈਨ ਰਮਨ ਬਹਿਲ, ਉੱਘੇ ਜਨਤਕ ਆਗੂ ਅਤੇ ਆਪ ਦੇ ਜ?ਿਲਾ ਸਹਿਰੀ ਪ੍ਰਧਾਨ ਸਮਸੇਰ ਸਿੰਘ, ਵਧੀਕ ਡਿਪਟੀ ਕਮਿਸਨਰ ਸੁਭਾਸ ਚੰਦਰ, ਐੱਸ.ਐੱਸ.ਪੀ. ਹਰੀਸ ਦਾਯਮਾ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਅਧਿਕਾਰੀ ਆਰ.ਕੇ. ਮਿਸਰਾ, ਧਰਮਿੰਦਰ ਸਰਮਾ, ਸ੍ਰੀਮਤੀ ਪ੍ਰੀਤਮਾ ਸ੍ਰੀਵਾਸਤਵ, ਗੀਤਾਂਜਲੀ ਕਨਵਰ ਤੋਂ ਇਲਾਵਾ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜਰ ਸਨ। ਪੰਛੀਆਂ ਦੇ ਉਤਸਵ ਦੀ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਜ?ਿਲ੍ਹਾ ਗੁਰਦਾਸਪੁਰ ਦੇ 5 ਪਿੰਡਾਂ ਕੇਸ਼ੋਪੁਰ, ਡਾਲਾ, ਮਿਆਣੀ, ਮਟਵਾ ਅਤੇ ਮਗਰ ਮੂੰਦੀਆਂ ਦੀ 850 ਏਕੜ ਵਿੱਚ ਫੈਲੀ ਇਹ ਛੰਬ ਪ੍ਰਵਾਸੀ ਪੰਛੀਆਂ ਲਈ ਪਰਵਾਸ ਦਾ ਸਭ ਤੋਂ ਖੂਬਸੂਰਤ ਠਿਕਾਣਾ ਹੈ ਅਤੇ ਹਰ ਸਾਲ ਸਾਇਬੇਰੀਆ, ਰੂਸ, ਚੀਨ, ਮੱਧ ਏਸੀਆ ਦੇ ਮੁਲਕਾਂ ਤੋਂ ਸਰਦੀਆਂ ਦੇ ਮੌਸਮ ਵਿੱਚ ਹਜਾਰਾਂ ਮੀਲਾਂ ਦਾ ਫਾਸਲਾ ਤਹਿ ਕਰਕੇ ਇਹ ਪੰਛੀ ਕੇਸ਼ੋਪੁਰ ਛੰਬ ਵਿੱਚ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਿਮਾਨ ਪੰਛੀਆਂ ਨੂੰ ਉਨ੍ਹਾਂ ਦੇ ਅਨੁਕੂਲ ਵਾਤਾਵਰਨ ਅਤੇ ਮਾਹੌਲ ਮੁਹੱਈਆ ਕਰਵਾਉਣਾ ਸਾਡਾ ਫਰਜ ਹੈ ਅਤੇ ਪੰਜਾਬ ਸਰਕਾਰ ਵੱਲੋਂ ਇਸ ਦਿਸਾ ਵਿੱਚ ਵਿਸੇਸ ਉੱਪਰਾਲੇ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਅੰਦਰ ਸੈਰ ਸਪਾਟਾ ਲਈ ਅਥਾਹ ਸਮਰੱਥਾ ਹੈ ਜਿਸ ਨੂੰ ਵਰਤਿਆ ਨਹੀਂ ਗਿਆ ਅਤੇ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀ ਇਹੋ ਕੋਸ?ਿਸ ਹੈ ਕਿ ਸੈਰ ਸਪਾਟਾ ਲਈ ਮੌਜੂਦ ਅਸੀਮ ਸੰਭਾਵਨਾਵਾਂ ਨੂੰ ਸੈਲਾਨੀਆਂ ਲਈ ਵਰਤਿਆ ਜਾਵੇ। ਉਨ੍ਹਾਂ ਕਿਹਾ ਕਿ ਕੇਸ਼ੋਪੁਰ ਛੰਬ ਵਿਖੇ ਜੰਗਲੀ ਜੀਵ ਫੋਟੋਗਰਾਫਰਾਂ ਅਤੇ ਪੰਛੀ ਪ੍ਰੇਮੀ ਸੈਲਾਨੀਆਂ ਲਈ ਵਾਤਾਵਰਣ ਅਨੁਸਾਰ (ਈਕੋ ਫਰੈਂਡਲੀ) ਟਾਵਰ ਲਗਾਏ ਗਏ ਹਨ। ਇਸ ਦੇ ਨਾਲ ਹੀ ਇੱਥੇ 40 ਲੱਖ ਰੁਪਏ ਖਰਚ ਕਰਕੇ ਛੰਬ ਦਾ ਹੋਰ ਵਿਕਾਸ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਛੰਬ ਦੇ ਵਿਆਖਿਆ ਕੇਂਦਰ ਨੂੰ ਡਿਜੀਟਲ ਕੀਤਾ ਜਾਵੇਗਾ ਅਤੇ ਇੱਥੇ ਆਉਂਦੇ ਸਾਰੇ ਪ੍ਰਵਾਸੀ ਪੰਛੀਆਂ ਬਾਰੇ ਮੁਕੰਮਲ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਵਿਆਖਿਆ ਕੇਂਦਰ ਵਿੱਚ ਚਾਰ ਕਨਾਲ ਵਿੱਚ ਤਲਾਬ ਤਿਆਰ ਕਰਕੇ ਉਸ ਵਿੱਚ ਸੈਲਾਨੀਆਂ ਲਈ ਬੋਟਿੰਗ ਸੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਆਖਿਆ ਕੇਂਦਰ ਵਿੱਚ ਗੈਲਰੀ ਨੂੰ ਤਿਆਰ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਗਜ਼ੀਬੋ ਵੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਏਥੇ ਆਉਣ ਵਾਲੇ ਦਰਸਕਾਂ ਲਈ ਵੇਰਕਾ ਦਾ



ਬੂਥ ਵੀ ਸਥਾਪਤ ਕੀਤਾ ਗਿਆ ਹੈ। ਕੈਬਨਿਟ ਮੰਤਰੀ ਕਟਾਰੂਚੱਕ ਨੇ ਕਿਹਾ ਕਿ ਸਾਡਾ ਨਿਸਾਨਾ ਪੰਜਾਬ ਦੀਆਂ ਜਲਗਾਹਾਂ ਨੂੰ ਸੈਰ ਸਪਾਟਾ ਦੇ ਨਕਸੇ ਉੱਪਰ ਲੈ ਕੇ ਆਉਣਾ ਹੈ, ਜਿਸ ਲਈ ਸੈਲਾਨੀਆਂ ਅਨੁਸਾਰ ਮਾਹੌਲ ਸਿਰਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੈਲਾਨੀਆਂ ਦੇ ਠਹਿਰਨ ਲਈ ਆਰਜੀ ਟੈਂਟਾਂ ਦੀ ਰਿਹਾਇਸ ਦਾ ਪ੍ਰਬੰਧ ਕੀਤਾ ਜਾਵੇਗਾ ਜਿਸ ਨਾਲ ਸੈਰ ਸਪਾਟਾ ਨੂੰ ਵੱਡਾ ਹੁਲਾਰਾ ਮਿਲੇਗਾ। ਲਾਲ ਚੰਦ ਕਟਾਰੂਚੱਕ ਨੇ ਕੇਸ਼ੋਪੁਰ ਛੰਬ ਲਈ 850 ਏਕੜ ਜਮੀਨ ਦੇਣ ਵਾਲੇ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰਦਾਸਪੁਰ ਨੂੰ ਸੈਰ ਸਪਾਟਾ ਵਜੋਂ ਵਿਕਸਿਤ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਤੇ ਸਮੂਹਿਕ ਸਹਿਯੋਗ ਨਾਲ ਇਸ ਛੰਬ ਨੂੰ ਪ੍ਰਫੁਲਿਤ ਕੀਤਾ ਜਾਵੇਗੀ। ਇਸ ਤੋਂ ਬਾਅਦ ਉਨ੍ਹਾਂ ਕੇਸ਼ੋਪੁਰ ਛੰਬ ਦਾ ਦੌਰਾ ਕਰਕੇ ਪ੍ਰਵਾਸੀ ਪੰਛੀਆਂ ਨੂੰ ਵੀ ਦੇਖਿਆ ਅਤੇ ਵਿਆਖਿਆ ਕੇਂਦਰ ਲਗਾਈਆਂ ਗਈਆਂ ਪ੍ਰਦਰਸਨੀਆਂ ਨੂੰ ਵੀ ਦੇਖਿਆ। ਇਸ ਮੌਕੇ ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਅਤੇ ਜ?ਿਲ੍ਹਾ ਪ੍ਰਧਾਨ ਸ੍ਰੀ ਸਮਸੇਰ ਸਿੰਘ ਨੇ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਕੇਸ਼ੋਪੁਰ ਛੰਬ ਵਿਖੇ ਪੰਛੀਆਂ ਦਾ ਉਤਸਵ ਕਰਵਾ ਕੇ ਇਸ ਨਾਯਾਬ ਕੁਦਰਤੀ ਤੋਹਫੇ ਨੂੰ ਪ੍ਰਫੁੱਲਿਤ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਸ਼ੋਪੁਰ ਛੰਬ ਦੇ ਵਿਸਥਾਰ ਨਾਲ ਗੁਰਦਾਸਪੁਰ ਅੰਦਰ ਸੈਲਾਨੀਆਂ ਦੀ ਆਮਦ ਨੂੰ ਹੁਲਾਰਾ ਮਿਲੇਗਾ ਅਤੇ ਇੱਥੇ ਸੈਰ ਸਪਾਟਾ ਵਧਣ ਨਾਲ ਇਲਾਕੇ ਤੇ ਸਹਿਰ ਵਾਸੀਆਂ ਨੂੰ ਆਰਥਿਕ ਤੌਰ 'ਤੇ ਵੱਡਾ ਲਾਭ ਮਿਲੇਗਾ। ਇਸ ਮੌਕੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਅਧਿਕਾਰੀ ਸ੍ਰੀ ਆਰ.ਕੇ. ਮਿਸਰਾ ਅਤੇ ਸ੍ਰੀ ਧਰਮਿੰਦਰ ਧਰਮਾਂ ਨੇ ਵਿਭਾਗ ਵੱਲੋਂ ਕੇਸ਼ੋਪੁਰ ਛੰਬ ਦੇ ਵਿਕਾਸ ਅਤੇ ਸੂਬੇ ਭਰ ਵਿੱਚ ਜੰਗਲੀ ਜੀਵ ਸੁਰੱਖਿਆ ਵਿਭਾਗ ਵੱਲੋਂ ਕੀਤੇ ਜਾ ਰਹੇ ਕਾਰਜਾਂ ਉੱਪਰ ਵਿਸਥਾਰ ਵਿੱਚ ਚਾਨਣਾ ਪਾਇਆ। ਇਸ ਤੋਂ ਪਹਿਲਾਂ ਸਰਕਾਰੀ ਕਾਲਜ ਗੁਰਦਾਸਪੁਰ ਦੀਆਂ ਵਿਦਿਆਰਥਣਾਂ ਕਿਰਨਪ੍ਰੀਤ ਕੌਰ ਅਤੇ ਮੰਨਤ ਮਹਾਜਨ, ਸਰਕਾਰੀ ਪ੍ਰਾਇਮਰੀ ਸਕੂਲ ਲੇਹਲ ਦੀਆਂ ਵਿਦਿਆਰਥਣਾਂ ਜੀਵਕਾ ਤੇ ਪਲਕ ਨੇ ਪੰਛੀਆਂ ਅਤੇ ਵਾਤਾਵਰਨ ਬਾਰੇ ਆਪਣੇ ਵਿਚਾਰ ਪੇਸ ਕੀਤੇ। ਸਮਾਗਮ ਦੇ ਅਖੀਰ ਵਿੱਚ ਆਏ ਮਹਿਮਾਨਾਂ ਤੇ ਬੁਲਾਰਿਆਂ ਨੂੰ ਵਿਸੇਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਸ੍ਰੀ ਪਰਮਜੀਤ ਸਿੰਘ ਡੀ.ਐੱਫ.ਓ. ਵਾਇਲਡ ਲਾਈਫ ਪਠਾਨਕੋਟ, ਸ੍ਰੀ ਅਟਲ ਮਹਾਜਨ ਡੀ.ਐੱਫ.ਓ. ਗੁਰਦਾਸਪੁਰ, ਸ੍ਰੀ ਰਾਜੇਸ ਮਹਾਜਨ ਆਈ.ਐੱਫ.ਐੱਸ. ਡੀ.ਐੱਫ.ਓ. ਹੁਸ?ਿਆਰਪੁਰ, ਸ੍ਰੀ ਲਖਵਿੰਦਰ ਸਿੰਘ ਡੀ.ਐੱਫ.ਓ. ਫ?ਿਰੋਜਪੁਰ ਤੋਂ ਇਲਾਵਾ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਵੀ ਹਾਜਰ ਸਨ।